12ਵਾਂ ਸਾਲ

ਦੇਸ਼ ਦੁਆਬਾ

ਹਫਤਾਵਾਰੀ

VOL -12 ISSUE -51
March 27, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵੱਲੋਂ ਤੀਜਾ ਮਹਾਨ ਨਗਰ ਕੀਰਤਨ 7 ਅਪ੍ਰੈਲ 2024 ਨੂੰ। *(ਹੋਰ ਜਾਣਕਾਰੀ ਲਈ ਅੰਦਰ ਇਸ਼ਤਿਹਾਰ ਦੇਖੋ ਜਾਂ ਸਬੰਧਤ ਸਭਾ ਨਾਲ ਸੰਪਰਕ ਕਰੋ ਜੀ।)*



ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਤੇ 'ਦੇਸ਼ ਦੁਆਬਾ' ਵੱਲੋਂ ਕੋਟਿਨ-ਕੋਟਿ ਪ੍ਰਣਾਮ। *(ਸਬੰਧਤ ਸੰਪਾਦਕੀ ਅੰਦਰ ਦੇਖੋ)*

# ਮਾਲ ਨਾਲ ਲੱਦਿਆ ਸਮੁੰਦਰੀ ਜਹਾਜ ਪੁਲ ਨਾਲ ਟਕਰਾਇਆ



**ਬਾਲਟੀਮੋਰ (ਬਿਊਰੋ)–** ਅਮਰੀਕਾ ਦੇ ਮੈਰੀਲੈਂਡ ਸੂਬੇ ਦੇ ਬਾਲਟੀਮੋਰ 'ਚ ਕੰਟੇਨਰਾਂ ਨਾਲ ਲੱਦਿਆ ਸਮੁੰਦਰੀ ਬੇੜਾ ਇੱਥੋਂ ਦੇ ਇੱਕ ਅਹਿਮ ਪੁਲ ਨਾਲ ਟਕਰਾ ਗਿਆ। ਇਸ ਘਟਨਾ ਵਿੱਚ ਪੁਲ ਢਹਿ ਗਿਆ ਤੇ ਕਈ ਗੱਡੀਆਂ ਨਦੀ 'ਚ ਡਿੱਗ ਗਈਆਂ। ਬਚਾਅ ਕਰਮੀ ਨਦੀ 'ਚ ਡਿੱਗੇ ਘੱਟੋ ਘੱਟ ਸੱਤ ਵਿਅਕਤੀਆਂ ਦੀ ਭਾਲ ਕਰ ਰਹੇ ਹਨ। ਮੈਰੀਲੈਂਡ ਦੇ ਗਵਰਨਰ ਨੇ ਕਿਹਾ ਕਿ ਜਹਾਜ਼ ਦੇ ਚਾਲਕ ਦਲ ਵਿਚ 22 ਜਣੇ ਸੀ ਜੋ ਸਾਰੇ ਭਾਰਤੀ ਸਨ। ਸਮੁੰਦਰੀ ਜਹਾਜ਼ ਦੇ ਪੁਲ ਨਾਲ ਟਕਰਾਉਣ ਤੋਂ ਪਹਿਲਾਂ ਫੋਨ ਕਾਲ ਕੀਤੀ ਗਈ ਸੀ ਜਿਸ ਵਿਚ ਅਧਿਕਾਰੀਆਂ ਨੂੰ ਪੁਲ 'ਤੇ ਵਾਹਨਾਂ ਦੀ ਆਵਾਜਾਈ ਨੂੰ ਸੀਮਤ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਹ ਜਹਾਜ਼ ਬਹੁਤ ਤੇਜ਼ ਰਫ਼ਤਾਰ ਨਾਲ ਪੁਲ ਵੱਲ ਵਧ ਰਿਹਾ ਸੀ ਪਰ ਅਧਿਕਾਰੀਆਂ ਦੀ ਚੌਕਸੀ ਕਾਰਨ ਵੱਡਾ ਹਾਦਸਾ ਟਲ ਗਿਆ। ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ ਕੀਤੀ ਗਈ ਇੱਕ ਵੀਡੀਓ ਅਨੁਸਾਰ ਇਹ ਬੇੜਾ ਫਰਾਂਸਿਸ ਸਕਾਟ ਦੇ ਪੁਲ ਦੇ ਇੱਕ ਪਿੱਲਰ ਨਾਲ ਟਕਰਾ ਗਿਆ ਜਿਸ ਕਾਰਨ ਪੁਲ ਢਹਿ ਕੇ ਪਾਣੀ ਵਿੱਚ ਡਿੱਗ ਗਿਆ। ਇਸ ਹਾਦਸੇ 'ਚ ਬੇੜੇ ਨੂੰ ਵੀ ਅੱਗ ਲੱਗ ਗਈ।

# ਅਕਾਲੀ ਦਲ ਅਤੇ ਭਾਜਪਾ ਦੇ ਵੱਖ ਹੋਣ ਬਾਅਦ ਭਖਿਆ ਪੰਜਾਬ ਦਾ ਚੋਣ ਮੈਦਾਨ

## ਦੋ ਦਿਨਾਂ 'ਚ ਦੋ ਐਮ. ਪੀ. ਚਲੇ ਗਏ ਭਾਜਪਾ ਦੇ ਪਾਲੇ 'ਚ, ਆਪ ਅਤੇ ਕਾਂਗਰਸ ਦੀ ਵਧੀ ਦੁਬਿਧਾ

**ਨਵੀਂ ਦਿੱਲੀ (ਬਿਊਰੋ)–** ਦੁਆਬੇ ਦੀ ਜਲੰਧਰ ਸੀਟ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਰਿੰਕੂ ਨੇ ਅੱਜ ਆਮ ਆਦਮੀ ਪਾਰਟੀ ਨੂੰ ਅਲਵਿਦਾ ਆਖ ਦਿੱਤਾ ਅਤੇ ਭਾਜਪਾ 'ਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਪਾਰਟੀ ਦੇ ਕੌਮੀ ਜਨਰਲ ਸਕੱਤਰ ਵਿਨੋਦ ਤਾਵੜੇ ਅਤੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਦੀ ਮੌਜੂਦਗੀ ਵਿੱਚ ਇੱਥੇ ਹੈੱਡਕੁਆਰਟਰ ਵਿੱਚ ਭਾਜਪਾ ਵਿੱਚ ਸ਼ਾਮਲ ਕੀਤਾ ਗਿਆ। ਇਸ ਦੌਰਾਨ ਜਲੰਧਰ ਪੱਛਮੀ ਤੋਂ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਵੀ ਭਾਜਪਾ 'ਚ ਸ਼ਾਮਲ ਹੋ ਗਏ ਹਨ। ਇਸ ਤੋਂ ਪਹਿਲਾਂ ਦਿਨ 'ਚ ਅੰਗੁਰਾਲ ਨੇ ਫੇਸਬੁੱਕ 'ਤੇ ਇਕ ਪੋਸਟ 'ਚ ਕਿਹਾ ਸੀ ਕਿ ਉਹ 'ਆਪ' ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਅਸਤੀਫਾ ਦੇ ਰਹੇ ਹਨ। ਰਿੰਕੂ ਕਾਂਗਰਸ ਛੱਡ ਕੇ ਆਪ 'ਚ ਸ਼ਾਮਲ ਹੋਏ ਸਨ। ਲੋਕ ਸਭਾ ਚੋਣਾਂ ਦੌਰਾਨ ਭਾਜਪਾ ਉਨ੍ਹਾਂ ਨੂੰ ਜਲੰਧਰ ਤੋਂ ਉਮੀਦਵਾਰ ਬਣਾ ਸਕਦੀ ਹੈ। ਉਹ ਜਲੰਧਰ ਤੋਂ ਇਸ ਵੇਲੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਨ। ਹਾਲੇ ਬੀਤੇ ਦਿਨ ਹੀ ਕਾਂਗਰਸ ਦੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਵੀ ਭਾਜਪਾ 'ਚ ਚਲੇ ਗਏ ਹਨ।





ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਨਾ ਕਰਨ ਦੇ ਐਲਾਨ ਤੋਂ ਬਾਅਦ ਹੁਣ ਬਠਿੰਡਾ ਲੋਕ ਸਭਾ ਹਲਕੇ ਤੋਂ ਬਾਦਲ ਪਰਿਵਾਰ ਖ਼ਿਲਾਫ਼ ਉਹੀ ਆਗੂ ਉਨ੍ਹਾਂ ਦਾ ਵਿਰੋਧ ਕਰਨਗੇ ਜਿਨ੍ਹਾਂ ਦੇ ਉਪਰਾਲਿਆਂ ਸਦਕਾ ਹਰਸਿਮਰਤ ਕੌਰ ਬਾਦਲ ਲਗਾਤਾਰ ਤਿੰਨ ਵਾਰ ਇਸ ਸੀਟ ਤੋਂ ਸੰਸਦ ਮੈਂਬਰ ਰਹੇ ਸਨ। ਇਹ ਆਗੂ ਬਾਦਲ ਪਰਿਵਾਰ ਦੇ ਨਜ਼ਦੀਕੀ ਮੰਨੇ ਜਾਂਦੇ ਰਹੇ ਹਨ ਅਤੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਤੋਂ ਅਕਾਲੀ ਦਲ ਵੱਲੋਂ ਚੋਣਾਂ ਲੜਦੇ ਰਹੇ ਹਨ। ਵੇਰਵਿਆਂ ਅਨੁਸਾਰ ਭਾਜਪਾ ਦੀ ਪੰਜਾਬ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਜਗਦੀਪ ਸਿੰਘ ਨਕੱਈ, ਸੁਖਬੀਰ ਸਿੰਘ ਬਾਦਲ ਦੇ ਸਹਿਪਾਠੀ ਰਹੇ ਹਨ ਅਤੇ ਮਾਨਸਾ ਜ਼ਿਲ੍ਹੇ ਦੇ ਜੋਗਾ ਵਿਧਾਨ ਸਭਾ ਹਲਕੇ ਤੋਂ ਚੋਣ ਜਿੱਤਦੇ ਰਹੇ ਹਨ। ਉਹ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਹੋ ਕੇ ਭਾਜਪਾ ਵਿੱਚ ਚਲੇ ਗਏ ਸਨ। ਇਸ ਵੇਲੇ ਉਨ੍ਹਾਂ ਦਾ ਨਾਮ ਬਠਿੰਡਾ ਸੰਸਦੀ ਸੀਟ ਤੋਂ ਭਾਜਪਾ ਦੇ ਸੰਭਾਵੀ ਉਮੀਦਵਾਰਾਂ ਦੀ ਪਹਿਲੀ ਕਤਾਰ ਦੇ ਆਗੂਆਂ ਵਿੱਚ ਆਉਂਦਾ ਹੈ।

ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਠਿੰਡਾ ਵਿਧਾਨ ਸਭਾ ਸੀਟ ਤੋਂ ਵਿਧਾਇਕ ਰਹੇ ਸਰੂਪ ਚੰਦ ਸਿੰਗਲਾ ਇਸ ਵੇਲੇ ਭਾਜਪਾ ਦੀ ਸਿਖ਼ਰਲੀ ਟੀਮ ਹੇਠ ਕੰਮ ਰਹੇ ਹਨ ਅਤੇ ਉਨ੍ਹਾਂ ਨੇ ਵੀ ਭਾਜਪਾ ਵੱਲੋਂ ਬਠਿੰਡਾ ਤੋਂ ਚੋਣ ਲੜਨ ਦਾ ਬਕਾਇਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਭਾਜਪਾ ਨੇ ਉਨ੍ਹਾਂ ਨੂੰ ਮੈਦਾਨ ਵਿੱਚ ਉਤਾਰਿਆ ਤਾਂ ਉਹ ਬਠਿੰਡਾ ਤੋਂ ਬਾਦਲ ਪਰਿਵਾਰ ਖ਼ਿਲਾਫ਼ ਚੋਣ ਲੜਨ ਤੋਂ ਪਿੱਛੇ ਨਹੀਂ ਹਟਣਗੇ। ਉਧਰ ਮਾਨਸਾ ਤੋਂ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਅਤੇ ਜ਼ਿਲ੍ਹਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਮੁਨੀਸ਼ ਕੁਮਾਰ ਬੱਬੀ ਦਾਨੇਵਾਲੀਆ, ਜੋ ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਵਿੱਚ ਹੁੰਦਿਆਂ ਬੀਬਾ ਬਾਦਲ ਦੀ ਚੋਣ ਲਈ ਦਿਨ-ਰਾਤ ਜੁੱਟੇ ਰਹਿੰਦੇ ਸਨ, ਹੁਣ ਭਾਜਪਾ ਦੇ ਚੋਣ ਜਲਸਿਆਂ 'ਚ ਕੁੱਦਣ ਲਈ ਕਾਹਲੇ ਹਨ।

# ਕੇਜਰੀਵਾਲ ਨੇ ਅਦਾਲਤ 'ਚ ਕਿਹਾ– ਗ੍ਰਿਫਤਾਰੀ ਦਾ ਆਧਾਰ ਬੇਕਾਰ



**ਨਵੀਂ ਦਿੱਲੀ (ਬਿਊਰੋ)** ਆਬਕਾਰੀ ਘੁਟਾਲੇ ਨਾਲ ਜੁੜੇ ਕਥਿਤ ਮਨੀ ਲਾਂਡਰਿੰਗ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਦਿੱਲੀ ਹਾਈਕੋਰਟ 'ਚ ਸੁਣਵਾਈ ਸ਼ੁਰੂ ਹੋ ਗਈ ਹੈ। ਦਿੱਲੀ ਦੇ ਮੁੱਖ ਮੰਤਰੀ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਗ੍ਰਿਫਤਾਰੀ ਅਤੇ ਨਜ਼ਰਬੰਦੀ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਹੈ।

ਕੇਜਰੀਵਾਲ ਨੇ ਉਸਦੀ ਗ੍ਰਿਫਤਾਰੀ ਅਤੇ ਬਾਅਦ ਵਿੱਚ ਉਸਨੂੰ ਈਡੀ ਦੀ ਹਿਰਾਸਤ ਵਿੱਚ ਭੇਜਣ ਦੇ ਆਦੇਸ਼ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ ਅਤੇ ਉਸਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ। ਐਨਫੋਰਸਮੈਂਟ ਡਾਇਰੈਕਟੋ-ਰੇਟ (ਈਡੀ) ਨੇ ਦਿੱਲੀ ਹਾਈ ਕੋਰਟ ਵੱਲੋਂ ਗ੍ਰਿਫਤਾਰੀ ਤੋਂ ਅੰਤਰਿਮ ਰਾਹਤ ਦੇਣ ਤੋਂ ਇਨਕਾਰ ਕਰਨ ਤੋਂ ਕੁਝ ਘੰਟਿਆਂ ਬਾਅਦ 21 ਮਾਰਚ ਨੂੰ ਅਰਵਿੰਦ ਕੇਜਰੀਵਾਲ ਨੂੰ ਉਨ੍ਹਾਂ ਦੇ ਘਰ ਤੋਂ ਗ੍ਰਿਫਤਾਰ ਕਰ ਲਿਆ ਸੀ।

22 ਮਾਰਚ ਨੂੰ ਈਡੀ ਨੇ ਕੇਜਰੀਵਾਲ ਨੂੰ ਰਾਊਸ ਐਵੇਨਿਊ ਸਥਿਤ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਕੀਤਾ ਸੀ ਅਤੇ 10 ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ ਸੀ। ਈਡੀ ਦੀ ਬੇਨਤੀ 'ਤੇ ਅਦਾਲਤ ਨੇ ਕੇਜਰੀਵਾਲ ਨੂੰ 28 ਮਾਰਚ ਤੱਕ ਈਡੀ ਦੀ ਹਿਰਾਸਤ 'ਚ ਭੇਜ ਦਿੱਤਾ ਸੀ। ਰਿਮਾਂਡ ਦੀ ਮੰਗ ਕਰਦੇ ਹੋਏ ਈਡੀ ਨੇ ਕੇਜਰੀਵਾਲ ਨੂੰ ਮਾਮਲੇ ਦਾ ਮੁੱਖ ਸਾਜ਼ਿਸ਼ਕਰਤਾ ਦੱਸਿਆ ਹੈ। ਇਹ ਵੀ ਦੋਸ਼ ਹੈ ਕਿ ਦੱਖਣੀ ਗਰੁੱਪ ਦੇ ਸ਼ਰਾਬ ਕਾਰੋਬਾਰੀਆਂ ਨੂੰ ਫਾਇਦਾ ਪਹੁੰਚਾਉਣ ਲਈ ਨੀਤੀ ਵਿੱਚ ਬਦਲਾਅ ਕੀਤਾ ਗਿਆ ਅਤੇ ਬਦਲੇ ਵਿੱਚ 100 ਕਰੋੜ ਰੁਪਏ ਦੀ ਰਿਸ਼ਵਤ ਲਈ ਗਈ। ਰਿਸ਼ਵਤ ਦੇ ਰੂਪ ਵਿੱਚ ਲਏ ਪੈਸੇ ਦੀ ਵਰਤੋਂ ਗੋਆ ਅਤੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕੀਤੀ ਗਈ ਸੀ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539





DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



MAJESTIC HOMES
RAMESH SUMAN
Broker Realtor
RCS-D
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434




SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376



BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823



ਵਾਹਿਗੁਰੂ ਜੀ ਦਾ ਖਾਲਸਾ
ਵਾਹਿਗੁਰੂ ਜੀ ਦੀ ਫਤਿਹ ॥



# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਦੇ 647 ਵੇਂ ਪ੍ਰਕਾਸ਼ ਪੁਰਬ ਅਤੇ ਖ਼ਾਲਸੇ ਦੇ ਸਿਰਜਨਾ ਦਿਵਸ ਵਿਸਾਖੀ ਦੇ ਪਾਵਨ ਪੁਰਬ ਨੂੰ ਸਮਰਪਿਤ

# ਤੀਜਾ ਮਹਾਨ ਨਗਰ ਕੀਰਤਨ

**ਐਤਵਾਰ 7 ਅਪ੍ਰੈਲ 2024 ਸਵੇਰੇ 11 ਵਜੇ ਤੋਂ 4 ਵਜੇ ਤੱਕ**

### ਪ੍ਰੋਗਰਾਮਾਂ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਮਿਤੀ 11 ਮਾਰਚ ਦਿਨ ਸੋਮਵਾਰ 2024 ਤੋਂ 7 ਅਪ੍ਰੈਲ ਦਿਨ ਐਤਵਾਰ 2024 ਤੱਕ
ਸਮੂਹ ਸਾਧ ਸੰਗਤ ਵਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 5 ਅਪ੍ਰੈਲ 2024
ਭੋਗ ਸ੍ਰੀ ਅਖੰਡ ਪਾਠ ਸਾਹਿਬ - ਮਿਤੀ 7 ਅਪ੍ਰੈਲ 2024, 9 ਵਜੇ - ਉਪਰੰਤ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ

**ਨਿਸ਼ਾਨ ਸਾਹਿਬ ਜੀ ਦੀ ਸੇਵਾ 6 ਅਪ੍ਰੈਲ - ਦਿਨ ਸ਼ਨੀਵਾਰ 2024 ਸ਼ਾਮ 4 ਵਜੇ**



ਭਾਈ ਅਮਰਜੀਤ ਸਿੰਘ ਤਾਨ



ਭਾਈ ਆਤਮਜੋਤ ਸਿੰਘ (ਯੂਬਾ ਸਿਟੀ)



ਗੁਰਨਾਮ ਸਿੰਘ ਭੰਡਾਲ



ਹਜ਼ੂਰੀ ਰਾਗੀ ਜੱਥਾ ਭਾਈ ਗੁਰਦਿਆਲ ਸਿੰਘ

### ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

- ਸ਼ਿੰਗਾਰਾ ਸਿੰਘ ਰੱਲ (ਪ੍ਰਧਾਨ) 530 713 1823
- ਗੁਰਨਾਮ ਸਿੰਘ ਭੰਡਾਲ (ਚੇਅਰਮੈਨ) 530 218 4468
- ਡਾ. ਜਗਮੇਲ ਸਿੰਘ ਰਾਏ (ਜਨਰਲ ਸਕੱਤਰ) 551 697 4769
- ਰਾਮਸੇਵਕ ਭਾਟੀਆ (ਕੈਸ਼ੀਅਰ) 530 649 5794
- ਦਲਵਿੰਦਰ ਰੱਲ (ਵਾਇਸ ਚੇਅਰਮੈਨ) 530 933 3938

**ਹੈਡ ਗ੍ਰੰਥੀ - ਭਾਈ ਗੁਰਦਿਆਲ ਸਿੰਘ**
**ਫੋਨ - 530 441 4165**

**ਗੁਰੂਘਰ ਦਾ ਫੋਨ ਨੰਬਰ**
**530 674 2564**

# SHRI GURU RAVIDASS TEMPLE

1480 HAYNE AVE YUBA CITY, CA 95993

# 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਖਟਕੜ ਕਲਾਂ ਵਿਖੇ ਸਮਾਗਮ 22 ਮਾਰਚ ਦੀ ਰਾਤ ਨੂੰ ਕਰਵਾਇਆ ਗਿਆ

## ਸ਼ਹੀਦ ਭਗਤ ਸਿੰਘ, ਸਾਥੀਆਂ ਦੇ ਵਿਚਾਰਾਂ ਦੀ ਰੌਸ਼ਨੀ ਨਾਲ਼ ਰੌਸ਼ਨ ਹੋਇਆ ਇਲਾਕਾ

**ਬੰਗਾ, (ਰੇਸ਼ਮ ਕਰਨਾਣਵੀ)–** 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ ਖਟਕੜ ਕਲਾਂ ਵਿਖੇ 22 ਮਾਰਚ ਦੀ ਰਾਤ ਨੂੰ ਕਰਵਾਇਆ ਗਿਆ। ਇਸ ਸਮਾਗਮ ਮੌਕੇ ਭਰਵੀਂ ਇਕ-ਤਰਤਾ ਨੂੰ ਸੰਬੋਧਨ ਕਰਦੇ ਹੋਏ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਮਾਨਵਤਾ ਕਲਾ ਮੰਚ ਨਗਰ ਦੀ ਕੁਲਵੰਤ ਕੌਰ ਨਗਰ ਨੇ ਵਿਚਾਰ ਸਾਂਝੇ ਕਰਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ ਚੋਣਾਂ ਦੇ ਤਮਾਸ਼ੇ ਵਿੱਚੋਂ ਭਲੇ ਦੀ ਝਾਕ ਕਰਨ ਦੀ ਬਜਾਏ ਆਪਣੇ ਏਕੇ, ਜੱਥੇਬੰਦੀਆਂ ਅਤੇ ਸੰ-ਘਰਸ਼ਾਂ ਤੇ ਟੇਕ ਰੱਖਣ ਦੀ ਲੋੜ ਹੈ। ਉਹਨਾਂ ਨੇ ਸਾਮਰਾਜੀ ਅਤੇ ਦੇਸੀ ਗਲਬੇ ਤੋਂ ਮੁਕਤੀ, ਫਿਰਕੂ ਫਾਸ਼ੀ ਹੱਲੇ ਨੂੰ ਨਾਕਾਮ ਕਰਨ ਲਈ ਲੱਕ ਬੰਨ੍ਹਵੇਂ ਸੰਘਰਸ਼ਾਂ ਤੇ ਜ਼ੋਰ ਦਿੱਤਾ।

ਉਹਨਾਂ ਕਿਹਾ ਕਿ ਖਟਕੜ ਕਲਾਂ, ਤਲਵੰਡੀ ਸਲੇਮ ਅਤੇ ਬਰਨਾਲਾ ਆਦਿ ਥਾਵਾਂ ਤੇ ਹੋ ਰਹੇ ਸਮਾਗਮਾਂ ਦੇ ਵਿਚਾਰਾਂ ਦੀ ਲੋਅ ਸਾਂਝੀ ਹੈ। ਇਸ ਮੌਕੇ ਅਮਰੀਕਾ ਤੋਂ ਆਈ ਪਾਸ਼ ਦੀ ਭੈਣ ਪਰਮਿੰਦਰ ਗਿੱਲ, ਹਾਲੈਂਡ ਤੋਂ ਆਈ ਭੈਣ ਰਾਜਿੰਦਰ ਕੌਰ, ਇੰਗਲੈਂਡ ਤੋਂ ਆਏ ਭਗਵੰਤ ਸਮਰਾਲਾ, ਰਤਨ ਪਾਲ ਮਹਿਮੀ, ਮੱਖਣ ਮੰਡੀ, ਕਨੇਡਾ ਤੋਂ ਆਏ ਬਲਦੇਵ ਰਹਿਪਾ, ਸੋਹਣ ਸਿੰਘ ਪਰਮਾਰ, ਅਮਨ ਤੇ ਵਿੱਕੀ ਲੁਧਿਆਣਾ, ਗਗਨਦੀਪ ਗਿੱਲ ਰਾਏਪੁਰ ਡੱਬਾ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੀਆਂ ਸ਼ਖ਼ਸੀਅਤਾਂ



ਸੁਰਿੰਦਰ ਕੁਮਾਰੀ ਕੋਛੜ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਸੀਨੀਅਰ ਟਰਸਟੀ, ਬੂਟਾ ਸਿੰਘ ਮਹਿਮੂਦਪੁਰ, ਰਣਜੀਤ ਕੌਰ ਮਹਿਮੂਦਪੁਰ, ਤਲਵਿੰਦਰ ਹੀਰ ਨੰਗਲ ਖਿਲਾੜੀਆਂ, ਮਲਕੀਤ, ਜਗਤਾਰ ਬਾਹੋਵਾਲ, ਸਰਵਜੀਤ ਮੰਗੂਵਾਲ, ਨਰਿੰਦਰ ਖਟਕੜ ਮੰਗੂਵਾਲ, ਕੁਲਵਿੰਦਰ ਖਟਕੜ ਕਲਾਂ, ਮਾਨਵਤਾ ਕਲਾ ਮੰਚ ਨਗਰ ਦੇ ਨਿਰਦੇਸ਼ਕ ਅਤੇ ਪਲਸ ਮੰਚ ਦੇ ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ, ਕੁਲਵੰਤ ਕੌਰ ਨਗਰ, ਅਵਤਾਰ ਮਹਿਸਮਪੁਰ ਅਤੇ ਅਧਿਆਪਕਾਂ ਦੇ ਜੱਥੇ, ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਦੇ ਸਮੂਹ ਕਾਮਿਆਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਕਮੇਟੀ ਮੈਂਬਰ ਅਵਤਾਰ ਨੇ ਮਤੇ ਪੇਸ਼ ਕਰਦਿਆਂ ਪੰਡਾਲ ਦੀ ਤਰਫੋਂ ਮੰਗ ਕੀਤੀ ਕਿ ਸ਼ਹੀਦਾਂ ਦੇ ਵਿਚਾਰਾਂ ਵਿੱਚ ਖੋਟ ਰਲਾਉਣਾ ਸਿਲੇਬਸ ਵਿੱਚੋਂ ਖ਼ਾਰਜ ਕਰਨਾ ਬੰਦ ਕੀਤਾ ਜਾਵੇ।

ਧਾਰਾ 295 ਏ ਰੱਦ ਕਰੋ। ਬੁੱਧੀਜੀਵੀਆਂ ਨੂੰ ਰਿਹਾ ਕਰੋ। ਕਿਸਾਨ ਅੰਦੋਲਨ ਦੀਆਂ ਮੰਗਾਂ ਪ੍ਰਵਾਨ ਕਰੋ। ਸਾਮਰਾਜੀ ਕਾਰਪੋਰੇਟ ਅਤੇ ਦੇਸੀ ਘਰਾਣਿਆਂ ਦਾ ਆਰਥਿਕ ਹੱਲਾ ਅਤੇ ਫਿਰਕੂ ਫਾਸ਼ੀ ਬੰਦ ਕਰੋ।

ਮਜ਼ਦੂਰਾਂ ਉਪਰ ਜਾਗੀਰੂ ਦਾਬਾ ਬੰਦ ਕਰੋ। ਸ਼ਹੀਦਾਂ ਦੀਆਂ ਸਮੂਹ ਇਤਿਹਾਸਕ ਵਿਰਾਸਤੀ ਯਾਦਗਾਰਾਂ ਦੀ ਨਿਗਰਾਨੀ ਅਤੇ ਸਾਂਭ ਸੰਭਾਲ ਲੋਕਾਂ ਦੀਆਂ ਸੰਸਥਾਵਾਂ ਹਵਾਲੇ ਕਰੋ। ਚਿੰਤਨ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਪੁਸਤਕ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ ਮੰਚ ਤੋਂ ਲੋਕ ਅਰਪਣ ਕੀਤੀ ਗਈ। ਜ਼ੋ ਕਾਪੀਆਂ ਹੱਥ 'ਚ ਸੀ ਸਾਰੀਆਂ ਲੋਕ ਹੱਥੋਂ ਹੱਥੀ ਖਰੀਦ ਕੇ ਲੈਣ ਗਏ। ਕਮੇਟੀ ਦੀ ਤਰਫ਼ੋਂ ਤੀਰਥ ਰਸੂਲਪੁਰੀ ਨੇ ਧੰਨਵਾਦ ਦੇ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਦਹਾਕਿਆਂ ਤੋਂ ਸਮਾਗਮ ਦੀ ਸਫਲਤਾ ਦਾ ਸਿਹਰਾ ਲੋਕਾਂ ਸਿਰ ਹੈ।

# ਈਡੀ ਨੇ ਪੰਜਾਬ ਦੇ 7 ਜ਼ਿਲ੍ਹਿਆਂ ’ਚ 26 ਥਾਵਾਂ ’ਤੇ ਛਾਪੇ ਮਾਰੇ

**ਮੁਹਾਲੀ/ਨਵੀਂ ਦਿੱਲੀ–** ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਕਥਿਤ ਬਹੁ-ਕਰੋੜੀ ਅਮਰੂਦ ਦੇ ਬਾਗਾਂ ਦੇ ਮੁਆਵਜ਼ੇ ਦੇ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਅੱਜ ਪੰਜਾਬ ਦੇ ਸੱਤ ਜ਼ਿਲ੍ਹਿਆਂ ਵਿੱਚ 26 ਥਾਵਾਂ ‘ਤੇ ਛਾਪੇਮਾਰੀ ਕੀਤੀ। ਏਜੰਸੀ ਵੱਲੋਂ ਜਿਨ੍ਹਾਂ ਥਾਵਾਂ ’ਤੇ ਛਾਪੇ ਮਾਰੇ ਜਾ ਰਹੇ ਹਨ, ਉਨ੍ਹਾਂ ਵਿੱਚ ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਰਿਹਾਇਸ਼ ਵੀ ਸ਼ਾਮਲ ਹੈ। ਵਿਸ਼ੇਸ਼ ਟੀਮ ਨੇ ਆਬਕਾਰੀ ਕਮਿਸ਼ਨਰ ਪੰਜਾਬ ਵਰੁਣ ਰੂਜ਼ਮ ਦੇ ਘਰ ਛਾਪਾ ਮਾਰਿਆ। ਈਡੀ ਦੀਆਂ ਵੱਖਵੱਖ ਟੀਮਾਂ ਵੱਲੋਂ ਮੁਹਾਲੀ ਕੌਮਾਂਤਰੀ ਏਅਰਪੋਰਟ ਨੇੜਲੇ ਪਿੰਡ ਬਾਕਰਪੁਰ ਨੂੰ ਵੀ ਚੁਫੇਰਿਓਂ ਘੇਰਾ ਪਾਇਆ ਹੋਇਆ ਹੈ। ਅਮਰੂਦ ਬਾਗ਼ ਘਪਲੇ ਵਿੱਚ ਨਾਮਜ਼ਦ ਮੁਲਜ਼ਮਾਂ ਦੇ ਘਰਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਅਮਰੂਦ ਬਾਗ ਘਪਲੇ ਵਿੱਚ ਵੀ ਪੰਜਾਬ ਦੇ ਕਈ ਸੀਨੀਅਰ ਆਈਏਐੱਸ ਅਧਿਕਾਰੀ, ਗਮਾਡਾ ਅਧਿਕਾਰੀਆਂ ਸਮੇਤ ਮਾਲ ਵਿਭਾਗ, ਰੈਵੇਨਿਊ ਵਿਭਾਗ, ਬਾਗਬਾਨੀ ਵਿਭਾਗ ਦੇ ਕਈ ਅਧਿਕਾਰੀ ਨਾਮਜ਼ਦ ਹਨ। ਇਸ ਤੋਂ ਇਲਾਵਾ ਕਈ ਹੋਰ ਵੀ ਸ਼ਾਮਲ ਹਨ।

ਦੇਸ਼ ਭਰ 'ਚ ਚੱਲ ਰਹੀਆਂ ਈਡੀ ਦੀਆਂ ਸਿਆਸੀ ਛਾਪੇਮਾਰੀਆਂ ਤੋਂ ਬਾਅਦ ਬੁੱਧਵਾਰ ਸਵੇਰ ਤੋਂ ਹੀ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਘਰ ਈਡੀ ਵੱਲੋਂ ਛਾਪੇਮਾਰੀ ਜਾਰੀ ਸੀ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਦੁਪਹਿਰ ਬਾਅਦ ਈਡੀ ਦੀ ਟੀਮ ਉਨ੍ਹਾਂ ਨੂੰ ਆਪਣੇ ਨਾਲ ਲੈ ਗਈ ਹੈ। ਹਾਲਾਂਕਿ ਇਹ ਪਤਾ ਨਹੀਂ ਚੱਲ ਸਕਿਆ ਕਿ ਧੀਮਾਨ ਨੂੰ ਪਟਿਆਲਾ ਸਥਿਤ ਰਿਹਾਇਸ਼ ਲਿਜਾਇਆ ਜਾ ਰਿਹਾ ਹੈ ਜਾਂ ਚੰਡੀਗੜ੍ਹ ਸਥਿਤ ਈਡੀ ਦੇ ਦਫ਼ਤਰ।

# ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਖਤਮ ਹੋਣ ਬਾਅਦ ਨਵੇਂ ਸਮੀਕਰਨ ਬਣੇ

**ਪਟਿਆਲਾ–** ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਖਤਮ ਹੋਣ ’ਤੇ ਨਵੇਂ ਸਮੀਕਰਨ ਬਣਨ ਲੱਗੇ ਹਨ। ਗੱਠਜੋੜ ਹੋਣ ਦੀ ਸੂਰਤ ’ਚ ਜਿਥੇ ਪਟਿਆਲਾ ਤੋਂ ਮੌਜੂਦਾ ਸੰਸਦ ਮੈਂਬਰ ਪਰਨੀਤ ਕੌਰ ਨੂੰ ਇੱਥੋਂ ਉਮੀਦਵਾਰ ਬਣਾਇਆ ਜਾਣਾ ਤੈਅ ਸੀ, ਉਵੇਂ ਹੀ ਹੁਣ ਇਕੱਲਿਆ ਚੋਣ ਲੜਨ ਦੀ ਸੂਰਤ ਵਿੱਚ ਵੀ ਭਾਜਪਾ ਵੱਲੋਂ ਪਰਨੀਤ ਕੌਰ ਨੂੰ ਹੀ ਉਮੀਦਵਾਰ ਬਣਾਉਣਾ ਯਕੀਨੀ ਹੈ। ਉਧਰ, ਅਕਾਲੀ ਦਲ ਵੱਲੋਂ ਵੀ ਆਪਣਾ ਵੱਖਰਾ ਉਮੀਦਵਾਰ ਮੈਦਾਨ ’ਚ ਉਤਾਰਨਾ ਤੈਅ ਹੈ। ਪਰ ਵੇਖਣ ਵਾਲ਼ੀ ਗੱਲ ਹੈ ਕਿ ਇਹ ਉਮੀਦਵਾਰ ਕੌਣ ਹੋਵੇਗਾ।



ਭਾਵੇਂ ਇੱਥੋਂ ਅਕਾਲੀ ਉਮੀਦਵਾਰ ਵਜੋਂ ਤਿੰਨ ਵਾਰ ਚੋਣ ਲੜ ਚੁੱਕੇ ਸੁਰਜੀਤ ਸਿੰਘ ਰੱਖੜਾ ਦੇ ਨਾਮ ਦੀ ਵੀ ਚਰਚਾ ਹੈ, ਪਰ ਸੂਤਰਾਂ ਅਨੁਸਾਰ ਐਤਕੀਂ ਉਹ ਖੁਦ ਹੀ ਜਵਾਬ ਦੇ ਚੁੱਕੇ ਹਨ। ਉਹ 1999, 2004 ਅਤੇ 2019 ’ਚ ਅਕਾਲੀ ਉਮੀਦਵਾਰ ਵਜੋਂ ਇੱਥੋਂ ਚੋਣ ਲੜ ਚੁੱਕੇ ਹਨ ਪਰ ਜਿੱਤ ਕਦੇ ਵੀ ਨਸੀਬ ਨਾ ਹੋਈ। ਉਹ ਅਤਿ ਅਮੀਰ ਪਰਿਵਾਰ ਵਿੱਚੋਂ ਹਨ। ਅਮਰੀਕਾ ’ਚ ਰਹਿੰਦੇ ਉਨ੍ਹਾਂ ਦੇ ਭਰਾ ਦਰਸ਼ਨ ਸਿੰਘ ਧਾਲੀਵਾਲ ਵਿਸ਼ਵ ਪ੍ਰਸਿੱਧ ਅਰਬਪਤੀ ਕਾਰੋਬਾਰੀ ਹਨ, ਜੋ ਅਕਾਲੀ ਭਾਜਪਾ ਏਕੇ ਅਤੇ ਕਿਰਸਾਨੀ ਮਸਲੇ ਦੇ ਹੱਲ ਦੇ ਮੁਦੱਈ ਰਹੇ ਹਨ। ਅਜੇ ਪਿਛਲੇ ਦਿਨੀਂ ਹੀ ਦਰਸ਼ਨ ਧਾਲੀਵਾਲ ਨੇ ਆਪਣੇ ਭਰਾਵਾਂ ਸੁਰਜੀਤ ਰੱਖੜਾ ਤੇ ਚਰਨਜੀਤ ਰੱਖੜਾ ਨੂੰ ਨਾਲ ਲੈ ਕੇ ਦਿੱਲੀ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਵੀ ਕੀਤੀ ਸੀ।

ਨਵੇਂ ਸਮੀਕਰਨ ਮੁਤਾਬਕ ਹੁਣ ਜੇ ਇੱਥੋਂ ਅਕਾਲੀ ਸੰਭਾਵੀ ਉਮੀਦਵਾਰਾਂ ਦੀ ਗੱਲ ਕਰੀਏ, ਤਾਂ ਇਨ੍ਹਾਂ ਵਿਚ ਮੁੱਖ ਤੌਰ ’ਤੇ ਰਾਜਪੁਰਾ ਦੇ ਹਲਕਾ ਇੰਚਾਰਜ ਚਰਨਜੀਤ ਬਰਾੜ ਦਾ ਨਾਮ ਵੀ ਚਰਚਾ ’ਚ ਹੈ। ਉਹ ਜਿਥੇ ਸੁਖਬੀਰ ਬਾਦਲ ਦੇ ਅਤਿ ਕਰੀਬੀ ਹਨ, ਉਥੇ ਹੀ ਉਨ੍ਹਾਂ ਦੇ ਓਐਸਡੀ ਤੇ ਪਾਰਟੀ ਦੇ ਬੁਲਾਰੇ ਵੀ ਹਨ। ਪਿਛਲੀ ਵਾਰ ਬਰਾੜ ਨੂੰ ਬਾਹਰੋਂ ਲਿਆ ਕੇ ਰਾਜਪੁਰਾ ਹਲਕੇ ਤੋਂ ਉਦੋਂ ਵਿਧਾਨ ਸਭਾ ਦੀ ਟਿਕਟ ’ਤੇ ਚੋਣ ਲੜਾਈ ਗਈ ਸੀ, ਜਦੋਂਕਿ ਰਾਜਪੁਰਾ ਤੋਂ ਵੀਹ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਚਲੇ ਆ ਰਹੇ ਤੇ ਹਲਕੇ ’ਚ ਚੰਗਾ ਆਧਾਰ ਰੱਖਦੇ ਸੁਰਜੀਤ ਸਿੰਘ ਗੜ੍ਹੀ ਅਤਿ ਮਜ਼ਬੂਤ ਉਮੀਦਵਾਰ ਸਨ। ਇਸ ਦੇ ਰੋਸ ਵਜੋਂ ਗੜ੍ਹੀ ‘ਆਪ’ ਵਿੱਚ ਚਲੇ ਗਏ ਸਨ। ਪਿਛਲੇ ਸਾਲ ਉਹ ਭਾਜਪਾ ’ਚ ਵੀ ਸ਼ਾਮਲ ਹੋਏ ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਵੀ ਰਹੇ ਪਰ ਹੁਣ ਭਾਜਪਾ ਤੋਂ ਵੀ ਵੱਖ ਹੋ ਕੇ ਘਰ ਬੈਠੇ ਹਨ। ਜੇ ਬਰਾੜ ਨੂੰ ਟਿਕਟ ਮਿਲੀ ਤਾਂ ਗੜ੍ਹੀ ਨੂੰ ਰਾਜਪੁਰਾ ਹਲਕੇ ਦਾ ਇੰਚਾਰਜ ਲਾਇਆ ਜਾ ਸਕਦਾ ਹੈ। ਪਟਿਆਲਾ ਲੋਕ ਸਭਾ ਹਲਕੇ ਤੋਂ ਐੱਨਕੇ ਸ਼ਰਮਾ ਦਾ ਨਾਮ ਵੀ ਉਭਰ ਕੇ ਸਾਹਮਣੇ ਆਇਆ ਹੈ। ਪਾਰਟੀ ਦੇ ਵਿੱਤ ਸਕੱਤਰ ਸ਼ਰਮਾ ਵੀ ਮਾਇਆਧਾਰੀ ਹਨ, ਜਿਨ੍ਹਾਂ ਦਾ ਹਿੰਦੂ ਵਰਗ ’ਚ ਚੰਗਾ ਆਧਾਰ ਵੀ ਮੰਨਿਆ ਜਾਂਦਾ ਹੈ।




SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਨਾਰਨੀ ਤੇਰਨੀ (ਇਟਲੀ) ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ





**ਰੋਮ (ਇਟਲੀ) (ਟੇਕ ਚੰਦ ਜਗਤਪੁਰ)–** ਧੰਨ -ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 647ਵਾਂ ਗੁਰਪੁਰਬ ਨਾਰਨੀ ਤੇਰਨੀ ਵਿਖੇ ਸ੍ਰੀ ਗੁਰੂ ਰਵਿਦਾਸ ਦਰਬਾਰ ਨਾਰਨੀ ਤੇਰਨੀ ਵਲੋ ਸਮੂੰਹ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮਾਗਮ ਵਿਚ ਇਟਲੀ ਭਰ ਚੋਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਵਿਸ਼ਾਲ ਸਮਾਗਮ ਵਿਚ "ਅਮ੍ਰਿਤ ਬਾਣੀ "ਸ੍ਰੀ ਗੁਰੂ ਰਵਿਦਾਸ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਦਾ ਆਯੋਜਿਨ ਕੀਤਾ ਗਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆ ਪ੍ਰਧਾਨ ਰੇਸ਼ਮ ਲਾਲ ਬੰਗੜ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨੂੰ ਆਪਣੇ ਜੀਵਨ ਚ ਅਪਣਾ ਕੇ ਬੇਗਮਪੁਰੇ ਦਾ ਸੁਪਨਾ ਸਕਾਰ ਕਰਨ ਲਈ ਸਾਰਥਿਕ ਯਤਨ ਜਾਰੀ ਰੱਖਣੇ ਚਾਹੀਦੇ ਹਨ।

ਇਸ ਉਪਰੰਤ ਪੰਜਾਬ ਤੋਂ ਉਚੇਚੇ ਤੌਰ ਤੇ ਪਹੁੰਚੇ ਇੰਟਰਨੈਸ਼ਨਲ ਮਿਸ਼ਨਰੀ ਗਾਇਕ ਰੂਪ ਲਾਲ ਧੀਰ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਤੇ ਅਧਾਰਿਤ ਲਗਾਤਾਰ ਦੋ ਘੰਟੇ ਦੇ ਕਰੀਬ ਆਪਣੇ ਮਕਬੂਲ ਮਿਸ਼ਨਰੀ ਗੀਤ ਪੇਸ਼ ਕਰਕੇ ਸਮਾਗਮ ਵਿੱਚ ਹਾਜਰ ਸੰਗਤਾਂ ਵਿਚ ਭਾਰੀ ਉਤਸ਼ਾਹ ਪੈਦਾ ਕੀਤਾ।ਇਸ ਮੌਕੇ ਉਨ੍ਹਾਂ ਆਪਣੀ ਵੀ ਸੀ ਡੀ "ਮਾੜੀਆ ਬਲਾਵਾ ਤੋਂ ਬਚਾਈ ਕਾਸ਼ੀ ਵਾਲਿਆ", ਮੇਰੇ ਗੁਰੂ ਰਵਿਦਾਸ ਹੱਥ ਜੋੜ ਅਰਦਾਸ, "ਜੋ ਬੋਲੇ ਸੋ ਨਿਰਭੈਅ , ਚੁਬੇ ਨਾ ਮੇਰੀ ਕੌਮ ਦੇ ਸੁਪਨੇ ਵਿਚ ਵੀ ਕੰਡਾ, ਹਰਿ ਦਾ ਨਿਸ਼ਾਨ ਝੰਡਾ ਗੱਡੇ ਦਿੱਤਾ, "ਥਾਂ-ਥਾ ਭਾਰੀ ਨਾਰੀ ਦੇ ਸਨਮਾਨ ਨਾ ਹੁੰਦੇ ,ਜੇ ਭਾਰਤ ਵਿਚ ਬਾਵਾ ਸਾਹਿਬ ਮਹਾਨ ਨਾ ਹੁੰਦੇ,ਸਤਿਗੁਰੂ ਰਵਿਦਾਸ ਦੀ ਜੈ" ਸਮੇਤ ਅਨੇਕਾਂ ਗੀਤ ਪੇਸ਼ ਕੀਤੇ।ਇਸ ਮੌਕੇ ਪ੍ਰਬੰਧਕ ਕਮੇਟੀ ਵਲੋ ਆਈਆਂ ਅਹਿਮ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਤੇ ਕਸ਼ਮੀਰ ਸਿੰਘ, ਜਰਨੈਲ ਸਿੰਘ, ਗੁਰਪ੍ਰੀਤ ਮੱਲ, ਗੁਰਮੇਲ ਰਾਮ, ਅਵਤਾਰ ਕੌਰ, ਪਰਮਜੀਤ ਪਾਲ, ਅਮਰਜੀਤ ਝੱਲੀ, ਸੀਤਲ ਗੁਰੂ, ਡਾ ਜਗਤਾਰ ਰਾਮ ਚੁੰਬਰ, ਜੈ ਪਾਲ ਰੋਮਾ, ਰਾਮ ਲਾਲ, ਸੁਰਜੀਤ ਕਲੇਰ, ਅਮਰਜੀਤ ਪਾਲ ਅਤੇ ਗਾਇਕ ਸੰਦੀਪ ਆਦਿ ਹਾਜਰ ਸਨ।

*****

## ਪਿੰਡ ਭੈਣੀ ਵਿੱਚ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਮਸ਼ਾਲ ਮਾਰਚ

**ਫਿਲੌਰ, (ਜੱਸੀ)–** ਪਿੰਡ ਭੈਣੀ ਵਿੱਚ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਸ਼ਹੀਦ ਭਗਤ ਸਿੰਘ ਰਾਜਗਰੂ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਵਿਸ਼ਾਲ ਪੱਧਰ ਤੇ ਮਸ਼ਾਲ ਮਾਰਚ ਕੀਤਾ ਗਿਆ। ਇਸ ਮੌਕੇ ਪਿੰਡ ਭੈਣੀ ਸੈਕੜੇ ਲੋਕਾਂ ਨੇ ਇਸ ਵਿੱਚ ਸ਼ਿਰਕਤ ਕੀਤੀ।ਇਸ ਸਮੇਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਢੇਸੀ ਤੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਜਰਨੈਲ ਫਿਲੌਰ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਲੰਬੀ ਜਦੋ ਜਹਿਦ ਦੀ ਲੋੜ ਹੈ ਇਸ ਸਮੇਂ , ਸਰਪੰਚ ਰਾਮ ਲੁਭਾਇਆ, ਸੁਨੀਲ ਭੈਣੀ ਕੁਲਦੀਪ ਫਿਲੌਰ, ਇਕਬਾਲ ਸਿੰਘ ਬਿੱਟਾ, ਪਰਮਜੀਤ ਸਿੰਘ, ਸੁਨੀਲ ਕੁਮਾਰ ਭੈਣੀ, ਮੱਖਣ ਸੰਗਰਾਮੀ, ਪਰਮਜੀਤ ਭੁੱਟੋ, ਸੁਨੀਲ ਪੰਚ, ਰਵਿੰਦਰ ਕੁਮਾਰ, ਨਰਿੰਦਰ ਕੁਮਾਰ, ਹੈਰੀ, ਬਲਵਿੰਦਰ ਕੁਮਾਰ ਆਦਿ ਹਾਜ਼ਰ ਸਨ।



## ਬਾਬਾ ਸਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਵਸ ਮਿਤੀ 14 ਅਪ੍ਰੈਲ 2024 ਨੂੰ ਵੱਡੇ ਪੱਧਰ ਮਨਾਇਆ ਜਾਵੇਗਾ

**ਫਿਲੌਰ, (ਜੱਸੀ)–** ਅੱਜ ਸ਼੍ਰੀ ਗੁਰੂ ਰਵੀਦਾਸ ਮੰਦਿਰ ਪ੍ਰਬਧੰਕ ਕਮੇਟੀ (ਰਜਿ) ਨੂਰਮਹਿਲ ਰੋਡ ਫਿਲੌਰ ਦੀ ਇੱਕ ਮਿਟਿੰਗ ਪ੍ਰਧਾਨ ਰਾਮ ਮੂਰਤੀ ਅਤੇ ਚੈਅਰਮੈਨ ਪਰਮਾਨੰਦ ਦੀ ਪ੍ਰਧਾਨਗੀ ਹੇਠ ਹੋਈ। ਇਸ ਮਿਟਿੰਗ ਦਾ ਮੁੱਖ ਏਜੰਡਾ ਭਾਰਤ ਰਤਨ ਬਾਬਾ ਸਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 133 ਵਾ ਜਨਮ ਦਿਵਸ ਮਿਤੀ 14 ਅਪ੍ਰੈਲ 2024 ਨੂੰ ਵੱਡੇ ਪੱਧਰ ਉਤੇ ਮੰਨੋਣ ਦੀਆਂ ਤਿਆਰੀਆਂ ਮੁਅੱਤਲੱਕ ਹੋਈ। ਬਾਬਾ ਸਹਿਬ ਜੀ ਦੀ ਵਿਚਾਰਧਾਰਾ ਨੂੰ ਪ੍ਰਸਾਰਣ ਲਈ ਮਿਸ਼ਨਰੀ ਗਾਇਕ ਆਪਣਾ ਪ੍ਰੋਗਰਾਮ ਪੇਸ਼ ਕਰਨਗੇ । ਨਾਟਕ ਮੰਡਲੀ ਸਮਾਜਿਕ ਮੁੱਦਿਆਂ ਉੱਤੇ ਨਾਟਕ ਪੇਸ਼ ਕਰੇਗੀ । ਇਸ ਸਾਲ ਸਰਕਾਰੀ ਸਕੂਲਾਂ ਵਿੱਚ ਪਹਿਲੇ ਤਿੰਨ ਸਥਾਨਾਂ ਉੱਤੇ ਆਓਣ ਵਾਲੇ ਵਿਦਿਆਰਥੀਆਂ ਨੂੰ ਵੀ ਕਮੇਟੀ ਸਨਮਾਨਿਤ ਕਰੇਗੀ । ਸਮੂਹ ਕਮੇਟੀ ਬਾਬਾ ਸਹਿਬ ਦੇ ਵਿਚਾਰਾਂ ਉੱਤੇ ਚੱਲਣ ਲਈ ਵੱਚਨਬੱਧ ਹੈ।




CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਸ਼੍ਰੋਮਣੀ ਪੱਤਰਕਾਰ ਜੰਗੀਰ ਸਿੰਘ ਜਗਤਾਰ ਦੇ ਵਿਛੋੜੇ 'ਤੇ ਦੇਸ਼ ਭਗਤ ਯਾਦਗਾਰ ਹਾਲ 'ਚ ਸ਼ੋਕ ਸਭਾ

**ਜਲੰਧਰ (ਜਨ ਸੰਗਰਾਮ ਚੁੰਬਰ, ਜਸਪਾਲ ਕੁਮਾਰ ਆਜ਼ਾਦ)–** ਪੰਜਾਬੀ ਪੱਤਰਕਾਰਤਾ ਦੇ ਪਿੜ੍ਹ ਅੰਦਰ ਸਿਰਮੌਰ ਸਖ਼ਸ਼ੀਅਤ, ਚਿੰਤਕ, ਲੇਖਕ, ਸਮਾਜ ਸੇਵੀ, ਲੁੱਟ, ਅਨਿਆਂ, ਵਿਤਕਰੇ, ਫ਼ਿਰਕਾਪ੍ਰਸਤੀ, ਫਾਸ਼ੀ ਦਹਿਸ਼ਤਗਰਦੀ, ਸਾਮਰਾਜੀ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਦੀ ਲੁੱਟ ਖਿਲਾਫ਼ ਲੋਕ ਲਹਿਰਾਂ ਅਤੇ ਸਮਾਜਕ ਤਬਦੀਲੀ ਦੇ ਸੰਗਰਾਮ ਦੇ ਝੰਡਾ ਸਰਦਾਰ ਸਨ, ਜੰਗੀਰ ਸਿੰਘ ਜਗਤਾਰ ਬਰਨਾਲਾ ਅਤੇ ਉਹਨਾਂ ਦੀ ਵਿਰਾਸਤ ਤੋਂ ਸਾਡੇ ਸਮਿਆਂ ਦੇ ਪੱਤਰਕਾਰਾਂ, ਲੇਖਕਾਂ ਨੂੰ ਬਹੁਤ ਕੁਝ ਗ੍ਰਹਿਣ ਕਰਨ ਦੀ ਲੋੜ ਹੈ; ਇਹ ਸਾਂਝੇ ਸ਼ਬਦ ਸਨ ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੋਣ ਵਾਲੀ ਸ਼ੋਕ ਸਭਾ ਵਿੱਚ ਬੋਲਣ ਵਾਲੇ ਬੁਲਾਰਿਆਂ ਦੇ।



ਦੇਸ਼ ਭਗਤ ਯਾਦਗਾਰ ਹਾਲ ਵਿੱਚ ਅੱਜ ਹੋਈ ਸ਼ੋਕ ਸਭਾ 'ਚ ਵਿਛੜੇ



ਨਾਮਵਰ ਪੱਤਰਕਾਰ ਜੰਗੀਰ ਸਿੰਘ ਜਗਤਾਰ ਨੂੰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਗੁਰਮੀਤ ਸਿੰਘ ਤੋਂ ਇਲਾਵਾ ਕਾਮਰੇਡ ਭਗਤ ਰਾਮ, ਸਾਬਕਾ ਅਧਿਆਪਕ ਆਗੂ ਪਰਮਜੀਤ ਗਾਂਧਰੀ ਨੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਉਹਨਾਂ ਦੀ ਜੀਵਨ ਗਾਥਾ ਤੋਂ ਸਬਕ ਗ੍ਰਹਿਣ ਕਰਨ ਦਾ ਅਹਿਦ ਲਿਆ।

ਜੰਗੀਰ ਸਿੰਘ ਜਗਤਾਰ ਗ਼ਦਰੀ ਬਾਬਿਆਂ ਦੇ ਮੇਲੇ, ਬਰਨਾਲਾ ਵਿਖੇ ਗੁਰਸ਼ਰਨ ਸਿੰਘ ਦੀ ਯਾਦ 'ਚ ਇਨਕਲਾਬੀ ਰੰਗ ਮੰਚ ਦਿਹਾੜੇ, ਕਵੀ ਸੰਤ ਰਾਮ ਉਦਾਸੀ ਸਮਾਗਮ ਤੋਂ ਇਲਾਵਾ ਜਮਹੂਰੀ ਹੱਕਾਂ ਦੇ ਸਮਾਗਮਾਂ ਅਰੁੰਧਤੀ ਰਾਏ ਅਤੇ ਵਰਵਰਾ ਰਾਓ ਦੀ ਆਮਦ ਮੌਕੇ ਉਹਨਾਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸ਼ੋਕ ਸੁਨੇਹੇ ਰਾਹੀਂ ਜੰਗੀਰ ਸਿੰਘ ਜਗਤਾਰ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ।

# ਤਰਕਸ਼ੀਲਾਂ ਨੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦੇ ਕੇ ਕੀਤਾ ਸਿਜਦਾ

**ਸੰਗਰੂਰ, (ਦਲਜੀਤ ਕੌਰ)** ਲੋਕਾਂ ਦਾ ਸੋਚਣਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਜ਼ੋਨ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ



ਆਗੂ ਕ੍ਰਿਸ਼ਨ ਸਿੰਘ, ਸੀਤਾ ਰਾਮ ਬਾਲਦ ਕਲਾਂ ਤੇ ਗੁਰਦੀਪ ਸਿੰਘ ਲਹਿਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਜ਼ਿਲ੍ਹਾ ਸੰਗਰੂਰ ਦੇ ਵੱਖ-ਵੱਖ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਤੇ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੌਤਾਂ ਦੇ ਕਾਰਨਾਂ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਤੇ ਜ਼ਿੰਮੇਵਾਰ ਵਿਅਕਤੀਆਂ/ਅਧਿਕਾਰੀਆਂ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਮੀਟਿੰਗ ਵਿੱਚ ਸ਼ਹੀਦੀ ਦਿਹਾੜੇ ਤੇ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਬੌਧਿਕ ਪ੍ਰਤਿਭਾ, ਡੂੰਘਾ ਅਧਿਅਨ, ਦ੍ਰਿੜ੍ਹਤਾ, ਲਾਸਾਨੀ ਸੂਰਬੀਰਤਾ, ਕੁਰਬਾਨੀ ਤੇ ਵਿਗਿਆਨਕ ਸੋਚ ਜਗ ਜ਼ਾਹਿਰ ਹੈ। ਉਹ ਲੁੱਟ ਰਹਿਤ, ਫਿਰਕਾਪ੍ਰਸਤ ਰਹਿਤ, ਆਰਥਿਕ ਤੇ ਸਮਾਜਿਕ ਬਰਾਬਰੀ ਵਾਲਾ ਨਿਆਂ ਪਸੰਦ ਪ੍ਰਬੰਧ ਚਾਹੁੰਦੇ ਸਨ। ਮੀਟਿੰਗ ਵਿੱਚ ਸ਼ਹੀਦਾਂ ਨੂੰ ਯਾਦ ਕਰਦਿਆਂ ਸਿਜਦਾ ਕੀਤਾ ਗਿਆ। ਇਕਾਈ ਵੱਲੋਂ 31 ਮਾਰਚ ਨੂੰ ਕਰਵਾਏ ਜਾ ਰਹੇ ਮਾਨਸਿਕ ਰੋਗਾਂ ਦੇ ਸੈਮੀਨਾਰ ਸੰਬੰਧੀ ਜ਼ਿਮੇਵਾਰੀਆਂ ਲਾਈਆਂ ਗਈਆਂ। ਮਾਸਟਰ ਪਰਮਵੇਦ ਨੇ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਦੀ ਰਿਪੋਰਟਿੰਗ ਕਰਦਿਆਂ ਦੋ ਦਿਨਾਂ ਸੂਬਾ ਸਾਲਾਨਾ ਇਕੱਤਰਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਲੈਕਚਰਾਰ ਕ੍ਰਿਸ਼ਨ ਸਿੰਘ, ਪਰਮਿੰਦਰ ਸਿੰਘ ਮਹਿਲਾਂ, ਮਾਸਟਰ ਗੁਰਜੰਟ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ ,ਪ੍ਰਲਾਦ ਸਿੰਘ, ਗੁਰਦੀਪ ਸਿੰਘ ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਮਰਨਾਥ, ਸੁਨੀਤਾ ਰਾਣੀ, ਵਨੀਤਾ ਰਾਣੀ, ਪਰਮਿੰਦਰ ਕੌਰ, ਦੇਵਿੰਦਰ ਕੌਰ ਨੇ ਸ਼ਮੂਲੀਅਤ ਕੀਤੀ।

# ਸ੍ਰੀ ਗੁਰੂ ਰਵਿਦਾਸ ਦਰਬਾਰ ਚੀਜੋਲੇ ਮਾਨਤੋਵਾ 'ਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਤੇ ਸੰਗਤਾਂ ਦੀ ਭਰਵੀਂ ਹਾਜਰੀ

## ਗਾਇਕ ਪੰਮਾ ਲਧਾਣਾ, ਬੱਬੂ ਜਲੰਧਰੀਆਂ, ਸਤਨਾਮ ਸਿੰਘ ਹੁਸੈਨਪੁਰੀ, ਸੰਦੀਪ ਲੋਈ, ਪਰਮ ਬੰਗੜ ਅਤੇ, ਜੀਵਨ ਬੰਗਾ ਨੇ ਲਗਾਈ ਹਾਜਰੀ





**ਰੋਮ (ਇਟਲੀ) (ਟੇਕ ਚੰਦ ਜਗਤਪੁਰ)–** ਮਹਾਨ ਕ੍ਰਾਤੀਕਾਰੀ, ਦੁੱਖੀਆਂ-ਮਜਲੂਮਾਂ ਦੇ ਰਹਿਬਰ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 647 ਵਾਂ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਦਰਬਾਰ ਚੀਜੋਲੇ ਮਾਨਤੋਵਾ ਵਲੋ ਸਮੂੰਹ ਸੰਗਤ ਦੇ ਸਹਿਯੋਗ ਨਾਲ ਬੜੀ੍ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਸਮਾਗਮ ਵਿਚ ਸੰਗਤਾਂ ਹੁੰਮ-ਹੁੰਮਾ ਕੇ ਪਹੁੰਚੀਆਂ।ਇਸ ਸਮਾਗਮ ਵਿਚ ਸ੍ਰੀ ਅਮਰੀਕ ਲਾਲ ਦੋਲੀਕੇ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਪਲ ਬਰੇਸ਼ੀਆ,ਸ੍ਰੀ ਅਸ਼ੋਕ ਕੁਮਾਰ ਚੰਦੜ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਪਲ ਪਾਰਮਾ ਪਿਚੈਸਾ, ਸ੍ਰੀ ਅਸ਼ਵਨੀ ਕੁਮਾਰ ਚੁੰਬਰ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸਭਾ ਕਰੇਮੋਨਾ, ਨਵਦੀਪ ਸਿੰਘ ਜਗਤਪੁਰ ਜ ਸਕੱਤਰ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ,ਕਸ਼ਮੀਰ ਲਾਲ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਪਲ ਰਿਜੋਮਿਲੀਆ, ਮਾਣੀ ਫਗਵਾੜਾ, ਜਸਵਿੰਦਰ ਪਾਲ ਚੁੰਬਰ,ਡਾ ਕੇਵਲ ਦੋਲੀਕੇ ,ਆਦਿ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ । ਅਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੇ ਅਖੰਡ ਜਾਪ ਉਪਰੰਤ ਇਸ ਸਮਾਗਮ ਦੀ ਸੁਰੂਆਤ ਸੰਦੀਪ ਲੋਈ ਨੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਸਬਦ ਨਾਲ ਕੀਤੀ। ਗਾਇਕ ਪੰਮਾ ਲਧਾਣਾ,ਬੱਬੂ ਜਲੰਧਰੀਆ, ਜੀਵਨ ਬੰਗਾ,ਪਰਮ ਬੰਗੜ ,ਨੇ ਵੀ ਇਕ -ਇਕ ਸ਼ਬਦ ਨਾਲ ਹਾਜਰੀ ਲਗਵਾਈ। ਭਾਈ ਜੀਵਨ ਸਿੰਘ ਮਾਨ ਨੇ ਅਤੇ ਭਾਈ ਸਤਨਾਮ ਸਿੰਘ ਹੁਸੈਨਪੁਰੀ ਨੇ ਵੀ ਸਤਿਗੁਰੂ ਦੀ ਮਹਿਮਾ ਦਾ ਗੁਣਗਾਣ ਕੀਤਾ। ਸਮਾਗਮ ਵਿਚ ਪ੍ਰਧਾਨ ਸ਼ਿਵਦਿਆਲ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਪ੍ਰਤੀ ਆਪਣੇ ਵਿਚਾਰ ਪੇਸ਼ ਕਰਦਿਆ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਅਨੁਸਾਰ ਚੱਲ ਕੇ ਜੀਵਨ ਸਫਲ ਕਰਨਾ ਚਾਹੀਦਾ ਹੈ। ਕਮੇਟੀ ਵਲੋ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਸੰਗਤਾਂ ਦੇ ਖਾਣ ਪੀਣ ਲਈ ਗੋਲਗੱਪੇ,ਟਿੱਕੀਆਂ, ਜੂਸ, ਚਾਹ- ਪਕੌੜੇ, ਆਈਸ ਕ੍ਰੀਮ ਆਦਿ ਦੇ ਸਟਾਲ ਲਾਏ ਗਏ।ਗੁਰੂ ਦਾ ਲੰਗਰ ਅਟੁੱਟ ਵਰਤਾਇਆ ਗਿਆ।

ਇਸ ਮੌਕੇ ਤੇ ਚਮਨ ਲਾਲ ਸਾਹਲੋ ,ਸਰਬਜੀਤ ਸਿੰਘ ਜਗਤਪੁਰ, ਡਾ ਰਾਜ ਕੁਮਾਰ, ਪ੍ਰਸ਼ੋਤਮ ਢੰਡਾ, ਗੁਰਮੇਲ ਮਹਿਤਾ, ਪਰਲਾਦ ਬਖਲੌਰ, ਜਗਦੀਸ਼ ਕੁਮਾਰ, ਹਰਬੰਸ ਸੁਲਤਾਨਪੁਰ, ਰਾਮ ਪਾਲ ਬੰਗਾ,ਵਿਜੈ ਬਖਲੌਰ, ਚਰਨਜੀਤ ਲੱਖਪੁਰ,ਰਾਜ ਕੁਮਾਰ ਸੰਧੂ, ਸੁਰਿੰਦਰ ਕੁਮਾਰ ਮੱਲਪੁਰੀਆ, ਰਾਕੇਸ਼ ਮਜਾਰੀ, ਬਲਜੀਤ ਬਖਲੌਰ ਆਦਿ ਹਾਜਰ ਸਨ।

# ਸ੍ਰੀ ਆਨੰਦਪੁਰ ਸਾਹਿਬ ਵਿਖੇ ਕਰਵਾਇਆ 9ਵਾਂ ਹੋਲਾ ਮਹੱਲਾ ਗੱਤਕਾ, ਕੁਸ਼ਤੀਆਂ ਤੇ ਕਬੱਡੀ ਕੱਪ

## ਪਹਿਲਵਾਨ ਜਸਪੂਰਨ ਸਿੰਘ ਨੇ ਜਿੱਤਿਆ ਪੰਜਾਬ ਕੇਸਰੀ ਟਾਈਟਲ

**ਫਗਵਾੜਾ 26 ਮਾਰਚ (ਬੀ.ਕੇ. ਰੱਤੂ)** ਸ੍ਰੀ ਆਨੰਦਪੁਰ ਸਾਹਿਬ ਸਪੋਰਟਸ ਅਤੇ ਕਲਚਰਲ ਕਲੱਬ (ਯੂ.ਕੇ.) ਵਲੋਂ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ 9ਵਾਂ ਹੋਲਾ ਮਹੱਲਾ ਗੱਤਕਾ, ਕੁਸ਼ਤੀਆਂ ਤੇ ਕਬੱਡੀ ਕੱਪ ਸ੍ਰੀ ਗੁਰੂ ਤੇਗ ਬਹਾਦੁਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਰਵਾਇਆ ਗਿਆ। ਜਿਸ ਵਿਚ 60 ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪਹਿਲਵਾਨਾਂ ਨੇ ਜੋਰ ਅਜਮਾਇਸ਼ ਕੀਤੀ। ਇਸ ਦੌਰਾਨ ਹੋਏ ਕੁਸ਼ਤੀ ਮੁਕਾਬਲਿਆਂ ਵਿਚ ਤਿੰਨ ਟਾਈਟਲ ਦਿੱਤੇ ਗਏ। ਜਿਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਾਇਰੈਕਟਰ ਕੰਪੀਟੀਸ਼ਨ ਪੀ।ਆਰ। ਸੌਂਧੀ, ਸੁਭਾਸ਼ ਮਲਿਕ, ਨਰੇਸ਼ ਕੁਮਾਰ ਦਿੱਲੀ ਨੇ ਦੱਸਿਆ ਕਿ ਭਾਰ ਵਰਗ 85+ ਕਿਲੋ ਜਸਪੂਰਨ ਸਿੰਘ ਮੁੱਲਾਂਪੁਰ ਅਖਾੜਾ ਗਰੀਬ ਦਾਸ ਨੇ ਪੰਜਾਬ ਕੇਸਰੀ ਪਹਿਲਵਾਨ ਦਾ ਟਾਈਟਲ ਆਪਣੇ ਨਾਮ ਕੀਤਾ ਜਦਕਿ 85 ਕਿਲੋ ਭਾਰ ਵਰਗ ਸ਼ੇਰ-ਏ-ਹਿੰਦ ਦਾ ਟਾਈਟਲ ਚੰਦਰ ਮੋਹਨ ਮਿਰਚੀਪੁਰ (ਹਰਿਆਣਾ) ਨੂੰ ਜਿੱਤਿਆ। ਇਸੇ ਤਰ੍ਹਾਂ ਪੰਜਾਬ ਬਾਲ ਕੇਸਰੀ ਦਾ ਟਾਈਟਲ ਵੰਸ਼ ਪਟਿਆਲਾ ਦੇ ਨਾਮ ਰਿਹਾ। ਜੇਤੂ ਪਹਿਲਵਾਨਾਂ ਨੂੰ ਦਿਲ ਖਿਚਵੇਂ ਇਨਾਮਾ ਨਾਲ



ਨਵਾਜਿਆ ਗਿਆ। ਪ੍ਰਬੰਧਕਾਂ ਚੇਅਰਮੈਨ ਮੱਖਣ ਸਿੰਘ ਬੈਂਸ। ਯੂ.ਕੇ., ਕਬੱਡੀ ਕੱਪ ਦੇ ਪ੍ਰਧਾਨ ਰਣਜੀਤ ਸਿੰਘ ਢੰਡਾ ਯੂ।ਕੇ।, ਪਰਮਜੀਤ ਸਿੰਘ ਯੂ.ਕੇ., ਬਹਾਦਰ ਸਿੰਘ ਸ਼ੇਰਗਿਲ, ਵਿੱਕੀ ਸ਼ੇਰਗਿਲ ਰਾਏਪੁਰ ਡੱਬਾ, ਮੈਨੇਜਰ ਕੰਪੀਟੀਸ਼ਨ ਜਗੀਰ ਸਿੰਘ ਦਿੱਲੀ ਨੇ ਸਮੂਹ ਹਾਜਰੀਨ ਨੂੰ ਹੋਲਾ ਮਹੱਲਾ ਦੀ ਵਧਾਈ ਦਿੱਤੀ ਅਤੇ ਸਹਿਯੋਗੀਆਂ ਦਾ ਇਸ ਕੱਪ ਨੂੰ ਸਫਲ ਬਨਾਉਣ ਵਿਚ ਵਢਮੁੱਲਾ ਸਹਿਯੋਗ ਦੇਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਕੋਚ ਰਵਿੰਦਰ ਨਾਥ, ਕੋਚ ਜਤਿਨ ਸ਼ੁਕਲਾ, ਕੋਚ ਸਾਜਨ, ਕੋਚ ਅਬਦੁਲ ਸੱਤਾਰ, ਕੋਚ ਅਕਾਸ਼ ਦੀਨਾਨਗਰ, ਕੋਚ ਅਵਤਾਰ ਸਿੰਘ, ਕੋਚ ਜੁਗਿੰਦਰ ਸਿੰਘ, ਕੋਚ ਸੁਨੀਲ ਦੱਤ ਕਾਲਾ ਪੀ.ਏ.ਪੀ. ਤੋਂ ਇਲਾਵਾ ਬੁੱਧ ਸਿੰਘ ਭੁੱਟਾ ਏਸ਼ੀਅਨ ਸਿਲਵਰ ਮੈਡਲਿਸਟ, ਹਰਪ੍ਰੀਤ ਸਿੰਘ ਏਸ਼ੀਅਨ ਮੈਡਲਿਸਟ, ਪ੍ਰਭਪਾਲ ਸਿੰਘ ਕਾਮਨਵੈਲਥ ਚੈਂਪੀਅਨ, ਰਣਬੀਰ ਸਿੰਘ ਪਹਿਲਵਾਨ, ਸੁਰਜੀਤ ਸਿੰਘ ਲੱਲੀ ਪਹਿਲਵਾਨ, ਬੁੱਧ ਸਿੰਘ ਧਲੇਤਾ, ਮੁੱਖੀ ਪਹਿ-ਲਵਾਨ, ਹਰਮੇਸ਼ ਲਾਲ ਮੈਟ ਮੈਨ ਆਦਿ ਹਾਜਰ ਸਨ।

# ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਯਾਦ ਵਿੱਚ ਜੋਸ਼ੀਲਾ ਇਨਕਲਾਬੀ ਮਸ਼ਾਲ ਮਾਰਚ

**ਮਹਿਲਕਲਾਂ, (ਦਲਜੀਤ ਕੌਰ)** ਇਨਕਲਾਬੀ ਕੇਂਦਰ ਪੰਜਾਬ ਦੀ ਅਗਵਾਈ ਵਿੱਚ ਸ਼ਹੀਦ ਭਗਤ ਸਿੰਘ ਯੂਥ ਕਲੱਬ ਕੁਰੜ ਵੱਲੋਂ 23 ਮਾਰਚ ਦੇ ਸ਼ਹੀਦਾਂ ਸ਼ਹੀਦ-ਏ-ਆਜਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ। ਪਿੰਡ ਦੀ ਗਲੀ ਗਲੀ ਜੋਸ਼ ਭਰਪੂਰ ਇਨਕਲਾਬੀ ਮਸ਼ਾਲ ਮਾਰਚ ਕੀਤਾ ਗਿਆ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਇਨਕਲਾਬੀ ਕੇਂਦਰ ਪੰਜਾਬ ਦੇ ਨੌਜਵਾਨ ਆਗੂ ਹਰਪ੍ਰੀਤ, ਮਜੀਦ ਖਾਂ ਅਤੇ ਮਨਦੀਪ ਸਿੰਘ ਪ੍ਰਧਾਨ ਨੇ ਕਿਹਾ ਕਿ ਸ਼ਹੀਦਾਂ ਵੱਲੋਂ ਲਾਇਆ 'ਇਨਕਲਾਬ-ਜ਼ਿੰਦਾਬਾਦ' ਅਤੇ 'ਸਾਮਰਾਜਵਾਦ-ਮੁਰਦਾਬਾਦ' ਦਾ ਨਾਹਰਾ ਅੱਜ ਵੀ ਉਸ ਸਮੇਂ ਜਿੰਨੀ ਹੀ ਮਹੱਤਤਾ ਰੱਖਦਾ ਹੈ। ਸਾਮਰਾਜ ਅਤੇ ਭਾਰਤੀ ਦਲਾਲ ਹਾਕਮ ਜਮਾਤਾਂ, ਸੰਸਾਰ ਵਪਾਰ ਸੰਸਥਾ ਅਤੇ ਹੋਰ ਸਾਮਰਾਜੀ ਸੰਸਥਾਵਾਂ ਰਾਹੀਂ ਭਾਰਤ ਦੇ ਖੇਤੀ/ਪੇਂਡੂ ਖੇਤਰ ਨੂੰ ਸਾਮਰਾਜੀ ਬਹੁ ਕੰਪਨੀਆਂ ਦੇ ਹਵਾਲੇ ਕਰਨਾ ਚਾਹੁੰਦੀਆਂ ਹਨ। ਇਸੇ ਹੀ ਤਰ੍ਹਾਂ ਕਿਰਤੀਆਂ ਵੱਲੋਂ ਹਾਸਲ ਕੀਤੇ ਵੱਡੇ ਸੰਘਰਸ਼ਾਂ ਦੀ ਬਦੌਲਤ ਕਿਰਤ ਕਾਨੂੰਨਾਂ ਦਾ ਭੋਗ ਪਾਕੇ ਚਾਰ ਕਿਰਤ ਕੋਡਾਂ ਵਿੱਚ ਤਬਦੀਲ ਕਰਕੇ ਕਿਰਤ ਦੀ ਰੱਤ ਨਿਚੋੜੀ ਜਾ ਰਹੀ ਹੈ। ਅਮੀਰ-ਗਰੀਬ ਦੇ ਪਾੜੇ ਦੀ ਖਾਈ ਹੋਰ ਡੂੰਘੀ ਹੁੰਦੀ ਜਾ ਰਹੀ ਹੈ। 1% ਅਮੀਰਾਂ ਕੋਲ ਮੁਲਕ ਦੀ 40% ਧਨ ਦੌਲਤ ਇਕੱਠੀ ਹੋ ਗਈ ਹੈ। ਮੋਦੀ ਹਕੂਮਤ ਨੇ ਫ਼ਿਰਕੂ ਫਾਸ਼ੀ ਹੱਲਾ ਤੇਜ਼ ਕੀਤਾ ਹੋਇਆ ਹੈ। ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਦੀ ਨੀਤੀ ਰਾਹੀਂ ਨੌਜਵਾਨਾਂ ਕੋਲੋਂ ਪੜ੍ਹਾਈ ਦਾ ਹੱਕ ਅਤੇ ਰੁਜ਼ਗਾਰ ਦੇ ਵਸੀਲੇ ਖ਼ਤਮ ਕੀਤੇ ਜਾ ਰਹੇ ਹਨ।ਇਸ ਲਈ ਕਿਸਾਨਾਂ-ਮਜ਼ਦੂਰਾਂ, ਨੌਜਵਾਨਾਂ ਅਤੇ ਹੋਰ ਕਿਰਤੀ ਲੋਕਾਂ ਨੂੰ ਆਪਣੇ ਘੋਲ ਲੁਟੇਰੀਆਂ ਸਾਮਰਾਜੀ ਸੰਸਥਾਵਾਂ ਖ਼ਿਲਾਫ਼ ਸੇਧਤ ਕਰਨ ਦੀ ਲੋੜ ਹੈ। ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਵਿਚਾਰ ਭਾਰਤ ਦੀ ਕਿਰਤੀ ਜਮਾਤ ਵਾਸਤੇ ਚਾਨਣ ਮੁਨਾਰਾ ਹਨ। ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੀ ਵਿਗਿਆਨਕ ਵਿਚਾਰਧਾਰਾ ਨੂੰ ਪੜ੍ਹਨ,ਚੇਤੰਨ ਮਨਾਂ ਦਾ ਹਿੱਸਾ ਬਨਾਉਣ ਅਤੇ ਸਭ ਤੋਂ ਵਧੇਰੇ ਚਿੰਤਨ ਕਰਨ ਦੀ ਲੋੜ ਹੈ।



ਮਸ਼ਾਲ ਮਾਰਚ ਦੇ ਵੱਖ-ਵੱਖ ਪੜਾਵਾਂ ਸਮੇਂ ਸੰਬੋਧਨ ਕਰਦਿਆਂ ਜਗਮੀਤ ਬੱਲਮਗੜ੍ਹ, ਮਨਦੀਪ ਸਿੰਘ ਕੁਰੜ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਦਾ ਮਕਸਦ ਉਨ੍ਹਾਂ ਦੀ ਵਿਗਿਆਨਕ ਵਿਚਾਰਧਾਰਾ ਨੂੰ ਲੋਕ ਮਨਾਂ ਦਾ ਹਿੱਸਾ ਬਨਾਉਣਾ ਹੈ। ਇਸ ਮਸ਼ਾਲ ਮਾਰਚ ਨੂੰ ਸਫ਼ਲ ਬਣਾਉਣ ਵਿੱਚ ਭਾਕਿਯੂ ਏਕਤਾ ਡਕੌਂਦਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਸਮੇਂ ਜਸਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਰਣਬੀਰ ਸਿੰਘ, ਅਰਜਨ ਸਿੰਘ, ਬਲਬੀਰ ਸਿੰਘ, ਜਗਸੀਰ ਸਿੰਘ ਬੀਕੇਯੂ ਏਕਤਾ (ਡਕੌਂਦਾ) ਧਨੇਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਲੱਬ ਆਗੂ ਵੀ ਹਾਜ਼ਰ ਸਨ।

ਦੇਸ਼ ਦੁਆਬਾ

## ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ

# ਤਿੰਨ ਬਲੀਆਂ

**ਡਾ. ਭੀਮ ਰਾਓ ਅੰਬੇਦਕਰ**



ਹੱਥਲਾ ਲੇਖ ਡਾ. ਭੀਮ ਰਾਓ ਅੰਬੇਦਕਰ ਦੀ ਸੰਪਾਦਨਾ ਹੇਠ ਨਿਕਲਣ ਵਾਲੇ ਅਖ਼ਬਾਰ 'ਜਨਤਾ' (ਦਾ ਪੀਪਲ) ਦੇ 13 ਅਪ੍ਰੈਲ 1931 ਸੋਮਵਾਰ ਵਾਲੇ ਅੰਕ 'ਚੋਂ ਲਿਆ ਗਿਆ ਹੈ। ਡਾ. ਭੀਮ ਰਾਓ ਅੰਬੇਦਕਰ ਨੇ ਪਹਿਲਾਂ 'ਮੂਕ ਨਾਇਕ' ਬਹਿਸ਼ਕਰਿਤ ਭਾਰਤ', 'ਸਮਤਾ' ਨਾਮੀ ਅਖ਼ਬਾਰਾਂ/ ਪਰਚਿਆਂ ਦੀ ਸੰਪਾਦਨਾ ਕੀਤੀ ਸੀ ਅਤੇ ਫਿਰ 24 ਨਵੰਬਰ 1930 ਨੂੰ 'ਜਨਤਾ' ਨਾਂ ਹੇਠ ਪਹਿਲਾ ਪੰਦਰਵਾੜਾ ਪਰਚਾ ਜਾਰੀ ਕੀਤਾ ਸੀ। ਉਪਰੋਕਤ ਪਰਚੇ ਸਾਰੇ ਮਰਾਠੀ ਭਾਸ਼ਾਈ ਹੀ ਸਨ। 'ਜਨਤਾ' ਦੇ 22 ਅੰਕ ਲਗਾਤਾਰ ਨਿਕਲੇ, ਫਿਰ ਅੰਕ 23-24 ਸੰਯੁਕਤ ਅੰਕ ਦੇ ਰੂਪ ਵਿਚ ਨਿਕਲਿਆ ਅਤੇ ਪਿੱਛੋਂ ਸਪਤਾਹਿਕ ਹੋ ਗਿਆ। 'ਤਿੰਨ ਬਲੀ' ਨਾਮੀ ਸੰਪਾਦਕੀ ਲਿਖਤ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਸ਼ਹਾਦਤਾਂ ਉੱਤੇ ਇਕ ਰਾਜਸੀ ਟਿੱਪਣੀ ਵਜੋਂ ਲਿਖਿਆ ਗਿਆ ਸੀ। ਮਰਾਠੀ 'ਚ ਲਿਖੇ ਇਸ ਲੇਖ ਨੂੰ ਲੰਮਾ ਸਮਾਂ ਗੌਲਿਆ ਨਾ ਜਾਣਾ ਇਕ ਚਿੰਤਾ ਦਾ ਵਿਸ਼ਾ ਹੈ ਪਰ ਇਹ ਲੇਖ ਡਾ. ਅੰਬੇਡਕਰ ਦੀ ਭਾਰਤੀ ਇਨਕਲਾਬੀਆਂ ਪ੍ਰਤੀ ਦ੍ਰਿਸ਼ਟੀ ਵਿਚਲੀ ਸਾਂਝ ਨੂੰ ਵੀ ਪ੍ਰਗਟ ਕਰਦਾ ਹੈ। ਡਾ. ਅੰਬੇਦਕਰ ਜਿਹੜੇ ਖੁਦ ਇਕ ਕਾਨੂੰਨਦਾਨ ਸਨ, ਨੇ ਨਾ ਸਿਰਫ ਇਸ ਸਜ਼ਾ ਨੂੰ ਰਾਜਨੀਤਿਕ ਫੈਸਲੇ ਦੇ ਤੌਰ 'ਤੇ ਚਿੰਨਿਤ ਕੀਤਾ ਸਗੋਂ ਇਸ ਨੂੰ ਇਕ ਨਿਆਂਇਕ ਢੌਂਗ ਵੀ ਕਿਹਾ ਹੈ। ਮਰਾਠੀ 'ਚ ਲਿਖੇ ਇਸ ਲੇਖ ਦਾ ਅਨੁਵਾਦ ਸਾਡੇ ਇਨਕਲਾਬੀ ਮਿੱਤਰ ਸੁਭਾਸ ਗਾਤਾੜੇ ਨੇ ਹਿੰਦੀ ਵਿਚ ਕੀਤਾ, ਜਿਸ ਦਾ ਪੰਜਾਬੀ ਅਨੁਵਾਦ ਅਸੀਂ ਪਾਠਕਾਂ ਸਾਹਮਣੇ ਰੱਖ ਰਹੇ ਹਾਂ।

ਮਰਾਠੀ 'ਚ 'ਤਿੰਨ ਬਲੀ' ਸ਼ਬਦ ਵਰਤਿਆ ਹੈ, ਹਿੰਦੀ ਦੇ ਇਕ ਹੋਰ ਪਰਚੇ ਨੇ ਇਸਨੂੰ 'ਤਿੰਨ ਸ਼ਿਕਾਰ' ਕਰ ਦਿੱਤਾ ਅਤੇ ਇਕ ਨੇ 'ਤਿੰਨ ਸ਼ਹਾਦਤਾਂ' ਕਰ ਦਿੱਤਾ। ਅਸੀਂ ਮਰਾਠੀ ਦੇ 'ਤਿੰਨ ਬਲੀ' ਨੂੰ ਹੀ 'ਤਿੰਨ ਬਲੀਆਂ' ਕੀਤਾ ਹੈ। ਹਿੰਦੂ ਸੰਸਕ੍ਰਿਤੀ ਦਾ 'ਬਲੀ' ਸ਼ਬਦ ਕੋਈ ਵਿਆਖਿਆ ਨਹੀਂ ਮੰਗਦਾ। ਭਾਵ ਬਲੀ ਲਈ ਜਾਂਦੀ ਹੈ ਜਾਂ ਚਾੜ੍ਹੀ ਜਾਂਦੀ ਹੈ।

**ਅਨੁਵਾਦ ਤੇ ਪੇਸ਼ਕਸ਼- ਨਰਭਿੰਦਰ**

# ਲੋਕ ਸਭਾ ਚੋਣਾਂ- ਆਪਣਾ ਰਾਹ ਆਪ ਅਖ਼ਤਿਆਰ ਕਰਦਾ ਹੈ ਪੰਜਾਬ!



**ਗੁਰਮੀਤ ਪਲਾਹੀ**
**91-98158-02070**

ਪੰਜਾਬ, ਲੋਕ ਸਭਾ ਚੋਣਾਂ ਵੇਲੇ ਆਪਣਾ ਰਾਹ ਆਪ ਉਲੀਕਦਾ ਹੈ, ਉਹ ਦੇਸ਼ 'ਚ ਚੱਲੀ ਕਿਸੇ "ਵਿਅਕਤੀ ਵਿਸ਼ੇਸ਼" ਦੀ ਲਹਿਰ ਦਾ ਹਿੱਸਾ ਨਹੀਂ ਬਣਦਾ। ਉਹ ਧੱਕੇ ਧੌਂਸ ਵਿਰੁੱਧ ਹਿੱਕ ਡਾਹਕੇ ਖੜਦਾ ਹੈ, ਸੰਘਰਸ਼ ਕਰਦਾ ਹੈ। ਗੱਲ ਦੇਸ਼ 'ਚ 1975 'ਚ ਲੱਗੀ ਐਮਰਜੈਂਸੀ ਵੇਲੇ ਦੀ ਕਰ ਲਈਏ ਜਾਂ 2014 'ਚ ਚੱਲੀ "ਮੋਦੀ ਲਹਿਰ" ਦੀ , ਪੰਜਾਬ ਆਪਣੀ ਚਾਲੇ ਚਲਦਾ ਰਿਹਾ ਅਤੇ ਸਪਸ਼ਟ ਨਤੀਜੇ ਦਿੰਦਾ ਰਿਹਾ।

ਦੇਸ਼ 'ਚ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਗਿਆ ਹੈ। 17 ਵੀਂ ਲੋਕ ਸਭਾ ਚੋਣਾਂ 'ਚ 98 ਕਰੋੜ ਭਾਰਤੀ ਵੋਟਰ ਹਿੱਸਾ ਲੈਣਗੇ ਜੋ 7 ਪੜ੍ਹਾਵਾਂ 'ਚ ਹੋ ਰਹੀ ਹੈ। 19 ਅਪ੍ਰੈਲ ਤੋਂ ਪਹਿਲਾ ਪੜ੍ਹਾਅ ਅਤੇ ਪਹਿਲੀ ਜੂਨ 2024 ਨੂੰ ਸੱਤਵੇ ਪੜ੍ਹਾਅ 'ਚ ਵੱਖੋ-ਵੱਖਰੇ ਰਾਜਾਂ 'ਚ ਚੋਣ ਹੋਏਗੀ। ਨਤੀਜੇ 4 ਜੂਨ 2024 ਨੂੰ ਨਿਕਲਣਗੇ। ਪੰਜਾਬ ਪਹਿਲੀ ਜੂਨ ਨੂੰ ਚੋਣਾਂ 'ਚ ਹਿੱਸਾ ਲਵੇਗਾ। ਪੰਜਾਬ ਦੇ 2.12 ਕਰੋੜ ਵੋਟਰ ਹਨ। 2019 ਦੀਆਂ ਚੋਣਾਂ ਨਾਲੋਂ 8.96 ਲੱਖ ਵੋਟਰਾਂ ਦਾ 2024 ਦੀਆਂ ਚੋਣਾਂ ਲਈ ਵਾਧਾ ਹੋਇਆ ਹੈ। ਪੁਰਸ਼ 1.11 ਕਰੋੜ, ਔਰਤਾਂ 1.00 ਕਰੋੜ ਅਤੇ 744 ਟਰੈਜੈਂਡਰ ਹਨ।

ਪੰਜਾਬ ਦੇ 13 ਚੋਣ ਹਲਕਿਆਂ, ਪਟਿਆਲਾ, ਫਤਿਹਗੜ੍ਹ, ਗੁਰਦਾਸਪੁਰ, ਅੰਮ੍ਰਿਤਸਰ, ਖਡੂਰ ਸਾਹਿਬ, ਜਲੰਧਰ, ਹੁਸ਼ਿਆਰਪੁਰ, ਅਨੰਦਪੁਰ, ਲੁਧਿਆਣਾ, ਫਰੀਦਕੋਟ, ਫਿਰੋਜਪੁਰ,ਬਠਿੰਡਾ, ਸੰਗਰੂਰ ਵਿਚੋਂ 4 ਲੋਕ ਸਭਾ ਸੀਟਾਂ ਹੁਸ਼ਿਆਰਪੁਰ, ਜਲੰਧਰ, ਫਤਿਹਗੜ੍ਹ, ਫਰੀਦਕੋਟ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ।

ਚਲਦੇ-ਚਲਦੇ ਮੋਦੀ ਦੌਰ ਦੇ ਪੰਜਾਬ ਦੇ ਲੋਕ ਸਭਾ ਚੋਣ ਨਤੀਜਿਆਂ ਉਤੇ ਝਾਤੀ ਮਾਰਦੇ ਹਾਂ। ਸਾਲ 2014 'ਚ ਜਦੋਂ ਦੇਸ਼ ਮੋਦੀ ਲਹਿਰ 'ਚ ਗ੍ਰਸਿਆ ਪਿਆ ਸੀ, ਭਾਜਪਾ ਨੂੰ ਪੰਜਾਬ ਵਿਚੋਂ ਸਿਰਫ਼ ਦੋ ਸੀਟਾਂ ਪ੍ਰਾਪਤ ਹੋਈਆਂ, ਜਦਕਿ ਦੇਸ਼ ਭਰ 'ਚ ਭਾਜਪਾ ਨੂੰ 282 ਸੀਟਾਂ ਆਈਆਂ ਸਨ। ਸਾਲ 2019 ਦਾ ਭਾਜਪਾ ਨੂੰ ਫਿਰ ਦੇਸ਼ 'ਚ 303 ਸੀਟਾਂ ਮਿਲੀਆਂ ਪਰ ਪੰਜਾਬ ਵਿਚ ਉਹ ਸਿਰਫ਼ ਤਿੰਨ ਸੀਟਾਂ ਪ੍ਰਾਪਤ ਕਰ ਸਕੀ, ਉਹ ਵੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਗੱਠਜੋੜ ਕਾਰਨ।

ਇਹਨਾ ਦਸ ਸਾਲਾਂ 'ਚ ਕੇਂਦਰ 'ਚ ਭਾਜਪਾ ਕਾਬਜ ਰਹੀ, ਪਰ ਪੰਜਾਬ 'ਚ ਪਹਿਲਾਂ, ਅਕਲੀ-ਭਾਜਪਾ, ਫਿਰ ਕਾਂਗਰਸ ਅਤੇ ਫਿਰ ਆਪ ਆਦਮੀ ਪਾਰਟੀ ਨੇ ਆ-ਪਣੀਆਂ ਸੂਬਾ ਸਰਕਾਰਾਂ ਬਣਾਈਆਂ ਅਤੇ ਅਕਾਲੀ-ਭਾਜਪਾ ਗੱਠਜੋੜ ਦਾ ਜਿਵੇਂ ਸੂਬੇ ਪੰਜਾਬ ਵਿਚੋਂ ਸਫਾਇਆ ਹੀ ਕਰ ਦਿੱਤਾ। ਭਾਜਪਾ ਨੂੰ ਕਿਸਾਨ ਅੰਦੋਲਨ ਨੇ ਪੰਜਾਬ 'ਚ ਵਧੇਰੇ ਪ੍ਰਭਾਵਤ ਕੀਤਾ।

ਪੰਜਾਬ 'ਚੋਂ ਉਠੇ ਪਹਿਲੇ ਕਿਸਾਨ ਅੰਦਲਨ ਨੇ ਪੰਜਾਬ ਵਿੱਚ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿੱਚ ਭਾਜਪਾ ਦੇ ਕੇਂਦਰਵਾਦ ਵਿਰੁੱਧ ਅਵਾਜ਼ ਉਠਾਈ। ਤਿੰਨ ਕਾਲੇ ਖੇਤੀ ਕਾਨੂੰਨ, ਉਸ ਪ੍ਰਧਾਨ ਮੰਤਰੀ ਕੋਲੋਂ ਰੱਦ ਕਰਵਾਏ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਕਿਸੇ ਅੱਗੇ ਝੁਕਦਾ ਨਹੀਂ ਅਤੇ ਮੋਦੀ ਹੈ ਤਾਂ ਮੁਮਕਿਨ' ਹੈ। ਇਹ ਅੰਦੋਲਨ, ਜੋ ਕਿਸਾਨਾਂ, ਮਜ਼ਦੂਰਾਂ, ਬੁੱਧੀਜੀਵੀਆਂ, ਚੇਤੰਨ ਲੋਕਾਂ ਦਾ ਅੰਦੋਲਨ ਹੋ ਨਿ-ਬੜਿਆ, ਨੇ ਪੰਜਾਬ ਵਿਚੋਂ ਇੱਕ ਇਹੋ ਜਿਹਾ ਸੰਦੇਸ਼ ਦਿੱਤਾ ਕਿ ਲੋਕਤੰਤਰੀ ਢਾਂਚੇ ਨੂੰ ਆਂਚ ਆਉਣ ਅਤੇ ਭਾਰਤੀ ਸੰਘਵਾਦ ਦੀ ਤਬਾਹੀ ਜਾਂ ਖ਼ਾਤਮੇ ਲਈ ਕਿਸੇ ਵੀ ਯਤਨ ਨੂੰ ਪੰਜਾਬ ਵਿੱਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਬਾਵਜੂਦ ਇਸ ਗੱਲ ਦੇ ਕਿ ਪੰਜਾਬ ਦੇ ਲੋਕਾਂ ਨੇ 1947 ਭੁਗਤੀ, '84 ਦਾ ਸੰਤਾਪ ਪਿੰਡੇ ਹੰਢਾਇਆ, ਖਾੜਕੂਵਾਦ ਦੇ ਦੌਰ 'ਚ ਵੱਡਾ ਨੁਕਸਾਨ ਉਠਾਇਆ ਪਰ ਪੰਜਾਬ ਦੇ ਲੋਕ, ਜਿਹਨਾ ਦੇ ਪੱਲੇ ਆਜ਼ਾਦੀ ਦੀ ਅਲਖ਼ ਉਹਨਾ ਦੇ ਪੂਰਬਜਾਂ ਨੇ ਜਗਾਈ ਹੋਈ ਸੀ, ਉਸ ਵਿਰਾਸਤ ਨੂੰ ਅੱਗੇ ਤੋਰਿਆ ਅਤੇ ਨਿਰੰਤਰ ਤੋਰਿਆ।

1975 ਦੀ ਐਮਰਜੈਂਸੀ ਦੇ ਵਰ੍ਹਿਆਂ 'ਚ ਪੰਜਾਬ ਦੇ ਲੋਕਾਂ ਨੇ ਜੇਲ੍ਹਾਂਕੱ-ਟੀਆਂ, ਉਹ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਨੀਤੀਆਂ ਦੇ ਵਿਰੁੱਧ ਲੜੇ, ਉਹ ਜੈਪ੍ਰਕਾਸ਼ ਨਰਾਇਣ ਦੀ ਅਗਵਾਈ 'ਚ ਵਿਰੋਧੀ ਦਲਾਂ ਦੀ ਮੁਹਿੰਮ 'ਚ ਉਹਨਾ ਨਾਲ ਨਿਭੇ। ਲਗਭਗ ਇਹਨਾ ਹੀ ਵਰ੍ਹਿਆਂ 'ਚ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦਾ ਮਤਾ ਲਿਆਂਦਾ, ਜੋ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਕਰਦਾ ਸੀ। ਜਿਸਨੇ ਸਮੁੱਚੇ ਦੇਸ਼ 'ਚ ਇੱਕ ਤਰ੍ਹਾਂ ਨਵੀਂ ਚਰਚਾ ਛੇੜੀ।

ਇਸੇ ਦੌਰ 'ਚ ਦੱਖਣੀ ਭਾਰਤ 'ਚ ਖੇਤਰੀ ਪਾਰਟੀਆਂ ਡੀਐਮਕੇ ਅਤੇ ਅੰ-ਨਾਡੀਐਮਕੇ (ਤਾਮਿਲਨਾਡੂ) ਤੇਲਗੂ ਦੇਸ਼ਮ ਅਤੇ ਵਾਈ ਐਸ.ਆਰ. (ਆਂਧਰਾ ਪ੍ਰਦੇਸ਼) ਅਤੇ ਤਿਲੰਗਾਨਾ 'ਚ ਟੀ.ਆਰ.ਐਸ ਵਰਗੀਆਂ ਪਾਰਟੀਆਂ ਨੇ ਸੂਬਿਆਂ ਲਈ ਵਧ ਅਧਿਕਾਰਾਂ ਦੀ ਮੰਗ ਕੀਤੀ। ਪਰ ਕਿਉਂਕਿ ਭਾਜਪਾ ਕਦੇ ਵੀ ਖੇਤਰੀ ਦਲਾਂ ਦੇ ਹੱਕ 'ਚ ਨਹੀਂ ਰਹੀ। ਕਈ ਥਾਵੀਂ ਉਸ ਵੇਲੇ ਖੇਤਰੀ ਦਲਾਂ ਨਾਲ ਸਾਂਝ ਭਿਆਲੀ ਕਰਦਿਆਂ, ਉਹਨਾ ਦੀ ਹੋਂਦ ਮਿਟਾਉਣ ਦਾ ਯਤਨ ਕੀਤਾ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਾਂਝ ਪਾਕੇ, ਉਸਦਾ ਵੱਡਾ ਨੁਕਸਾਨ ਕੀਤਾ। ਜਨਤਾ ਪਾਰਟੀ, ਇਨੈਲੋ, ਭਾਜਪਾ ਅਤੇ ਜਨਤਾ ਦਲ(ਐਸ) ਨਾਲ ਕੁਝ ਸਮੇਂ ਦੀ ਸਾਂਝ ਭਿਆਲੀ, ਉਹਨਾ ਪਾਰ-ਟੀਆਂ ਦੀ ਦੁਰਦਸ਼ਾ ਦਾ ਕਾਰਨ ਬਣੀ। ਮਹਾਂਰਾਸ਼ਟਰ, ਉੜੀਸਾ, ਆਂਧਰਾ ਪ੍ਰਦੇਸ਼, ਹ-ਰਆਣਾ ਵਿੱਚ ਸਿਵਸੈਨਾ, ਐਸ.ਸੀ.ਪੀ. ਅਤੇ ਜਜਪਾ ਨਾਲ ਸਾਂਝ ਭਿਆਲੀ ਕਰਕੇ ਭਾਜਪਾ ਦਾ ਉਦੇਸ਼ ਉਹਨਾ ਨੂੰ ਖ਼ਤਮ ਕਰਨਾ ਸੀ। ਪਰ ਉਹ ਸਮਾਂ ਰਹਿੰਦਿਆਂ ਭਾਜਪਾ ਦੀ ਚਾਲ ਸਮਝ ਗਏ।

ਪੰਜਾਬ ਦੇ ਲੋਕ ਵੀ ਭਾਜਪਾ ਦੀਆਂ ਨੀਤੀਆਂ ਤੋਂ ਵਾਕਫ ਹੋਏ। ਉਸਦੇ ਕੇਂਦਰੀਵਾਦ, ਇੱਕ ਦੇਸ਼ ਇੱਕ ਬੋਲੀ, ਇੱਕ ਚੋਣ ਦੇ ਦੇਸ਼ 'ਚ ਲਾਗੂ ਕਰਨ ਦੇ ਮੰਤਵ ਨੂੰ ਨਿਕਾਰਿਆ। ਧਾਰਮਿਕ ਕੱਟੜਤਾ ਦੇ ਉਸਦੇ ਅਜੰਡੇ ਨੂੰ ਪੰਜਾਬ ਨੇ ਕਦੇ ਪ੍ਰਵਾਨ ਨਹੀਂ ਕੀਤਾ ਅਤੇ ਪੰਜਾਬ ਨੇ ਭਾਜਪਾ ਨੂੰ ਕਦੇ ਵੀ ਤਰਜੀਹ ਨਹੀਂ ਦਿੱਤੀ, ਬਾਵਜੂਦ ਇਸ ਗੱਲ ਦੇ ਕਿ ਉਸ ਵਲੋਂ ਹੋਰ ਪਾਰਟੀਆਂ ਦੇ ਵੱਡੇ ਨੇਤਾਵਾਂ ਜਿਵੇਂ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਵਰਗੇ ਨੇਤਾਵਾਂ ਨੂੰ ਆਪਣੇ ਨਾਲ ਜੋੜ ਲਿਆ। ਭਾਜਪਾ ਦੇ ਕੇਂਦਰ ਸਰਕਾਰ ਦੇ ਨਾਹਰੇ "ਡਬਲ ਇੰਜਣ" ਸਰਕਾਰ ਦੇ ਲਾਲੀਪਾਪ ਨੂੰ ਪੰਜਾਬ ਨੇ ਕਦੇ ਵੀ ਪ੍ਰਵਾਨ ਨਹੀਂ ਕੀਤਾ। ਪੰਜਾਬ ਸਰਹੱਦੀ ਸੂਬਾ ਹੈ। ਇਸ ਸੂਬੇ ਨੇ ਆਪਣੇ ਸੀਨੇ 'ਤੇ ਜੰਗਾਂ ਵੀ ਸਹੀਆਂ। ਖਾੜਕੂਵਾਦ ਦਾ ਸੰਤਾਪ ਵੀ ਹੰਢ-ਾਇਆ। ਬੋਲੀ 'ਤੇ ਅਧਾਰਤ "ਪੰਜਾਬੀ ਸੂਬਾ" ਪ੍ਰਾਪਤ ਕਰਨ ਲਈ ਲੰਮਾ ਸੰਘਰਸ਼ ਕੇਂ-ਦਰੀ ਹਾਕਮਾਂ ਨਾਲ ਲੜਿਆ। ਆਪਣੀ ਮਾਂ ਬੋਲੀ ਪੰਜਾਬੀ ਨੂੰ ਕੇਂਦਰੀ ਹਾਕਮਾਂ ਵਲੋਂ ਦਰਕਿਨਾਰ ਕਰਨ ਤੇ ਕੋਝੀਆਂ ਚਾਲਾਂ ਚੱਲਣ ਵਿਰੁੱਧ ਅਵਾਜ਼ ਉਠਾਈ। ਪੰਜਾਬ ਦੇ ਪਾਣੀ ਖੋਹੇ ਜਾਣ ਵਿਰੁੱਧ ਸੀਨਾ ਤਾਣਕੇ ਪੰਜਾਬ ਦੇ ਲੋਕ ਖੜੇ ਹੋਏ।

ਕੇਂਦਰ ਦੇ ਹਾਕਮ, ਪੰਜਾਬ ਨੂੰ ਨਾ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਇਨਸਾਫ਼ ਦੇ ਸਕੇ, ਨਾ ਪੰਜਾਬ ਨੂੰ ਇੱਕ ਸਨੱਅਤੀ ਸੂਬੇ ਵਜੋਂ ਜਾਂ ਵਪਾਰਕ ਕੇਂਦਰ ਵਜੋਂ ਉਭਰਨ ਦੇ ਮੌਕੇ ਉਸਨੇ ਦਿੱਤੇ। ਹਾਂ, ਪੰਜਾਬ ਨੂੰ ਦੇਸ਼ ਦਾ ਅੰਨਦਾਤਾ ਆਖਕੇ ਉਸਦੀਆਂ ਵਡਿਆਈਆਂ ਕਰਕੇ, ਇਥੋਂ ਐਨੀ ਕਣਕ ਤੇ ਚਾਵਲ ਪ੍ਰਾਪਤ ਕਰਦੇ ਰਹੇ ਕਿ ਅੱਜ ਪੰਜਾਬ, ਧਰਤੀ ਹੇਠਲੇ ਪਾਣੀ ਦੀ ਥੋੜ ਕਾਰਨ ਮਾਰੂਥਲ ਬਨਣ ਵੱਲ ਅੱਗੇ ਵਧ ਰਿਹਾ ਹੈ। ਕਿਉਂਕਿ ਕੇਂਦਰੀ ਹਾਕਮ ਪੰਜਾਬ ਨਾਲ ਦੁਪਰਿਆਰਾ ਸਲੂਕ ਕਰਦੇ ਰਹੇ, ਇਸੇ ਕਰਕੇ ਪੰਜਾਬ ਦੇ ਲੋਕਾਂ ਦੇ ਦਿਲਾਂ 'ਚ ਰੋਹ ਉਪਜਦਾ ਰਿਹਾ ਹੈ। ਇਸੇ ਕਰਕੇ ਪੰਜਾਬ ਦੇ ਫ਼ੈਸਲੇ ਆਮ ਤੌਰ 'ਤੇ ਰੋਹ ਭਰੇ ਪਰ ਵਿਵੇਕਪੂਰਨ, ਲੋਕ ਹਿਤੈਸ਼ੀ ਰਹੇ ਹਨ, ਕਿਉਂਕਿ ਪੰਜਾਬ, ਉੱਚ ਦੁਮਾਲੜੇ ਕਿਰਦਾਰ ਵਿਹਾਰ ਵਾਲੇ ਅਜਿਹੇ ਸਿਆ-ਸਤਦਾਨਾਂ ਦੀ ਜਿਹੜੇ ਪੰਜਾਬ ਤੇ ਮੁਲਕ ਦੀ ਬਿਹਤਰੀ ਲਈ ਫੈਡਰਲ ਸਿਆਸਤ ਦੇ ਬਿਰਤਾਂਤ ਤੇ ਅਜੰਡੇ ਨੂੰ ਸਮਰਪਿਤ ਹੋਣ, ਨੂੰ ਤਰਜੀਹ ਦਿੰਦਾ ਰਿਹਾ ਹੈ। ਪੰਜਾਬ ਜਾਗਰੂਕ ਹੈ, ਉਹ ਸਮੇਂ-ਸਮੇਂ ਉਹਨਾ ਸਿਆਸਤਦਾਨਾਂ ਨੂੰ ਸਜ਼ਾ ਦੇਣ ਲਈ ਜਾਣਿਆ ਜਾਂਦਾ ਹੈ, ਜਿਹੜੇ ਪੰਜਾਬ ਨੂੰ ਆਪਣੀ ਮਲਕੀਅਤ ਸਮਝਦੇ ਰਹੇ। ਅਕਾਲੀ ਦਲ ਜਿਹੜਾ ਪੰਜਾਬ 'ਤੇ 25 ਸਾਲ ਰਾਜ ਕਰਨ ਦੀ ਗੱਲ ਕਰਦਾ ਰਿਹਾ, ਉਸ ਨੂੰ ਕਿਸਾਨਾਂ ਦੇ ਵਿਰੋਧ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਨੂੰ ਸਹੀ ਢੰਗ ਨਾਲ ਨਾ ਨਿਪਟਾਉਣ ਕਾਰਨ ਸੱਤਾ ਤੋਂ ਹੱਥ ਧੋਣੇ ਪਏ।

ਦੋ ਸਾਲ ਪਹਿਲਾਂ ਜਦੋਂ ਆਮ ਆਦਮੀ ਪਾਰਟੀ ਨੂੰ ਪੰਜਾਬ ਨੇ ਆਪਣੇ ਸਿਰ 'ਤੇ ਬਿਠਾਇਆ, ਉਸ ਵਲੋਂ ਕੀਤੀ ਇਕੋ ਗਲਤੀ ਨੇ ਰਾਜਭਾਗ ਦੇ 6 ਮਹੀਨਿਆਂ ਦੇ ਅੰਦਰ ਸੰਗਰੂਰ ਲੋਕ ਸਭਾ ਸੀਟਾਂ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਖਾਲੀ ਹੋਈ ਲੋਕ ਸਭਾ ਸੀਟ ਤੋਂ ਜਿਮਨੀ ਚੋਣ ਵੇਲੇ ਆਮ ਆਦਮੀ ਪਾਰਟੀ ਨੂੰ ਹਰਾ ਕੇ ਸਿਮ-ਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ (ਸਿਮਰਨਜੀਤ ਸਿੰਘ) ਨੂੰ ਇਹ ਸੀਟ ਜਿਤਾ ਦਿੱਤੀ।

ਅੱਜ ਜਦ ਭਾਜਪਾ ਆਪਣੇ ਮੂਲ ਅਜੰਡੇ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਪਾਰਟੀ ਲਈ 370 ਸੀਟਾਂ ਜਿਤਾਉਣ ਦੀ ਅਪੀਲ ਕਰ ਰਹੀ ਹੈ। ਉਸਦਾ ਅਜੰਡਾ ਸਿਰਫ ਹਿੰਦੂ ਰਾਸ਼ਟਰ ਆਯੋਧਿਆ, ਕਾਸ਼ੀ ਤੱਕ ਸੀਮਤ ਨਹੀਂ ਰਹੇਗਾ। ਹਿੰਦੂ ਮੰਦਰਾਂ ਦੇ ਕੋਲ ਹੋਰ ਵੀ ਮਸਜਿਦਾਂ ਨੂੰ ਲੈ ਕੇ ਵਿਵਾਦ ਹੋਣਗੇ। ਵੱਧ ਤੋਂ ਵੱਧ ਸੜਕਾਂ ਦੇ ਨਾਂਅ ਬਦਲੇ ਜਾਣਗੇ। ਗਿਆਰਾ ਮਾਰਚ 2024 ਨੂੰ ਨਾਗਰਿਕਤਾ ਸੋਧ ਕਾਨੂੰਨ 2019 ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਤਜ਼ਰਬੇ ਦੇ ਤੌਰ 'ਤੇ ਉਤਰਾਖੰਡ 'ਚ ਇਹ ਲਾਗੂ ਕਰ ਦਿੱਤਾ ਗਿਆ ਹੈ। ਇੱਕ ਰਾਸ਼ਟਰ, ਇੱਕ ਚੋਣ ਦਾ ਕਾਨੂੰਨ ਵੀ ਸੰਸਦ 'ਚ ਪਾਸ ਕਰ ਦਿੱਤਾ ਜਾਏਗਾ। ਇਸ ਨਾਲ ਸੰਘਵਾਦ ਅਤੇ ਲੋਕਤੰਤਰ ਹੋਰ ਵੀ ਕਮਜ਼ੋਰ ਹੋ ਜਾਏਗਾ। ਅਤੇ ਭਾਰਤ ਸਰਕਾਰ ਰਾਸ਼ਟਰਪਤੀ ਪ੍ਰਣਾਲੀ ਦੇ ਨਜ਼ਦੀਕ ਪੁੱਜ ਜਾਏਗਾ। ਜਿਸ ਵਿੱਚ ਸਾਰੀਆਂ ਸ਼ਕਤੀਆਂ ਇੱਕ ਹੀ ਵਿਅਕਤੀ ਉਤੇ ਕੇਂਦਰਤਿ ਹੋ ਜਾਣਗੀਆਂ।

ਤਦ ਪੰਜਾਬ ਸਦਾ ਇਹੋ ਜਿਹੀਆਂ ਨੀਤੀਆਂ ਦੇ ਵਿਰੋਧ 'ਚ ਖੜਾ ਹੈ। ਪੰਜਾਬ ਸਦਾ ਸਾਂਝੀਵਾਲਤਾ, ਭਰਾਤਰੀ ਭਾਵ ਦਾ ਮੁਦੱਈ ਰਿਹਾ ਹੈ। ਕਹਿਣੀ ਤੋਂ ਹੀ ਨਹੀਂ ਕਰਨੀ 'ਤੇ ਉਸਦਾ ਇਸੇ 'ਚ ਵਿਚਾਰਧਾਰਾ 'ਤੇ ਵਿਸ਼ਵਾਸ਼ ਹੈ। ਇਸੇ ਕਰਕੇ ਪੰਜਾਬ 'ਚ ਵਿਰੋਧ ਦੀ ਸੁਰ ਹਾਕਮ ਧਿਰਾਂ ਵਿਰੁੱਧ ਭਾਰੂ ਰਹਿੰਦੀ ਹੈ।

ਬਿਨ੍ਹਾਂ ਸ਼ੱਕ, ਦੇਸ਼ ਇਸ ਵੇਲੇ ਮੋਦੀ ਸਰਕਾਰ ਦੇ ਪ੍ਰਚਾਰ 'ਚ ਗ੍ਰਸਿਆ ਨਜ਼ਰ ਆਉਂਦਾ ਹੈ। ਇਹ ਇੱਕ ਅਸਲੀਅਤ ਹੈ ਕਿ ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੇ ਲੋਕ ਕੇਂਦਰਵਾਦ ਦਾ ਸਵਾਗਤ ਕਰਨਗੇ, ਕਿਉਂਕਿ ਸੱਚੇ ਲੋਕਤੰਤਰਿਕ ਮੂਲ ਹੁਣ ਤੱਕ ਸਾਂਝੇ ਪਰਿਵਾਰਕ, ਸਮਾਜਿਕ ਜਾਂ ਰਾਜਨੀਤਕ ਢਾਂਚੇ ਦਾ ਪੂਰੀ ਤਰ੍ਹਾਂ ਨਿਰੀਖਣ ਨਹੀਂ ਕਰ ਸਕੇ। ਇਸੇ ਲਈ ਵਿਕਾਸ ਦੇ ਨਾਅ ਉਤੇ ਅਮੀਰ ਨੂੰ ਜਿਆਦਾ ਅਮੀਰ ਹੁੰਦਿਆਂ ਲੋਕ ਪ੍ਰਵਾਨ ਕਰਨਗੇ ਅਤੇ ਹੇਠਲੇ ਪੰਜਾਹ ਫ਼ੀਸਦੀ ਲੋਕ ਕੁਲ ਜਾਇਦਾਦ ਦੇ ਤਿੰਨ ਫ਼ੀਸਦੀ ਹਿੱਸੇ ਅਤੇ ਰਾਸ਼ਟਰੀ ਆਮਦਨ ਦੇ 13 ਫ਼ੀਸਦੀ ਹਿੱਸੇ 'ਚ ਸੰਤੁਸ਼ਟ ਹੋਣ ਲਈ ਮਜ਼ਬੂਰ ਹੋਣਗੇ। ਇਸ ਨਾਲ ਸਮਾਜਿਕ , ਸੰਸਕ੍ਰਿਤਿਕ ਗੁਲਾਮੀ ਅਤੇ ਪੀੜਾ ਜਾਰੀ ਰਹੇਗੀ ਅਤੇ ਆਰਥਿਕ ਮੰਦਹਾਲੀ ਤੇ ਗਰੀਬੀ ਹੋਰ ਵਧੇਗੀ। ਇਹੋ ਜਿਹੀ ਸਥਿਤੀ ਕਾਲਪਨਿਕ ਨਹੀਂ ਹੈ। ਦੇਸ਼ 'ਚ ਇੱਕ ਗੰਭੀਰ ਸੰਕਟ ਸਥਿਤੀ ਹੈ।

ਪੰਜਾਬ ਇਹੋ ਜਿਹੀਆਂ ਵੱਡੀਆਂ ਤੇ ਗੰਭੀਰ ਸਥਿਤੀਆਂ ਨੂੰ ਮੁਗਲ ਰਾਜ ਵੇਲੇ ਵੀ ਹੰਢਾਉਂਦਾ ਰਿਹਾ ਹੈ, ਅੰਗਰੇਜ਼ ਰਾਜ ਵੇਲੇ ਵੀ। ਇਸੇ ਕਰਕੇ ਪੰਜਾਬ ਦੇ ਪੀੜਤ ਲੋਕ ਲਗਾਤਾਰ ਆਪਣੇ ਹੱਕਾਂ ਲਈ ਲੜਦੇ ਰਹੇ ਹਨ। ਸੰਘਰਸ਼ਾਂ ਤੋਂ ਸਿੱਖਦੇ ਰਹੇ ਹਨ। ਉਹ ਇਤਿਹਾਸ ਦੇ ਉਸ ਗੁਰ ਨੂੰ ਵੀ ਜਾਣਦੇ ਹਨ ਜੋ ਕਹਿੰਦਾ ਹੈ ਕਿ "ਆਜ਼ਾਦੀ ਅਤੇ ਵਿਕਾਸ ਯਕੀਨੀ ਬਨਾਉਣ ਲਈ ਸਮੇਂ-ਸਮੇਂ ਤੇ ਰਾਜ-ਭਾਗ 'ਚ ਤਬ-ਦੀਲੀ ਜ਼ਰੂਰੀ ਹੈ।" ਪੰਜਾਬ ਨੇ ਇਸ ਸੱਚਾਈ ਨੂੰ ਪੱਲੇ ਬੰਨ੍ਹਿਆ ਹੋਇਆ ਹੈ।

ਫੋਕੇ ਨਾਹਰਿਆਂ, ਭਰਮ ਭੁਲੇਖਿਆਂ ਵਾਲੇ ਇਸ ਸਿਆਸੀ ਰੋਲੇ-ਘਚੋਲੇ 'ਚ ਭਾਰਤ ਦੀਆਂ ਚੋਣਾਂ ਉਤੇ ਦੁਨੀਆ ਦੀ ਨਜ਼ਰ ਹੈ। ਪੰਜਾਬ ਇਸ ਚੋਣ 'ਚ ਆਪਣੀਆਂ ਕਦਰਾਂ-ਕੀਮਤਾਂ ਅਨੁਸਾਰ ਨਿਵੇਕਲੀ ਇਬਾਰਤ ਲਿਖੇਗਾ, ਇਹੋ ਹੀ ਪੰਜਾਬ ਤੋਂ ਆਸ ਹੈ। ਉਮੀਦ ਹੈ।

**ਅੰਤਿਕਾ**

ਪੰਜਾਬ ਦੀਆਂ 13 ਸੀਟਾਂ 'ਆਪ' ਵਾਲੇ ਵੀ ਇਕੱਲਿਆਂ ਲੜਨਗੇ ਅਤੇ ਕਾਂਗਰਸ ਵਾਲੇ ਵੀ ਭਾਵੇਂ ਕਿ ਦੋਵੇਂ ਮੋਦੀ ਦੀ ਭਾਜਪਾ ਵਿਰੁੱਧ ਇੰਡੀਆ ਗੱਠਜੋੜ ਦੇ ਮੈਂਬਰ ਹਨ। ਸ਼ਾਇਦ ਖੱਬੀਆਂ ਧਿਰਾਂ ਕਾਂਗਰਸ ਦਾ ਸਾਥ ਦੇਣ। ਬਸਪਾ ਇਕੱਲਿਆਂ ਚੋਣ ਲੜੇਗੀ। ਸ਼੍ਰੋਮਣੀ ਅਕਾਲੀ ਦਲ (ਬ) ਅਤੇ ਭਾਜਪਾ ਵੀ ਇਕੱਲਿਆਂ ਲੜਨ ਲਈ ਬਿਆਨ ਦੇ ਰਹੀ ਹੈ, ਭਾਵੇਂ ਕਿ ਸੰਭਾਵਨਾ ਇਹਨਾ 'ਚ ਆਪਣੀ ਗੱਠਜੋੜ ਦੀ ਹੈ, ਜਿਸ ਵਿੱਚ ਮੌਜੂਦਾ ਕਿਸਾਨ ਅੰਦੋਲਨ ਅੜਿੱਕਾ ਬਣਿਆ ਹੈ।

ਜੋੜ-ਤੋੜ, ਆਇਆ ਰਾਮ, ਗਿਆ ਰਾਮ ਦੀ ਰਾਜਨੀਤੀ, ਪੰਜਾਬ 'ਚ ਹਾਕਮ ਧਿਰ ਨੇ ਜਲੰਧਰ ਪਾਰਲੀਮੈਂਟ ਜਿਮਨੀ ਚੋਣ ਵੇਲੇ ਸੁਸ਼ੀਲ ਰਿੰਕੂ ਨੂੰ ਕਾਂਗਰਸ ਵਿਚੋਂ ਆਪਣੇ ਪਾਸਿਓਂ ਚੋਣ ਲੜਾਕੇ ਤੇ ਹਰ ਸਰਕਾਰੀ ਹੀਲਾ-ਵਸੀਲਾ ਵਰਤਕੇ ਜਿੱਤਕੇ,ਕੀਤੀ ਸੀ ਲੋਕ ਸਭਾ ਚੋਣਾਂ ਦੀ ਮੁਹਿੰਮ 'ਆਪ' ਨੇ ਕਾਂਗਰਸ ਦੇ ਅਸੰਬਲੀ 'ਚ ਉਸ ਨੇਤਾ, ਰਾਜਕੁਮਾਰ ਚੱਬੇਵਾਲ ਜਿਹੜਾ ਕੁਝ ਦਿਨ ਪਹਿਲਾਂ ਹੋਏ ਅਸੰਬਲੀ ਇਜਲਾਸ ਵੇਲੇ ਗਲ 'ਚ ਸੰਗਲ ਪਾਕੇ 'ਆਪ' ਦਾ ਜਲੂਸ ਕੱਢ ਰਿਹਾ ਸੀ, ਨੂੰ ਆਪਣੇ ਵਲੋਂ ਹੁਸ਼ਿਆਰਪੁਰ ਤੋਂ ਆਪਣਾ ਉਮੀਦਵਾਰ, ਆਇਆ ਰਾਮ, ਗਿਆ ਰਾਮ ਸਹਾਰਾ ਲੈ ਕੇ 13-0 ਜਿੱਤ ਲਈ, ਸ਼ੁਰੂ ਕੀਤੀ ਹੈ। ਇਹੋ ਕੰਮ ਭਾਜਪਾ ਨੇ ਪੰਜਾਬ 'ਚ ਕਾਂਗਰ-ਸੀਆਂ ਨੂੰ ਉਧਰੋਂ ਪੁੱਟ ਕੇ ਕੀਤਾ ਸੀ ਤੇ ਆਪ ਵਾਲਿਆਂ ਅਸੰਬਲੀ ਚੋਣਾਂ ਵੇਲੇ ਵੀ ਇਹੋ ਜਿਹਾ ਕੁਝ ਕੀਤਾ ਸੀ। ਇਹੋ ਜਿਹੇ ਹਾਲਾਤਾਂ ਦੇ ਮੱਦੇਨਜ਼ਰ, ਜਦੋਂ ਸਿਆਸਤਦਾਨਾਂ ਦਾ ਕੋਈ ਦੀਨ ਧਰਮ ਹੀ ਨਹੀਂ ਰਿਹਾ, ਉਹਨਾ ਦੀ ਬੋਲੀ ਲੱਗ ਰਹੀ ਹੈ। ਪੰਜਾਬ ਮੁੜ ਫਿਰ ਆਪਣਾ ਵੱਖਰਾ ਰਾਹ ਅਖਤਿਆਰ ਕਰੇਗਾ ਅਤੇ ਉਹਨਾ ਸਿਆਸਤਦਾਨਾਂ, ਸਿਆਸੀ ਪਾਰਟੀਆਂ ਨੂੰ ਖੁੱਡੇ ਲਾਇਗਾ, ਜਿਹਨਾ ਲਈ ਅਸੂਲ,ਆਦਰਸ਼ ਤੇ ਲੋਕ ਹਿੱਤ ਕੁਝ ਵੀ ਮਾਇਨੇ ਨਹੀਂ ਰੱਖਦੇ। ਜਿਹਨਾ ਲਈ ਸਿਰਫ਼ ਜਿੱਤ ਹੀ ਅਹਿਮ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

### 2 ਕਾਲੇ ਵਿਅਕਤੀਆਂ ਉਪਰ ਤਸ਼ੱਦਦ ਦਾ ਮਾਮਲਾ

# 6 ਸਾਬਕਾ ਗੋਰੇ ਪੁਲਿਸ ਅਫਸਰਾਂ ਨੂੰ 10 ਤੋਂ 40 ਸਾਲ ਤੱਕ ਕੈਦ ਦੀ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਜੈਕਸਨ (ਮਿਸੀਸਿੱਪੀ) ਵਿਖੇ ਜਨਵਰੀ 2023 ਵਿਚ 2 ਕਾਲੇ ਵਿਅਕਤੀਆਂ ਉਪਰ ਤਸ਼ੱਦਦ ਕਰਨ ਦੇ ਮਾਮਲੇ ਵਿਚ ਦੋਸ਼ੀ ਪਾਏ ਗਏ 6 ਮਿਸੀਸਿੱਪ ਲਾਅ ਇਨਫੋਰਸਮੈਂਟ ਦੇ 6 ਸਾਬਕਾ ਗੋਰੇ ਅਫਸਰਾਂ ਨੂੰ ਲੰਬਾ ਸਮਾਂ ਸੰਘੀ ਜੇਲ ਵਿਚ ਬਿਤਾਉਣਾ ਪਵੇਗਾ। ਇਨਾਂ ਸਾਰੇ ਸਾਬਕਾ ਡਿਪਟੀਆਂ ਨੇ ਆਪਣਾ ਗੁਨਾਹ ਮੰਨ ਲਿਆ ਸੀ। ਸੰਘੀ ਅਦਾਲਤ ਵਿਚ ਪਿਛਲੇ 3 ਦਿਨ ਸਜ਼ਾ ਸੁਣਾਉਣ ਲਈ ਹੋਈ ਸੁਣਵਾਈ ਦੌਰਾਨ ਆਖਰੀ ਸਾਬਕਾ ਪੁਲਿਸ ਅਫਸਰ ਜੋਸ਼ੂਆ ਹਾਰਟਫੀਲਡ ਨੂੰ ਜੱਜ ਨੇ 10 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਤੋਂ ਪਹਿਲਾਂ ਬਰੈਟ ਮੈਕਅਲਪਿਨ ਨੂੰ 27 ਸਾਲ ਤੋਂ ਵਧ ਕੈਦ ਦੀ ਸਜ਼ਾ ਸੁਣਾਈ। ਇਸ ਮਾਮਲੇ ਵਿਚ ਸਭ ਤੋਂ ਵਧ ਸਜ਼ਾ ਸਾਬਕਾ ਰੈਨਕਿਨ ਕਾਊਂਟੀ ਸ਼ੈਰਿਫ ਦੇ ਡਿਪਟੀ ਕ੍ਰਿਸਟੀਅਨ ਡੈਡਮੋਨ ਨੂੰ ਸੁਣਾਈ ਗਈ ਹੈ। ਜੱਜ ਨੇ ਉਸ ਨੂੰ 40 ਸਾਲ ਜੇਲ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਉਸ ਨੇ ਇਸ ਘਟਨਾ ਵਿਚ ਬਹੁਤ ਘਿਣਾਉਣੀ ਭੂਮਿਕਾ ਨਿਭਾਈ ਹੈ। ਸਾਬਕਾ ਡਿਪਟੀ ਡੈਨੀਅਲ ਓਪਡੀਇਕ ਨੂੰ 17 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਪਹਿਲਾਂ ਰੈਨਕਿਨ ਕਾਊਂਟੀ ਦੇ ਸਾਬਕਾ ਡਿਪਟੀ ਹੰਟਰ ਐਲਵਾਰਡ ਨੂੰ 20 ਸਾਲ ਤੇ ਜੈਫਰੀ ਮਿਡਲਟਨ ਨੂੰ ਸਾਢੇ 17 ਸਾਲ ਜੇਲ ਦੀ ਸਜ਼ਾ ਸੁਣਾਈ। ਇਥੇ ਜਿਕਰਯੋਗ ਹੈ ਕਿ ਜਨਵਰੀ 2023 ਵਿਚ ਜੈਕਸਨ ਨੇੜੇ ਬਰੈਕਸਟਨ ਵਿਖੇ ਵਾਪਰੀ ਇਸ ਘਟਨਾ ਵਿਚ ਉਕਤ ਸਾਬਕਾ ਪੁਲਿਸ ਅਫਸਰ ਦੋ ਕਾਲੇ ਵਿਅਕਤੀਆਂ ਦੇ ਘਰ ਵਿਚ ਬਿਨਾਂ ਵਾਰੰਟ ਜਬਰਦਸਤੀ ਦਾਖਲ ਹੋਏ ਸਨ। ਹੱਥਕੜੀਆਂ ਵਿਚ ਜਕੜ ਕੇ ਮਾਈਕਲ ਜੈਨਕਿਨਸ ਤੇ ਐਡੀ ਪਾਰਕਰ ਨਾਮੀ ਕਾਲੇ ਵਿਅਕਤੀਆਂ ਉਪਰ ਅਨਾਂ ਤਸ਼ੱਦਦ ਕੀਤਾ ਸੀ। ਇਨਾਂ ਵਿਚੋਂ ਇਕ ਦੇ ਮੂੰਹ ਵਿਚ ਗੋਲੀ ਵੀ ਮਾਰੀ ਗਈ ਸੀ। ਐਫ ਬੀ ਆਈ ਡਾਇਰੈਕਟਰ ਕ੍ਰਿਸਟੋਫਰ ਵਰੇਅ ਅਨੁਸਾਰ ਗਵਾਂਢ ਵਿਚ ਰਹਿੰਦੇ ਇਕ ਵਿਅਕਤੀ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਇਕ ਗੋਰੀ ਦੇ ਘਰ ਰਹਿੰਦੇ ਅਨੇਕਾਂ ਕਾਲੇ ਵਿਅਕਤੀਆਂ ਦਾ ਵਿਵਹਾਰ ਸ਼ੱਕੀ ਹੈ। ਇਸ ਉਪਰੰਤ ਸਾਬਕਾ ਪੁਲਿਸ ਅਫਸਰਾਂ ਨੇ ਕਾਲੇ ਵਿਅਕਤੀਆਂ ਉਪਰ 2 ਘੰਟੇ ਤੱਕ ਤਸ਼ੱਦਦ ਕੀਤਾ ਸੀ। ਸੁਣਵਾਈ ਦੌਰਾਨ ਦੋਸ਼ੀ 6 ਸਾਬਕਾ ਪੁਲਿਸ ਅਫਸਰਾਂ ਨੇ ਪੀੜਤ ਪਰਿਵਾਰ ਕੋਲੋਂ ਮੁਆਫੀ ਵੀ ਮੰਗੀ ਪਰੰਤੂ ਜੱਜ ਨੇ ਮੁਆਫੀ ਨੂੰ ਮੂਲੋਂ ਹੀ ਰੱਦ ਕਰ ਦਿੱਤਾ। ਇਸ ਤੋਂ ਇਲਾਵਾ ਇਨਾਂ ਸਾਬਕਾ ਪੁਲਿਸ ਅਫਸਰਾਂ ਨੇ ਪਿਛਲੇ ਸਾਲ ਸਟੇਟ ਵੱਲੋਂ ਲਾਏ ਇਸੇ ਹੀ ਮਾਮਲੇ ਵਿਚ ਤਸ਼ੱਦਦ ਦੇ ਦਸ਼ਾਂ ਨੂੰ ਮੰਨ ਲਿਆ ਸੀ ਜਿਸ ਬਾਰੇ ਸਜ਼ਾ ਅਜੇ ਸੁਣਾਈ ਜਾਣੀ ਹੈ।

# ਅਮਰੀਕੀ ਸੈਨਟ ਨੇ ਸੰਘੀ ਡਿਸਟ੍ਰਿਕਟ ਕੋਰਟ ਜੱਜ ਵਜੋਂ ਭਾਰਤੀ ਅਮਰੀਕੀ ਸੁਨੀਲ ਹਰਜਾਨੀ ਦੇ ਨਾਂ ਉਪਰ ਲਾਈ ਮੋਹਰ, ਸ਼ਿਕਾਗੋ ਦੇ ਉੱਤਰੀ ਜਿਲੇ ਇਲੀਨੋਇਸ ਵਿਚ ਨਿਭਾਉਣਗੇ ਸੇਵਾਵਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕੀ ਸੈਨਟ ਨੇ 53-46 ਵੋਟਾਂ ਦੇ ਅੰਤਰ ਨਾਲ ਸੰਘੀ ਡਿਸਟ੍ਰਿਕਟ ਕੋਰਟ ਜੱਜ ਵਜੋਂ ਭਾਰਤੀ ਅਮਰੀਕੀ ਸੁਨੀਲ ਹਰਜਾਨੀ ਦੇ ਨਾਂ ਉਪਰ ਮੋਹਰ ਲਾ ਦਿੱਤੀ ਹੈ। ਉਹ ਸ਼ਿਕਾਗੋ ਦੇ ਉੱਤਰੀ ਜਿਲੇ ਇਲੀਨੋਇਸ ਵਿਖੇ ਸੰਘੀ ਜਿਲਾ ਅਦਾਲਤ ਵਿਚ ਜੱਜ ਵਜੋਂ ਸੇਵਾਵਾਂ ਨਿਭਾਉਣਗੇ। ਯੂ ਐਸ ਸੈਨਟ ਬਹੁਗਿਣਤੀ ਵਿੱਪ ਡਿਕ ਡਰਬਿਨ, ਚੇਅਰ ਆਫ ਦਾ ਸੈਨਟ ਜੁਡੀਸ਼ੀਅਰੀ ਕਮੇਟੀ ਤੇ ਸੈਨਟ ਮੈਂਬਰ ਟੈਮੀ ਡੱਕਵਰਥ ਨੇ ਕਿਹਾ ਹੈ ਕਿ ਉਹ ਖੁਸ਼ ਹਨ ਕਿ ਸੈਨਟ ਨੇ ਜੱਜ ਸੁਨੀਲ ਹਰਜਾਨੀ ਦੀ ਇਲੀਨੋਇਸ ਈਸਟਰਨ ਡਵੀਜਨ ਦੇ ਉੱਤਰੀ ਜਿਲੇ ਵਿਚ



ਡਿਸਟ੍ਰਿਕਟ ਕੋਰਟ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ ਕਰ ਦਿੱਤੀ ਹੈ। ਉਨਾਂ ਕਿਹਾ ਹੈ ਕਿ ਹਰਜਾਨੀ ਨੂੰ 2019 ਤੋਂ ਇਲੀਨੋਇਸ ਦੇ ਉੱਤਰੀ ਜਿਲੇ ਵਿਚ ਮਜਿਸਟ੍ਰੇਟ ਸੇਵਾਵਾਂ ਨਿਭਾਉਣ ਸਮੇਤ ਅਦਾਲਤੀ ਪ੍ਰਣਾਲੀ ਵਿਚ ਕੰਮ ਕਰਨ ਦਾ ਤਜ਼ਰਬਾ ਹੈ। ਸਾਡੀ ਸਕਰੀਨਿੰਗ ਕਮੇਟੀ ਨੇ ਉਨਾਂ ਦੀ ਯੋਗਤਾ ਨੂੰ ਭਲੀਭਾਂਤ ਪਛਾਣਿਆ ਹੈ। ਨੈਸ਼ਨਲ ਏਸ਼ੀਅਨ ਪੈਸੇਫਿਕ ਅਮੈਰੀਕਨ ਬਾਰ ਐਸੋਸੀਏਸ਼ਨ ਦੇ ਕਾਰਜਕਾਰੀ ਡਾਇਰੈਕਟਰ ਪ੍ਰੀਯਾ ਪੂਰਨਡੇਰ ਨੇ ਜਾਰੀ ਇਕ ਬਿਆਨ ਵਿਚ ਰਾਸ਼ਟਰਪਤੀ ਜੋ ਬਾਈਡਨ ਦਾ ਹਰਜਾਨੀ ਦੀ ਨਿਯੁਕਤੀ ਲਈ ਧੰਨਵਾਦ ਕੀਤਾ ਹੈ ਤੇ ਹਰਜਾਨੀ ਦੀ ਨਿਯੁਕਤੀ ਲਈ ਸਮਰਥਨ ਕਰਨ ਵਾਸਤੇ ਇਲੀਨੋਇਸ ਦੇ ਸੈਨਟ ਮੈਂਬਰ ਡਰਬਿਨ ਤੇ ਡੱਕਵਰਥ ਅਤੇ ਵਰਜੀਨੀਆ ਦੇ ਸੈਨਟ ਮੈਂਬਰਾਂ ਜੌਹਨ ਵਾਰਨਰ ਤੇ ਟਿਮ ਕੇਨ ਦਾ ਵੀ ਧੰਨਵਾਦ ਕੀਤਾ ਹੈ।

# ਸੰਘੀ ਅਦਾਲਤ ਨੇ ਇਕ ਸਾਬਕਾ ਪੁਲਿਸ ਅਫਸਰ ਨੂੰ ਸੁਣਾਈ 17 ਸਾਲ ਕੈਦ ਦੀ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਜੈਕਸਨ (ਮਿਸੀਸਿੱਪੀ) ਵਿਚ ਜਨਵਰੀ 2023 ਵਿਚ 2 ਕਾਲੇ ਵਿਅਕਤੀਆਂ ਉਪਰ ਤਸ਼ੱਦਦ ਕਰਨ ਦੇ ਮਾਮਲੇ ਵਿਚ ਇਕ ਸੰਘੀ ਅਦਾਲਤ ਵੱਲੋਂ ਇਕ ਸਾਬਕਾ ਪੁਲਿਸ ਅਫਸਰ ਜੈਫਰੀ ਮਿਡਲਟਨ ਨੂੰ 17 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਜੈਫਰੀ ਮਿਡਲਟਨ ਉਨਾਂ 6 ਸਾਬਕਾ ਪੁਲਿਸ ਅਫਸਰਾਂ ਵਿਚ ਸ਼ਾਮਿਲ ਹੈ ਜਿਨਾਂ ਨੂੰ ਇਸੇ ਹਫਤੇ ਸਜ਼ਾ ਸੁਣਾਈ ਜਾਣੀ ਹੈ। ਸੁਣਵਾਈ ਦੌਰਾਨ ਮਿਡਲਟਨ ਨੇ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਮੰਨ ਲਿਆ ਸੀ ਤੇ ਉਸ ਨੇ ਪੀੜਤ ਪਰਿਵਾਰ ਕੋਲੋਂ ਮੁਆਫੀ ਵੀ ਮੰਗੀ। ਪੀੜਤ ਕਾਲੇ ਵਿਅਕਤੀਆਂ ਦੇ ਵਕੀਲ ਮਲਿਕ ਸ਼ਾਬਾਜ ਨੇ ਮਿਡਲਟਨ ਨੂੰ ਮੁਆਫ ਕੀਤੇ ਜਾਣ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਆਪਣੇ ਬਚਾਅ ਲਈ ਮੁਆਫੀ ਮੰਗ ਰਿਹਾ ਹੈ ਹਾਲਾਂ ਕਿ ਅਸਲ ਵਿਚ ਉਹ ਗੁਨਾਹਗਾਰ ਹੈ।

ਦੱਖਣੀ ਜਿਲੇ ਦੇ ਮਿਸੀਸਿੱਪੀ ਯੂ ਐਸ ਡਿਸਟ੍ਰਿਕਟ ਕੋਰਟ ਜੱਜ ਟਾਮ ਲੀ ਨੇ ਮਿਡਲਟਨ ਦੇ ਵਕੀਲ ਦੀ ਦਲੀਲ ਕਿ ਉਸ ਨੇ ਘਟਨਾ ਵਿਚ ਮਾਮੂਲੀ ਭੂਮਿਕਾ ਨਿਭਾਈ ਹੈ ਨੂੰ ਰੱਦ ਕਰਦਿਆਂ ਕਿਹਾ ਕਿ ਤਸ਼ੱਦਦ ਦੀ ਘਟਨਾ ਸਮੇ ਉਹ ਮੌਕੇ ਉਪਰ ਮੌਜੂਦ ਸੀ। ਇਥੇ ਜਿਕਰਯੋਗ ਹੈ ਕਿ ਜੈਨਕਿਨਸ ਤੇ ਪਾਰਕਰ ਨਾਮੀ ਦੋ ਕਾਲੇ ਵਿਅਕਤੀਆਂ ਵੱਲੋਂ ਦਾਇਰ ਕੇਸ ਅਨੁਸਾਰ 24 ਜਨਵਰੀ 2023 ਨੂੰ 6 ਪੁਲਿਸ ਅਫਸਰਾਂ ਨੇ ਜੈਕਸਨ ਦੇ ਦੱਖਣ ਪੂਰਬ ਵਿਚ ਬਰਾਕਸਟਨ ਵਿਖੇ ਸਥਿੱਤ ਉਨਾਂ ਦੇ ਘਰ ਵਿਚ ਜਬਰਦਸਤੀ ਦਾਖਲ ਹੋ ਕੇ ਤਕਰੀਬਨ 2ਘੰਟੇ ਉਨਾਂ ਉਪਰ ਅਨਾਂ ਤਸ਼ੱਦਦ ਕੀਤਾ ਸੀ।

# ਅਮਰੀਕਾ ਵਿਚ ਆਪਣੀ ਦੋਸਤ ਕੁੜੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਲਾਇਆ ਜਾਵੇਗਾ ਫਾਹੇ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਇਕ ਅਦਾਲਤ ਵੱਲੋਂ ਆਖਰੀ ਪਲਾਂ ਵਿਚ ਰਹਿਮ ਦੀ ਦਰਖਾਸਤ ਰੱਦ ਕਰ ਦੇਣ ਉਪਰੰਤ ਜਾਰਜੀਆ ਦੇ ਇਕ ਵਿਅਕਤੀ ਨੂੰ ਮੌਤ ਦੀ ਸਜ਼ਾ ਦੇਣ ਲਈ ਤਿਆਰੀ ਕਰ ਲਈ ਗਈ ਹੈ। 59 ਸਾਲਾ ਵਿਲੀ ਜੇਮਜ ਪਾਈ ਨੂੰ 1996 ਦੀਆਂ ਗਰਮੀਆਂ ਦੌਰਾਨ ਆਪਣੀ ਸਾਬਕਾ ਮਿੱਤਰ ਕੁੜੀ ਅਲੀਸੀਆ ਲਿਨ ਯਰਬਰੌਘ ਨੂੰ ਅਗਵਾ ਕਰਨ, ਜਬਰਜਨਾਹ ਕਰਨ ਤੇ ਉਸ ਦੀ ਹੱਤਿਆ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਅਟਾਰਨੀ ਜਨਰਲ ਤੇ ਸਟੇਟ ਦਫਤਰ ਅਨੁਸਾਰ ਉਸ ਨੂੰ ਬਿਨਾਂ ਦਰਦ ਪ੍ਰਣਾਲੀ ਦੀ ਵਰਤੋਂ ਦੁਆਰਾ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਉਸ ਨੂੰ ਕਿਸੇ ਵੀ ਸਮੇ ਫਾਹੇ ਲਾਇਆ ਜਾ ਸਕਦਾ ਹੈ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਅਮਰੀਕਾ ਪੜਨ ਗਏ ਭਾਰਤੀ ਵਿਦਿਆਰਥੀ ਦੀ ਭੇਦਭਰੀ ਮੌਤ

## ਪੁਲਿਸ ਨੇ ਮੌਤ ਪਿੱਛੇ ਕਿਸੇ ਸਾਜਿਸ਼ ਤੋਂ ਕੀਤਾ ਇਨਕਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੋਸਟਨ (ਮਾਸਾਚੂਸੈਟਸ) ਪੜਾਈ ਕਰਨ ਗਏ 20 ਸਾਲਾ ਭਾਰਤੀ ਵਿਦਿਆਰਥੀ ਅਭੀਜੀਤ ਪਰਚੂਰ ਦੀ ਭੇਦਭਰੀ ਮੌਤ ਹੋ ਜਾਣ ਦੀ ਖਬਰ ਹੈ। ਆਂਧਰਾ ਪ੍ਰਦੇਸ਼ ਦਾ ਰਹਿਣਾ ਵਾਲਾ



ਪਰਚੂਰ ਮ੍ਰਿਤਕ ਹਾਲਤ ਵਿਚ ਮਿਲਿਆ ਹੈ। ਨਿਊਯਾਰਕ ਵਿਚਲੇ ਭਾਰਤੀ ਕੌਂਸਲਖਾਨੇ ਨੇ ਕਿਹਾ ਹੈ ਕਿ ਪੁਲਿਸ ਦੀ ਮੁੱਢਲੀ ਜਾਂਚ ਵਿਚ ਪਰਚੂਰ ਦੀ ਮੌਤ ਪਿੱਛੇ ਕਿਸੇ ਸਾਜਿਸ਼ ਨੂੰ ਰੱਦ ਕੀਤਾ ਗਿਆ ਹੈ ਤੇ ਕਿਹਾ ਹੈ ਕਿ ਇਹ ਇਕ ਆਮ ਮੌਤ ਲੱਗਦੀ ਹੈ ਹਾਲਾਂ ਕਿ ਮਾਮਲਾ ਅਜੇ ਜਾਂਚ ਅਧੀਨ ਹੈ। ਸੋਸ਼ਲ ਮੀਡੀਆ ਐਕਸ ਉਪਰ ਪਾਏ ਇਕ ਬਿਆਨ ਵਿਚ ਕੌਂਸਲਖਾਨੇ ਨੇ ਪਰਚੂਰ ਦੀ ਮੌਤ ਉਪਰ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਸ ਦੀ ਮ੍ਰਿਤਕ ਦੇਹ ਭਾਰਤ ਭੇਜਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਕੌਂਸਲਖਾਨੇ ਨੇ ਇਹ ਵੀ ਕਿਹਾ ਹੈ ਕਿ ਪਰਚੂਰ ਦੀ ਮੌਤ ਦੇ ਕਾਰਨ ਦੀ ਜਾਂਚ ਹੋ ਰਹੀ ਹੈ ਤੇ ਵਿਦਿਆਰਥੀ ਦੇ ਮਾਪੇ ਜਾਂਚਕਾਰਾਂ ਦੇ ਸੰਪਰਕ ਵਿਚ ਹਨ। ਪਰਚੂਰ ਆਂਧਰਾ ਪ੍ਰਦੇਸ਼ ਦੇ ਗੰਟੂਰ ਦਾ ਰਹਿਣ ਵਾਲਾ ਸੀ ਤੇ ਉਹ ਬੋਸਟਨ ਯੁਨੀਵਰਸਿਟੀ ਵਿਚ ਇੰਜੀਨੀਅਰਿੰਗ ਦੀ ਪੜਾਈ ਕਰ ਰਿਹਾ ਸੀ। ਉਹ ਇਕ ਹੋਰ ਵਿਦਿਆਰਥੀ ਨਾਲ ਇਕ ਕਮਰੇ ਵਿਚ ਰਹਿੰਦਾ ਸੀ। ਪੁਲਿਸ ਨੇ ਉਸ ਦੀ ਲਾਸ਼ ਯੁਨੀਵਰਸਿਟੀ ਕੈਂਪਸ ਨੇੜੇ ਜੰਗਲੀ ਖੇਤਰ ਵਿਚ ਲਾਵਾਰਸ ਛੱਡੇ ਇਕ ਵਾਹਣ ਵਿਚੋਂ ਬਰਾਮਦ ਕੀਤੀ ਹੈ। ਇਸ ਸਾਲ ਭਾਰਤੀ ਮੂਲ ਦੇ ਕਿਸੇ ਵਿਅਕਤੀ ਨਾਲ ਵਾਪਰੀ ਇਸ ਕਿਸਮ ਦੀ ਇਹ 9 ਵੀਂ ਘਟਨਾ ਹੈ ਜਿਸ ਕਾਰਨ ਭਾਰਤੀ ਭਾਈਚਾਰੇ ਵਿਚ ਚਿੰਤਾ ਤੇ ਡਰ ਦੀ ਭਾਵਨਾ ਪਾਈ ਜਾ ਰਹੀ ਹੈ।

# ਅਮਰੀਕਾ ਵਿਚ ਅਗਵਾ ਦਾ ਨਾਟਕ ਕਰਨ ਵਾਲੀ ਔਰਤ ਨੂੰ ਨਹੀਂ ਜਾਣਾ ਪਵੇਗਾ ਜੇਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਹੂਵਰ ਸ਼ਹਿਰ (ਅਲਾਬਾਮਾ) ਦੀ ਕਾਰਲੀ ਰਸਲ ਨਾਮੀ ਔਰਤ ਜਿਸ ਨੇ ਪਿਛਲੇ ਸਾਲ ਖੁਦ ਹੀ ਅਗਵਾ ਦਾ ਨਾਟਕ ਰਚਿਆ ਸੀ ਨੇ ਅਦਾਲਤ ਵਿਚ ਆਪਣਾ ਦੋਸ਼ ਮੰਨ ਲਿਆ ਤੇ ਮੁਆਫੀ ਮੰਗੀ। ਅਦਾਲਤ ਵਿਚ ਕਾਰਲੀ ਰਸਲ ਨੇ ਕਿਹਾ ਕਿ ਮੈ ਜਦੋਂ ਵੱਖ ਵੱਖ ਭਾਵਨਾਤਮਿਕ ਤੇ ਪ੍ਰੇਸ਼ਾਨੀ ਵਾਲੇ ਮੁੱਦਿਆਂ ਦਾ ਸਾਹਮਣਾ ਕਰ ਰਹੀ ਸੀ ਤਾਂ ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋਈ ਹੈ।



ਮੈ ਬਹੁਤ ਨਾਕਾਰਾਤਮਿਕ ਦੌਰ ਵਿਚੋਂ ਲੰਘ ਰਹੀ ਸੀ। ਮੈ ਆਪਣੇ ਪਰਿਵਾਰ, ਆਪਣੇ ਚਰਚ ਪਰਿਵਾਰ, ਮਿੱਤਰਾਂ-ਦੋਸਤਾਂ, ਭਾਈਚਾਰੇ ਤੇ ਉਨਾਂ ਸਾਰਿਆਂ ਜੋ ਮੈਨੂੰ ਲੱਭਣ ਲਈ ਸਿੱਧੇ 'ਤੇ ਸ਼ਾਮਿਲ ਸਨ, ਨੂੰ ਦਿੱਤੇ ਦੁੱਖ ਤੇ ਸ਼ਰਮਿੰਦਗੀ ਲਈ ਜਿੰਮੇਵਾਰ ਹਾਂ ਤੇ ਇਸ ਲਈ ਮੁਆਫੀ ਮੰਗਦੀ ਹਾਂ। ਜੱਜ ਨੇ ਉਸ ਨੂੰ ਇਕ ਸਾਲ ਨਿਗਰਾਨੀ ਹੇਠ ਰਹਿਣ ਦੀ ਸਜ਼ਾ ਸੁਣਾਈ ਤੇ ਇਸ ਤੋਂ ਇਲਾਵਾ 100 ਘੰਟੇ ਸਮਾਜ ਸੇਵਾ ਕਰਨ ਤੇ ਸਿਟੀ ਆਫ ਹੂਵਰ, ਅਲਬਾਮਾ ਨੂੰ 17974 ਡਾਲਰ ਦੀ ਮੁਆਵਜੇ ਵਜੋਂ ਅਦਾਇਗੀ ਕਰਨ ਦਾ ਆਦੇਸ਼ ਦਿੱਤਾ। ਜੱਜ ਨੇ ਕਿਹਾ ਕਿ ਮਾਨਸਿਕ ਹਾਲਤ ਸਬੰਧੀ ਡਾਕਟਰੀ ਇਲਾਜ਼ ਉਸ ਦੇ ਪ੍ਰੋਬੇਸ਼ਨ ਸਮੇ ਦੀ ਸ਼ਰਤ ਹੈ ਤੇ ਇਸ ਨੂੰ ਜਾਰੀ ਰਖਣਾ ਪਵੇਗਾ। ਜੁਲਾਈ 2023 ਵਿਚ ਭੇਦਭਰੇ ਹਾਲਾਤ ਵਿਚ ਲਾਪਤਾ ਹੋਣ ਤੋਂ ਬਾਅਦ ਰਸਲ ਚਰਚਾ ਵਿਚ ਆਈ ਸੀ। ਉਸ ਦੇ ਲਾਪਤਾ ਹੋਣ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਨੇ ਉਸ ਦੀ ਕਾਰ ਤੇ ਕੁਝ ਨਿੰਜੀ ਸਮਾਨ ਬਰਾਮਦ ਕੀਤਾ ਸੀ ਪਰੰਤੂ ਉਹ ਨਹੀਂ ਮਿਲੀ ਸੀ।

ਪੁਲਿਸ ਵੱਲੋਂ 49 ਘੰਟੇ ਉਸ ਦੀ ਭਾਲ ਕਰਨ ਉਪਰੰਤ ਉਹ ਖੁਦ ਹੀ ਘਰ ਪਰਤ ਆਈ ਸੀ ਜਿਸ ਉਪਰੰਤ ਉਸ ਨੇ ਕਿਹਾ ਕਿ ਉਹ ਕਿਸੇ ਤਰਾਂ ਅਗਵਾਕਾਰਾਂ ਦੇ ਚੁਗਲ ਵਿਚੋਂ ਬਚ ਨਿਕਲੀ ਹੈ। ਜਾਂਚ ਉਪਰੰਤ ਉਸ ਦੀ ਅਗਵਾ ਦੀ ਘਟਨਾ ਝੂਠੀ ਨਿਕਲੀ।

# ਅਮਰੀਕਾ ਵਿਚ ਸਕੂਲ ਬੱਸ ਨੂੰ ਟਰੱਕ ਨੇ ਮਾਰੀ ਟੱਕਰ, ਇਕ ਵਿਦਿਆਰਥੀ ਸਮੇਤ 2 ਮੌਤਾਂ ਤੇ 10 ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀ-ਫੋਰਨੀਆ (ਹੁਸਨ ਲੜੋਆ ਬੰਗਾ)–** ਬਸਟਰਾਪ ਕਾਊਂਟੀ, ਟੈਕਸਾਸ, ਵਿਚ ਇਕ ਸਕੂਲ ਬੱਸ ਨੂੰ ਇਕ ਕੰਕਰੀਟ ਟਰੱਕ ਵੱਲੋਂ ਟੱਕਰ ਮਾਰ ਦੇਣ ਕਾਰਨ ਇਕ ਵਿਦਿਆਰਥੀ ਸਮੇਤ 2 ਮੌਤਾਂ ਹੋਣ ਤੇ 10 ਹੋਰਨਾਂ ਦੇ ਗੰਭੀਰ ਹਾਲਤ ਵਿਚ ਜ਼ਖਮੀ ਹੋਣ ਦੀ ਖਬਰ ਹੈ। ਟੈਕਸਾਸ ਜਨਤਿਕ ਸੁਰੱਖਿਆ ਵਿਭਾਗ ਦੇ



ਸਾਰਜੈਂਟ ਡਿਓਨ ਕਾਕਰਲ ਅਨੁਸਾਰ ਬੱਸ ਸਟੇਟ ਹਾਈਵੇਅ 21 ਉਪਰ ਜਾ ਰਹੀ ਸੀ ਜਿਸ ਨੂੰ ਦੂਸਰੇ ਪਾਸੇ ਤੋਂ ਆ ਰਹੇ ਇਕ ਕੰਕਰੀਟ ਟਰੱਕ ਨੇ ਟੱਕਰ ਮਾਰ ਦਿੱਤੀ। ਬੱਸ ਵਿਚ ਪ੍ਰੀ ਕੇ ਵਿਦਿਆਰਥੀ ਸਵਾਰ ਸਨ। ਇਸ ਭਿਆਨਕ ਹਾਦਸੇ ਵਿਚ ਇਕ ਵਿਦਿਆਰਥੀ ਤੇ ਬੱਸ ਦੇ ਪਿੱਛੇ ਆ ਰਹੇ ਇਕ ਹੋਰ ਵਾਹਣ ਵਿਚ ਸਵਾਰ ਇਕ ਵਿਅਕਤੀ ਦੀ ਮੌਤ ਹੋ ਗਈ। ਬੱਚਿਆਂ ਸਮੇਤ ਮੌਕੇ ਉਪਰ ਕੁਲ 53 ਲੋਕ ਮੌਜੂਦ ਸਨ ਜਿਨਾਂ ਵਿਚੋਂ 10 ਜਣਿਆਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਦ ਕਿ ਬਾਕੀ ਮਾਮੂਲੀ ਜਖਮੀ ਹਨ। ਇਕ ਬਿਆਨ ਵਿਚ ਹੇਅਜ ਕਾਨਸਾਲੀਡੇਟਿਡ ਇੰਡੀਪੈਂਡੈਂਟ ਸਕੂਲ ਡਿਸਟ੍ਰਿਕਟ ਨੇ ਕਿਹਾ ਹੈ ਕਿ ਹਾਦਸੇ ਸਮੇ ਟਾਮ ਗਰੀਨ ਐਲੀਮੈਂਟਰੀ ਸਕੂਲ ਦੇ 44 ਪ੍ਰੀ-ਕੇ ਵਿਦਿਆਰਥੀ ਤੇ 11 ਬਾਲਗ ਸਵਾਰ ਸਨ ਜੋ ਬਾਸਟਰਾਪ ਚਿੜਿਆ ਘਰ ਤੋਂ ਵਾਪਸ ਪਰਤ ਰਹੇ ਸਨ।

# ਫੌਸਦੋਨਦੋ ਦੀ ਕਰੇਜੋ (ਰਿਜੋਮੀਲੀਆ) 'ਚ ਮਨਾਇਆ ਗਿਆ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ

## ਹੋਈਆਂ ਕਾਸ਼ੀ ਵਾਲੇ ਦੀਆਂ ਮੇਹਰਾਂ ਮੌਜਾਂ ਲੁਟਦੇ ਆਂ, ਲੁਟਦੇ ਆ



**ਰੋਮ (ਇਟਲੀ), (ਟੇਕ ਚੰਦ ਜਗਤਪੁਰ)–** ਮਹਾਨ ਕ੍ਰਾਤੀਕਾਰੀ, ਦੁੱਖੀਆਂ-ਮਜਲੂਮਾਂ ਦੇ ਰਹਿਬਰ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 647 ਵਾਂ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਜੋਮਿਲੀਆ ਵਲੋ ਸਮੂੰਹ ਸੰਗਤ ਦੇ ਸਹਿਯੋਗ ਨਾਲ ਕਰੇਜੋ ਦੀ ਫੌਸਦੋਨਦੋ ਰਿਜੋਇਮੀਲੀਆ ਵਿਖੇ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ।ਅਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੇ ਅਖੰਡ ਜਾਪ ਉਪਰੰਤ ਇਸ ਸਮਾਗਮ ਦੀ ਸੁਰੂਆਤ ਸੰਦੀਪ ਲੋਈ ਨੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਸਬਦ ਨਾਲ ਕੀਤੀ। ਗਾਇਕ ਪੰਮਾ ਲਧਾਣਾ, ਸੋਡੀ ਮੱਲ, ਜੀਵਨ ਬੰਗਾ, ਸੌਧੀ ਸਾਬ, ਨੇ ਵੀ ਇਕ -ਇਕ ਸ਼ਬਦ ਨਾਲ ਹਾਜਰੀ ਲਗਵਾਈ। ਪੰਜਾਬ ਤੋ ਉਚੇਚੇ ਤੌਰ ਤੇ ਪਹੁੰਚੇ ਗਾਇਕ ਸੱਤੀ ਖੋਖੇਵਾਲੀਆਂ ਨੇ 'ਹੋਈਆਂ ਕਾਸ਼ੀ ਵਾਲੇ ਦੀਆਂ ਮਿਹਰਾਂ ਮੌਜਾਂ ਲੁਟਦੇ ਆਂ 'ਯੋਧੇ ਰਵਿਦਾਸ ਗੁਰੂ ਦੇ ਬਣ ਕੇ ਅਸੀਂ ਰਹਿਣਾ ਬਈ, ਬੇੜੀ ਪਾਰ ਲਾ ਦਿਓ ਜੀ, ਭਵਸਾਗਰ ਚੋਂ ਮੇਰੀ, ਜਪੋ ਸਭ ਪ੍ਰਾਣੀ ਗੁਰੂ ਰਵਿਦਾਸ ਜੀ ਦੀ ਬਾਣੀ, ਆਦਿ ਸ਼ਬਦਾਂ ਨਾਲ ਸਤਿਗੁਰੂ ਦੀ ਮਹਿਮਾ ਦਾ ਗੁਣਗਾਣ ਕੀਤਾ।

ਇਸ ਮੌਕੇ ਜਸਵਿੰਦਰ ਪਾਲ ਚੁੰਬਰ, ਸਰਬਜੀਤ ਵਿਰਕ, ਬੱਬੂ ਜਲੰਧਰੀਆਂ ਅਤੇ ਹੋਰ ਬੁਲਾਰਿਆਂ ਨੇ ਵੀ ਵਿਚਾਰਾਂ ਦੀ ਸਾਂਝ ਪਾਈ। ਸਮਾਗਮ ਵਿਚ ਪ੍ਰਧਾਨ ਕਸ਼ਮੀਰ ਲਾਲ ਅਤੇ ਸ਼ਿੰਗਾਰਾ ਸਿੰਘ ਮੱਲ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਪ੍ਰਤੀ ਆਪਣੇ ਵਿਚਾਰ ਪੇਸ਼ ਕਰਦਿਆ ਕਿਹਾ ਕਿ ਸਤਿਗੁਰੂ ਰਵਿਦਾਸ ਨਹਾਰਾਜ ਜੀ ਨੇ ਆਪਣੀ ਪੂਰੀ ਜਿੰਦਗੀ ਸਮੁੱਚੀ ਮਾਨਵਤਾ ਦੀ ਭਲਾਈ ਹਿੱਤ ਸਮਰਪਿਤ ਕੀਤੀ ਅਤੇ ਉਸ ਸਮੇ ਦੇ ਹਾਕਮ ਲੋਕਾਂ ਨਾਲ ਸ਼ਬਦੀ ਜੰਗ ਰਾਹੀ ਦੱਬੇ-ਕੁਚਲੀ ਲੋਕਾਈ ਨੂੰ ਬਰਾਬਰਤਾ ਦੇ ਹੱਕ ਲੈ ਕੇ ਦਿੱਤੇ ਜਿਸ ਦੀ ਬਦੌਲਤ ਅੱਜ ਅਸੀਂ ਧਾਰਮਿਕ ਅਤੇ ਸਮਾਜਿਕ ਅਜਾਦੀ ਦਾ ਅਨੰਦ ਮਾਣ ਰਹੇ ਹਾਂ। ਇਸ ਮੌਕੇ ਤੇ ਜਨਰਲ ਸਕੱਤਰ ਅਤੇ ਗਾਇਕ ਸੋਡੀ ਮੱਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਕਮੇਟੀ ਵਲੋ ਆਈਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਅਸ਼ਵਨੀ ਕੁਮਾਰ ਚੁੰਬਰ ਕਰੇਮੋਨਾ, ਰਾਜ ਕੁਮਾਰ ਸੰਧੂ, ਸੁਰਿੰਦਰ ਕੁਮਾਰ ਮੱਲਪੁਰੀਆ, ਚਮਨ ਲਾਲ ਸਾਹਲੋ ਮਾਨਤੋਵਾ, ਗੀਤਕਾਰ ਮਾਣੀ ਫਗਵਾੜਾ, ਰਾਕੇਸ਼ ਮਜਾਰੀ, ਸਰਬਜੀਤ ਸਿੰਘ ਜਗਤਪੁਰ, ਨਵਦੀਪ ਸਿੰਘ ਜਗਤਪੁਰ, ਬਲਜੀਤ ਬਖਲੌਰ, ਆਦਿ ਹਾਜਰ ਸਨ।

# ਭਾਰਤ ਨੇ ਕੇਜਰੀਵਾਲ ਦੀ ਗ੍ਰਿਫ਼ਤਾਰੀ 'ਤੇ ਟਿੱਪਣੀ ਕਾਰਨ ਅਮਰੀਕੀ ਡਿਪਲੋਮੈਟ ਨੂੰ ਤਲਬ ਕੀਤਾ



**ਨਵੀਂ ਦਿੱਲੀ–** ਭਾਰਤ ਨੇ ਅੱਜ ਅਮਰੀਕਾ ਦੇ ਸੀਨੀਅਰ ਡਿਪਲੋਮੈਟ ਨੂੰ ਤਲਬ ਕਰਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਬਾਰੇ ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਦੀ ਟਿੱਪਣੀ 'ਤੇ ਸਖ਼ਤ ਵਿਰੋਧ ਦਰਜ ਕਰਵਾਇਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਅਮਰੀਕੀ ਮਿਸ਼ਨ ਦੀ ਕਾਰਜਕਾਰੀ ਉਪ ਮੁਖੀ ਗਲੋਰੀਆ ਬਾਰਬੇਨਾ ਨੂੰ ਸਾਊਥ ਬਲਾਕ ਸਥਿਤ ਦਫ਼ਤਰ ਵਿੱਚ ਤਲਬ ਕੀਤਾ। ਮੀਟਿੰਗ 30 ਮਿੰਟ ਤੋਂ ਵੱਧ ਚੱਲੀ। ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਨੇ ਕਿਹਾ ਸੀ ਕਿ ਉਨ੍ਹਾਂ ਦਾ ਮੁਲਕ ਮੁੱਖ ਮੰਤਰੀ ਕੇਜਰੀਵਾਲ ਲਈ ਨਿਰਪੱਖ, ਪਾਰਦਰਸ਼ੀ ਅਤੇ ਸਮੇਂ ਸਿਰ ਕਾਨੂੰਨੀ ਪ੍ਰਕਿਰਿਆ ਦੇ ਹੱਕ ਵਿੱਚ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬਸਪਾ, ਬਾਮਸੇਫ ਅਤੇ ਡੀ.ਐਸ.ਫੋਰ ਦੇ ਸੰਸਥਾਪਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਪਿੰਡ ਬਘਾਣਾ ਵਿਖੇ ਮਨਾਇਆ

## ਸਾਹਿਬ ਕਾਂਸ਼ੀ ਰਾਮ ਨੇ ਦਲਿਤ ਸਮਾਜ ਅੰਦਰ ਰਾਜਸਤਾ 'ਤੇ ਕਾਬਜ ਹੋਣ ਦੀ ਚਾਹਤ ਪੈਦਾ ਕੀਤੀ – ਲੇਖਰਾਜ ਜਮਾਲਪੁਰ



**ਫਗਵਾੜਾ (ਬੀ.ਕੇ. ਰੱਤੂ)** ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਵਲੋਂ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਹਲਕਾ ਪ੍ਰਧਾਨ ਚਿਰੰਜੀ ਲਾਲ ਕਾਲਾ ਦੀ ਅਗਵਾਈ ਹੇਠ ਪਿੰਡ ਬਘਾਣਾ ਵਿਖੇ ਮਨਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਜਿਲ੍ਹਾ ਇੰਚਾਰਜ ਲੇਖਰਾਜ ਜਮਾਲਪੁਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਸਾਹਿਬ ਕਾਂਸ਼ੀ ਰਾਮ ਨੇ ਬਸਪਾ, ਬਾਮਸੇਫ ਅਤੇ ਡੀ।ਐਸ।ਫੋਰ ਦਾ ਗਠਨ ਕਰਕੇ ਦਲਿਤ ਸਮਾਜ ਅੰਦਰ ਰਾਜਸਤਾ 'ਤੇ ਕਾਬਜ ਹੋਣ ਦੀ ਚਾਹਤ ਪੈਦਾ ਕੀਤੀ ਅਤੇ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ। ਉਹਨਾਂ ਵਲੋਂ ਬਹੁਜਨ ਸਮਾਜ ਕੀਤੇ ਕਾਰਜਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਹਲਕਾ ਪ੍ਰਧਾਨ ਚਿਰੰਜੀ ਕਾਲਾ ਨੇ ਸਮਾਗਮ ਵਿੱਚ ਸ਼ਾਮਲ ਸਖਸ਼ੀਅਤਾਂ ਨੂੰ ਸਾਹਿਬ ਸ੍ਰੀ ਕਾਂਸੀ ਰਾਮ ਜੀ ਦੇ ਜਨਮਦਿਨ ਦੀ ਵਧਾਈ ਦਿੰਦਿਆ ਕਿਹਾ ਸਾਹਿਬ ਕਾਂਸ਼ੀ ਰਾਮ ਜੀ ਅਧੂਰੇ ਸੁਪਨੇ ਨੂੰ ਪੂਰਾ ਕਰਨ ਲਈ ਆਉਣ ਵਾਲੀਆ ਲੋਕ ਸਭਾ ਚੋਣਾ ਵਿੱਚ ਬਸਪਾ ਉਮੀਦਵਾਰਾਂ ਨੂੰ ਵੱਡੀ ਲੀਡ ਨਾਲ ਜਿਤਾਉਣ ਦਿਨ ਰਾਤ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਹਲਕਾ ਪ੍ਰਧਾਨ ਚਿਰੰਜੀ ਲਾਲ ਕਾਲਾ, ਅਮਰਜੀਤ ਖੁੱਤਣ ਜਿਲ੍ਹਾ ਜਰਨਲ ਸਕੱਤਰ, ਸੈਕਟਰ ਪ੍ਰਧਾਨ ਸੁਰਜੀਤ ਸਿੰਘ ਰਿਹਾਣਾ ਜੱਟਾਂ, ਰਮਨਜੀਤ ਕਾਲਾ, ਲਖਵੀਰ ਸਿੱਧੂ, ਜਸਵੀਰ ਸਿੱਧੂ, ਹਰਪ੍ਰੀਤ ਹੈਪੀ, ਪਵਨ ਝਮੱਟ ਤੋਂ ਇਲਾਵਾ ਪਿੰਡ ਦੇ ਪਤਵੰਤੇ ਅਤੇ ਬੀਬੀਆਂ ਵੱਡੀ ਗਿਣਤੀ ਵਿੱਚ ਹਾਜਰ ਸਨ।

# ਭਗਵੰਤ ਮਾਨ ਸਰਕਾਰ ਨੇ ਸ਼ਹੀਦ ਭਗਤ ਸਿੰਘ ਜੀ ਦੇ ਨਾਮ 'ਤੇ ਹਸਪਤਾਲ ਜਾਂ ਜਿਲ੍ਹੇ ਨੂੰ ਵੱਡਾ ਪ੍ਰਾਜੈਕਟ ਨਹੀਂ ਦਿੱਤਾ- ਵਿਧਾਇਕ ਡਾ. ਨਛੱਤਰ ਪਾਲ

**ਫਗਵਾੜਾ/ ਖਟਕੜ ਕਲਾਂ (ਬੀ.ਕੇ. ਰੱਤੂ)** ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਬਸਪਾ ਪੰਜਾਬ ਇੰਚਾਰਜ ਡਾ। ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ, ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਇੰਚਾਰਜ ਹਲਕਾ ਬੰਗਾ ਦੀ ਅਗਵਾਈ ਵਿੱਚ ਸ਼ਹੀਦ ਭਗਤ ਸਿੰਘ ਜੀ, ਸ਼ਹੀਦ ਸੁਖਦੇਵ ਜੀ, ਸ਼ਹੀਦ ਰਾਜਗੁਰੂ ਜੀ ਸ਼ਹੀਦੀ ਦਿਹਾੜੇ ਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਜੀ ਨੂੰ ਉਨਾਂ ਦੇ ਜੱਦੀ ਪਿੰਡ ਖਟਕੜ ਕਲਾਂ ਸ਼ਹੀਦੀ ਸਮਾਰਕ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਡਾ। ਨਛੱਤਰ ਪਾਲ ਵਿਧਾਇਕ ਨਵਾਂਸ਼ਹਿਰ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਆਖਿਆ ਆਮ ਆਦਮੀ ਪਾਰਟੀ ਨੇ ਪਿਛਲੇ ਦੋ ਸਾਲਾਂ ਪਹਿਲਾਂ ਇੱਥੇ ਸੋਹ ਚੁੱਕ ਕੇ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਦਾ ਜੋ ਪ੍ਰਣ ਲਿਆ ਸੀ ਅੱਜ ਤੱਕ ਪੂਰਾ ਨਹੀਂ ਕੀਤਾ।ਮੈਂ ਹਮੇਸ਼ਾ ਹੀ ਵਿਧਾਨ ਸਭਾ ਸੈਸ਼ਨ ਦੌਰਾਨ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਮੈਡੀਕਲ ਕਾਲਜ, ਵੱਡੀ ਇੰਡਸਟਰੀ, ਯੂਨੀਵਰਸਿਟੀ ਖੋਲਣ ਦੀ ਅਪੀਲ ਕਰਦਾ ਰਿਹਾ ਹਾਂ। ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਮੈਨੂੰ ਇਹ ਕਿਹਾ ਸੀ ਕਿ ਅਸੀਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅੰਦਰ ਮੈਡੀਕਲ ਕਾਲਜ ਖੋਲਾਂਗੇ। ਇਸ ਬਜਟ ਦੇ ਅੰਦਰ ਵੀ ਕੋਈ ਪੈਸਾ ਨਹੀਂ ਰੱਖਿਆ ਗਿਆ। ਉਨ੍ਹਾਂ ਕਿਹਾ ਭਗਵੰਤ ਮਾਨ ਸਰਕਾਰ ਨੂੰ ਜਲਦ ਹੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਅੰਦਰ ਮੈਡੀਕਲ ਕਾਲਜ ਖੋਲਣਾ ਚਾਹੀਦਾ। ਇਸੇ ਤਰ੍ਹਾਂ ਦੇਸ਼ ਦੀ ਹਕੂਮਤ ਨੇ ਆਣ ਐਲਾਨੀ ਐਮਰਜੈਂਸੀ ਡਿਕਲੇਅਰ ਕੀਤੀ ਆ ਜਿਸ ਦੇ ਤਹਿਤ ਉਹ ਹਰ ਵਿਰੋਧੀ ਧਿਰ ਦੇ ਆਗੂ ਨੂੰ ਕਿਸੇ ਨਾ ਕਿਸੇ ਦੋਸ਼ ਦੇ ਅੰਦਰ ਜੇਲ੍ਹਾਂ ਦੇ ਅੰਦਰ ਬੰਦ ਕਰ ਰਹੀ ਹੈ। ਮੈਂ ਸਮਝਦਾ ਜੇ ਅੱਜ ਦੇਸ਼ ਦੇ



ਲੋਕ ਨਾ ਇਕੱਠੇ ਹੋਏ ਤਾਂ ਭਾਰਤੀ ਜਨਤਾ ਪਾਰਟੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਸੰਵਿਧਾਨ ਨੂੰ ਅਤੇ ਉਹਨਾਂ ਦੁਆਰਾ ਦਿੱਤੇ ਅਧਿਕਾਰਾਂ ਨੂੰ ਵੀ ਖਤਮ ਕਰ ਸਕਦੀ ਹੈ। ਇਸ ਕਰਕੇ ਅੱਜ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਦੇਸ਼ ਦੀ ਹਕੂਮਤ ਦੇ ਖਿਲਾਫ ਲਾਮਬੰਦ ਹੋਣਾ ਚਾਹੀਦਾ। ਬਸਪਾ ਆਗੂ ਪਰਵੀਨ ਬੰਗਾ ਨੇ ਆਖਿਆ ਅਜ ਤਕ ਦੀਆਂ ਸਰਕਾਰਾਂ ਨੇ ਸ਼ਹੀਦਾਂ ਨੂੰ ਸਿਰਫ ਹਰ ਸਾਲ ਸ਼ਰਧਾਂਜਲੀ ਭੇਂਟ ਕਰਨ ਤੋ ਇਲਾਵਾ ਉਨ੍ਹਾਂ ਦੀ ਸੋਚ ਨੂੰ ਲਾਗੂ ਕਰਨ ਦਾ ਹੌਂਸਲਾ ਨਹੀਂ ਕੀਤਾ। ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਵੱਲ ਨੂੰ ਨਹੀ ਤੁਰੇ। ਬਦਲਾਅ ਦੇ ਨਾਂ ਤੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸ਼ਹੀਦਾਂ ਦੇ ਨਾਮ ਤੇ ਪੰਜਾਬੀਆਂ ਦੀ ਭਾਵਨਾਵਾਂ ਨਾਲ ਖਿਲਵਾੜ ਕੀਤਾ। ਰਿਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵਾਂਗ ਹੱਕੀ ਮੰਗਾਂ ਨੂੰ ਮੰਗਣ ਵਾਲਿਆਂ ਤੇ ਲਾਠੀਚਾਰਜ ਕੀਤਾ ਜਾ ਰਿਹਾ।

ਇਹ ਸ਼ਹੀਦਾਂ ਦੇ ਸੁਪਨਿਆਂ ਵਾਲੀ ਅਜ਼ਾਦੀ ਨਹੀ ਹੈ। ਇਸ ਮੌਕੇ ਤੇ ਨਵੇਂ ਬਣਾਏ ਸੂਬਾ ਕਮੇਟੀ ਮੈਂਬਰ ਦਿਲਬਾਗ ਮਹਿੰਦੀਪੁਰ, ਸਾਬਕਾ ਜਿਲ੍ਹਾ ਪ੍ਰਧਾਨ ਮਨੋਹਰ ਕਮਾਮ, ਜਿਲ੍ਹਾ ਜਨਰਲ ਸਕੱਤਰ ਹਰਬਿਲਾਸ ਬਸਰਾ, ਜਿਲ੍ਹਾ ਸਕੱਤਰ ਵਿਜੇ ਕੁਮਾਰ ਗੁਣਾਚੋਰ, ਬਸਪਾ ਆਗੂ ਭੁਪਿੰਦਰ ਬੇਗਮਪੁਰੀ ਇੰਚਾਰਜ ਬਲਾਚੌਰ, ਬੰਗਾ ਹਲਕੇ ਦੇ ਪ੍ਰਧਾਨ ਜੈ ਪਾਲ ਸੁੰਡਾ, ਬਲਾਚੌਰ ਦੇ ਪ੍ਰਧਾਨ ਜਸਵੀਰ ਅਲੀਆਪੁਰ, ਨਵਾਂਸ਼ਹਿਰ ਦੇ ਪ੍ਰਧਾਨ ਰਸ਼ਪਾਲ ਮਹਾਲੋਂ, ਗੁਰਮੁੱਖ ਨੋਰਦ ਐਮ।ਸੀ। ਨਵਾਂਸ਼ਹਿਰ, ਪੰਮਾ ਭਾਟੀਆ ਐਮ।ਸੀ।ਬਲਾਚੌਰ, ਪ੍ਰਕਾਸ਼ ਬੈਂਸ, ਰਮੇਸ਼ ਚੱਕ ਕਲਾਲ, ਯੂਥ ਆਗੂ ਹਰਜਿੰਦਰ ਜੰਡਾਲੀ ਮੈਂਬਰ ਬਲਾਕ ਸੰਮਤੀ, ਸੁਰਜੀਤ ਕਰੀਹਾ, ਬਾਬੂ ਪ੍ਰੇਮ ਰਤਨ, ਅਜੀਤ ਰਾਮ ਸਾਬਕਾ ਸਰਪੰਚ ਗੁਣਾਚੋਰ, ਗੁਰਦਿਆਲ ਬੋਧ, ਮਿਸ਼ਨਰੀ ਗਾਇਕ ਰਾਜ ਦਦਰਾਲ, ਮਨਜੀਤ ਸੂਦ, ਐਡਵੋਕੇਟ ਰਾਜ ਕੁਮਾਰ, ਐਡਵੋਕੇਟ ਮੁਕੇਸ਼ ਬਾਲੀ, ਪਿਰਥੀ ਸਿੰਘ ਰਾਜਾ ਢਾਬਾ ਅਮਰੀਕ, ਰਕੇਸ਼ ਕੁਮਾਰ, ਕੁਲਦੀਪ ਬਹਿਰਾਮ, ਇੰਟਰਨੈਸ਼ਨਲ ਕੋਚ ਜਗਦੀਸ਼ ਗੁਰੂ, ਪ੍ਰਕਾਸ਼ ਫਰਾਲਾ, ਸਰਪੰਚ ਅਸ਼ੋਕ ਕੁਮਾਰ ਖੋਥੜਾਂ, ਸੁਰਜੀਤ ਸਿੰਘ ਔਜਲਾ ਸਰਪੰਚ, ਵਿਜੇ ਕੁਮਾਰ ਕਰੀਹਾ, ਜਸਵੀਰ ਤੂਰ, ਅਵਤਾਰ ਰਾਜੂ ਮਜਾਰਾ, ਗਿਆਨ ਚੰਦ ਬੀ ਪੀ ਓ, ਜਸਵਿੰਦਰ ਖਮਾਚੋ, ਪਰਕਾਸ਼ ਫਰਾਲਾ, ਇੰਜ ਸੁਰਜੀਤ ਰਲ, ਪੰਕਜ ਬੰਗਾ, ਵਿਜੇ ਕੁਮਾਰ ਸੋਢੀਆਂ, ਗੁਰਦਿਆਲ ਦੋਸਾਂਝ, ਸੁਰਿੰਦਰ ਮੰਢੇਰਾਂ, ਸੁਰਿੰਦਰ ਮੋਹਨ ਭਰੋਮਜਾਰਾ, ਸੁਰਿੰਦਰ ਸਿੰਘ ਝਿੰਗੜਾ, ਸੋਨੂੰ ਭਰੋਮਜਾਰਾ, ਅਮਨਦੀਪ ਗੜਸ਼ੰਕਰ, ਰਣਜੀਤ ਬੱਬਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਸਪਾ ਵਰਕਰਾਂ ਤੇ ਸਮਰਥਕਾਂ ਨੇ ਸ਼ਹੀਦ ਭਗਤ ਸਿੰਘ ਜੀ ਨੂੰ ਨਮਨ ਹੁੰਦੇ ਹੋਏ ਸ਼ਰਧਾਂਜਲੀ ਭੇਂਟ ਕੀਤੀ।

# ਮਾਨਿਆਵਰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਪਿੰਡ ਗੜ੍ਹੀ ਅਜੀਤ ਸਿੰਘ ਵਿਖੇ ਮਨਾਇਆ ਗਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ 90 ਵਾਂ ਜਨਮ ਦਿਨ ਅੱਜ ਵੱਡੇ ਭਾਜੀ ਗਾਇਕ ਰਾਜ ਦਦਰਾਲ ਜੀ ਅਤੇ ਸਵਰਗੀਆ ਗੁਰਮੀਤ ਰਾਮ ਦਦਰਾਲ ਵੈਲਫੇਅਰ ਟਰੱਸਟ ਪਿੰਡ ਗੜ੍ਹੀ ਅਜੀਤ ਸਿੰਘ ਵੱਲੋਂ ਬੱਚਿਆਂ ਨੂੰ ਸਟੇਸ਼ਨਰੀ ਵੰਡਕੇ ਮਨਾਇਆ। ਜੋ ਕਿ ਬਹੁਤ ਹੀ ਵਧੀਆ ਉਪਰਾਲਾ ਹੈ। ਪ੍ਰਸਿੱਧ ਗੀਤਕਾਰ ਸੱਤਪਾਲ ਸਾਹਲੋਂ ਮਾ: ਮੱਖਣ ਬਖਲੌਰ, ਦੀਪ ਅਲਾਚੌਰੀਆ ਗਾਇਕ ਦਵਿੰਦਰ ਰੂਹੀ, ਹਰਦੀਪ ਦੀਪਾ ਲੱਕੀ ਹਿਆਲਾ ਮਿਸ਼ਨਰੀ ਸਾਥੀ ਮਨੋਹਰ ਧੀਰ, ਕੇਸਰ ਮੈਗੜਾ ,ਅਸ਼ੋਕ ਕੁਮਾਰ ਲੁਧਿਆਣਾ, ਸੰਜੀਵ ਕੁਮਾਰ ਲੁਧਿਆਣਾ, ਗੁਰਪ੍ਰੀਤ ਧੀਰ ਇਸ ਸਮਾਗਮ ਵਿੱਚ ਹਾਜ਼ਰ ਹੋਏ। ਬਹੁਤ ਬਹੁਤ ਮੁਬਾਰਕਾਂ ਇਸ ਸ਼ੁੱਭ ਕਾਰਜ ਲਈ ਦਦਰਾਲ ਸਾਹਿਬ ਤੇ ਉਹਨਾਂ ਦੇ ਪੂਰੇ ਪਰਿਵਾਰ ਨੂੰ।

# ਪੰਜਾਬ ਅੰਦਰ ਬਹੁਜਨ ਸਮਾਜ ਪਾਰਟੀ 13 ਸੀਟਾਂ ਤੇ ਇਕੱਲੇ ਚੋਣ ਲੜੇਗੀ - ਰਣਧੀਰ ਸਿੰਘ ਬੈਨੀਵਾਲ



**ਫਗਵਾੜਾ 22 ਮਾਰਚ (ਬੀ.ਕੇ. ਰੱਤੂ)–** ਬਹੁਜਨ ਸਮਾਜ ਪਾਰਟੀ ਦੀ ਅੱਜ ਜਲੰਧਰ ਵਿਖੇ ਸੰਸਦੀ ਚੋਣਾਂ ਨੂੰ ਲੈ ਕੇ ਅਹਿਮ ਮੀਟਿੰਗ ਹੋਈ ਜਿਸ ਵਿੱਚ 13 ਲੋਕ ਸਭਾ ਦੀ ਲੀਡਰਸ਼ਿਪ ਨਾਲ ਪਾਰਲੀਮੈਂਟ ਵਾਈਜ ਮੀਟਿੰਗ ਕੀਤੀ। ਇਸ ਮੌਕੇ ਹਰੇਕ ਲੋਕ ਸਭਾ ਦੇ ਚਾਰ ਤੋਂ ਪੰਜ ਉਮੀਦਵਾਰਾਂ ਦੇ ਪੈਨਲ ਨੂੰ ਲੀਡਰਸ਼ਿਪ ਨਾਲ ਮੰਥਨ ਕੀਤਾ ਗਿਆ। ਮੀਟਿੰਗ ਵਿੱਚ ਬਹੁਜਨ ਸਮਾਜ ਪਾਰਟੀ ਪੰਜਾਬ ਹਰਿਆਣਾ ਚੰਡੀਗੜ੍ਹ ਦੇ ਕੇਂਦਰੀ ਕੋਆਰਡੀਨੇਟਰ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਹਾਜ਼ਰ ਸਨ। ਸ੍ਰੀ ਬੈਨੀਵਾਲ ਜੀ ਨੇ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦਾ ਸੁਨੇਹਾ ਪਾਰਟੀ ਵਰਕਰਾਂ ਨਾਲ ਸਾਂਝਾ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ 13 ਲੋਕ ਸਭਾ ਸੀਟਾਂ ਤੇ ਇਕੱਲੀ ਚੋਣ ਲੜੇਗੀ। ਹਰ ਲੋਕ ਸਭਾ ਸੀਟ ਤੋਂ ਪੈਨਲ ਕੀਤੇ ਉਮੀਦਵਾਰਾਂ ਦੇ ਨਾਵਾਂ ਦੇ ਉੱਤੇ ਵਿਸਥਾਰ ਨਾਲ ਪਾਰਟੀ ਲੀਡਰਸ਼ਿਪ ਨਾਲ ਚਰਚਾ ਕੀਤੀ ਅਤੇ 31 ਮਾਰਚ ਤੱਕ ਪਾਰਟੀ ਲੀਡਰਸ਼ਿਪ ਨੂੰ ਪੈਨਲ ਦੇ ਨਾਵਾਂ ਵਿੱਚੋਂ ਇੱਕ ਉਮੀਦਵਾਰ ਤੇ ਆਮ ਰਾਏ ਬਣਾਉਣ ਦਾ ਸਮਾਂ ਦਿੱਤਾ। ਹਾਲਾਂਕਿ ਇਸ ਮੌਕੇ ਬਹੁਗਿਣਤੀ ਲੋਕ ਸਭਾਵਾਂ ਦੀ ਲੀਡਰਸ਼ਿਪ ਨੇ ਉਮੀਦਵਾਰ ਦੀ ਚੋਣ ਲਈ ਹਾਈ ਕਮਾਂਡ ਨੂੰ ਅਖ–ਤਿਆਰ ਦਿੱਤੇ।

ਸ੍ਰੀ ਬੈਨੀਵਾਲ ਜੀ ਨੇ ਕਿਹਾ ਕਿ ਬਹੁਜਨ ਸਮਾਜ ਅਤੇ ਕੇਡਰ ਨੂੰ ਲਾਮਬੰਦ ਕਰਕੇ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਦੇ ਉਦੇਸ਼ ਦੀ ਪੂਰਤੀ ਲਈ ਸੱਤਾ ਤੇ ਕਬਜ਼ਾ ਕਰਨਾ ਬਸਪਾ ਦਾ ਮੁੱਖ ਨਿਸ਼ਾਨਾ ਹੈ। ਇਸ ਮੌਕੇ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ, ਸੂਬਾ ਇੰਚਾਰਜ ਵਿਧਾਇਕ ਡਾ. ਨਛੱਤਰ ਪਾਲ ਅਤੇ ਸੂਬਾ ਇੰਚਾਰਜ ਅਜੀਤ ਸਿੰਘ ਭੈਣੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਗ਼ਦਰ ਹੈਰੀਟੇਜ਼ ਫਾਊਂਡੇਸ਼ਨ ਕੈਲੀਫੋਰਨੀਆ ਦਾ ਸਨਮਾਨ, ਦੇਸ਼ ਭਗਤ ਹਾਲ 'ਚ 'ਗ਼ਦਰ ਦੀ ਪੈੜ' ਲੋਕ ਅਰਪਣ



**ਜਲੰਧਰ (ਜਨ ਸੰਗਰਾਮ ਚੁੰਬਰ/ ਜਸਪਾਲ ਕੁਮਾਰ ਆਜ਼ਾਦ)–** ਗ਼ਦਰ ਹੈਰੀਟੇਜ਼ ਫਾਊਂਡੇਸ਼ਨ ਕੈਲੀਫੋਰਨੀਆਂ ਦਾ ਵਫ਼ਦ ਅੱਜ ਦੇਸ਼ ਭਗਤ ਯਾਦਗਾਰ ਹਾਲ ਆਉਣ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹਾਰਦਿਕ ਸਵਾਗਤ ਕੀਤਾ ਗਿਆ।

ਗ਼ਦਰ ਹੈਰੀਟੇਜ਼ ਫਾਊਂਡੇਸ਼ਨ ਕੈਲੀਫੋਰਨੀਆਂ ਵੱਲੋਂ ਹਰ ਵਰ੍ਹੇ ਮਹਾਨ ਗ਼ਦਰ ਲਹਿਰ ਨੂੰ ਸਿਜਦਾ ਕਰਦਿਆਂ ਇਸ ਲਹਿਰ ਦੇ ਅਣਫ਼ੋਲੇ ਵਰਕੇ ਸੰਭਾਲਦਿਆਂ 'ਗ਼ਦਰ ਦੀ ਪੈੜ' ਨਾਮੀਂ ਜਾਰੀ ਕੀਤੀ ਜਾਂਦੀ ਪੱਤ੍ਰਿਕਾ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਜਾਰੀ ਕੀਤੀ ਗਈ। ਇਸ ਵਫ਼ਦ ਵਿੱਚ ਕੈਲੀਫੋਰਨੀਆਂ ਤੋਂ ਮੱਖਣ ਬਾਸੀ, ਤਰਲੋਕ ਸਿੰਘ ਜੌਹਲ, ਅਮਰੀਕ ਸਿੰਘ ਖਿਡਾਲੀਆ, ਟੋਰੰਟੋ ਤੋਂ ਗੁਰਜੀਤ ਸਿੰਘ ਜੌਹਲ ਅਤੇ ਹਰਿਆਣਾ ਤੋਂ ਧਨਪਤ ਸਿੰਘ ਧਾਰਸੂਲ ਸ਼ਾਮਲ ਸਨ। ਦੇਸ਼ ਭਗਤ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਗੁਰਮੀਤ ਸਿੰਘ, ਹਰਮੇਸ਼ ਮਾਲੜੀ ਨੇ ਵਫ਼ਦ ਨੂੰ ਜੀ ਆਇਆਂ ਕਿਹਾ ਅਤੇ ਗ਼ਦਰ ਲਹਿਰ ਦੇ ਉਦੇਸ਼ਾਂ ਨੂੰ ਪਰਸਪਰ ਸਹਿਯੋਗ ਨਾਲ ਨੇਪਰੇ ਚਾੜ੍ਹਨ ਦਾ ਅਹਿਦ ਲਿਆ।

# ਤਰਕਸ਼ੀਲ ਸੁਸਾਇਟੀ ਵਲੋਂ ਸ਼ਹੀਦੀ ਦਿਵਸ ਨੂੰ ਸਮਰਪਿਤ ਸੁਖਵਿੰਦਰ ਗੋਗਾ ਦੇ ਘਰ ਪਰਿਵਾਰਿਕ ਮਿਲਣੀ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਜੋਨ ਨਵਾਂਸ਼ਹਿਰ ਦੀਆਂ ਸਾਰੀਆਂ ਇਕਾਈਆਂ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਬੰਗਾ ਵਿਖੇ ਸੁਖਵਿੰਦਰ ਗੋਗਾ ਜੀ ਦੇ ਘਰ ਤਰਕਸ਼ੀਲ ਪਰਿਵਾਰਕ ਮਿਲਣੀ ਕੀਤੀ ਗਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿਛੜੇ ਜੁਝਾਰੂ ਸਾਥੀ ਮੁਕੰਦ ਲਾਲ ਜੀ ਅਤੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੌਕੇ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਤਿਆਗ ਕੇ ਬਦਲਵਾਂ ਤਰਕਸ਼ੀਲ ਸੱਭਿਆਚਾਰ ਕੀ ਹੋਵੇ, ਸੰਸਥਾ 'ਚ ਕੰਮ ਕਰਦਿਆਂ ਸਮਰਪਣ ਦੀ ਭਾਵਨਾ,



ਤਰਕਸ਼ੀਲ ਪਰਿਵਾਰਾਂ ਵਿੱਚ ਆਪਸੀ ਤਾਲਮੇਲ ਕਾਇਮ ਰੱਖਣਾ, ਤਰਕਸ਼ੀਲ ਮਿਲਣੀਆਂ ਲਗਾਤਾਰ ਜਾਰੀ ਰੱਖਣੀਆਂ ਆਦਿ ਏਜੰਡਿਆਂ ਸੰਬੰਧੀ ਵਿਚਾਰਾ ਕੀਤੀਆਂ ਗਈਆ। ਵਿਚਾਰ ਪੇਸ਼ ਕਰਦੇ ਹੋਏ ਮੈਡਮ ਬਲਵਿੰਦਰ ਸਲੋਹ, ਸੰਤੋਸ਼ ਖਟਕੜ, ਰੂਬੀ ਬੰਗਾ, ਕਮਲਜੀਤ ਖਟਕੜ, ਸੁਮਨ ਸੂੰਨੀ, ਰਾਜਵਿੰਦਰ ਕੌਰ, ਪਰਮਜੀਤ ਕੌਰ ਨੇ ਕਿਹਾ ਕਿ ਸਾਨੂੰ ਬਹੁਤ ਮਾਣ ਹੈ ਕਿ ਸਾਡੇ ਜੀਵਨ ਸਾਥੀ ਤਰਕਸ਼ੀਲ ਵਿਚਾਰਾਂ ਵਾਲੇ ਹਨ। ਜਿਹੜੇ ਕਿ ਸਮਾਜ ਵਿੱਚੋਂ ਅੰਧਵਿਸ਼ਵਾਸ ਵਹਿਮ ਭਰਮ ਦੂਰ ਕਰਨ ਦਾ ਯਤਨ ਕਰਦੇ ਹਨ। ਉਹਨਾਂ ਕਿਹਾ ਕਿ ਭਾਵੇਂ ਪਹਿਲਾਂ ਅਸੀਂ ਤਰਕਸ਼ੀਲ ਸੁਸਾਇਟੀ ਸੰਬੰਧੀ ਜਾਣਕਾਰੀ ਨਹੀਂ ਰੱਖਦੇ ਸੀ। ਪਰ ਇਹਨਾਂ ਨਾਲ ਜੁੜਨ ਪਿੱਛੋਂ ਸਾਨੂੰ ਹੌਲੀ ਹੌਲੀ ਸਮਝ ਲੱਗ ਗਈ ਕਿ ਜਾਦੂ ਟੂਣੇ, ਧਾਗੇ ਤਵੀਤ, ਭੂਤਾਂ ਪਰੇਤਾਂ ਕੋਈ ਅਸਲੀਅਤ ਵਿੱਚ ਨਹੀਂ ਹਨ। ਇਹ ਸਭ ਵਹਿਮ ਹਨ। ਮਾਸਟਰ ਰਾਜ ਕੁਮਾਰ, ਮਾਸਟਰ ਨਰੇਸ਼, ਸੁਖਵਿੰਦਰ ਲੰਗੇਰੀ, ਮਾਸਟਰ ਪਰਮਜੀਤ ਖਮਾਚੋਂ, ਮਾਸਟਰ ਰਾਮ ਪਾਲ ਰਾਹੋਂ ਆਦਿ ਨੇ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਖੁਸ਼ੀ ਗਮੀ ਦੇ ਸਮਾਗਮਾਂ ਮੌਕੇ ਪੁਰਾਣੇ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਛੱਡ ਦੇਣਾ ਚਾਹੀਦਾ ਹੈ। ਜੋਨ ਮੁੱਖੀ ਸੱਤਪਾਲ ਸਲੋਹ, ਸੂਬਾ ਕਮੇਟੀ ਮੈਂਬਰ ਜੋਗਿੰਦਰ ਕੁੱਲੇਵਾਲ, ਮੀਡੀਆ ਮੁਖੀ ਮਾ।ਜਗਦੀਸ਼, ਵਿੱਤ ਮੁਖੀ ਸੁਖਵਿੰਦਰ ਗੋਗਾ ਆਦਿ ਆਗੂਆਂ ਨੇ ਕਿਹਾ ਕਿ ਪਰਿਵਾਰਕ ਮਿਲਣੀਆਂ ਨਾਲ ਤਰਕਸ਼ੀਲ ਪਰਿਵਾਰਾਂ ਵਿੱਚ ਆਪਸੀ ਤਾਲਮੇਲ ਵਧੇਗਾ, ਵਿਚਾਰਾਂ ਦਾ ਅਦਾਨ ਪ੍ਰਦਾਨ ਹੋਵੇਗਾ, ਪਰਿਵਾਰਿਕ ਮੈਂਬਰਾਂ ਨੂੰ ਸੁਸਾਇਟੀ ਦੇ ਕੰਮ ਕਾਰ ਵਾਰੇ ਜਾਣਕਾਰੀ ਮਿਲੇਗੀ ਅਤੇ ਵਿਚਾਰਧਾਰਿਕ ਤੌਰ ਤੇ ਪਰਪੱਕਤਾ ਹੋਵੇਗੀ। ਉਹਨਾਂ ਸ਼ਹੀਦ ਭਗਤ ਸਿੰਘ, ਰਾਜ ਗੁਰੂ, ਸੁਖਦੇਵ ਅਤੇ ਹੋਰ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਸਾਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਬੇਟੀ ਨਰਿੰਦਰ ਕੌਰ ਖਟਕੜ ਨੇ ਅਗਾਂਹਵਧੂ ਵਿੱਚ ਤਰਕਸ਼ੀਲ ਸੁਸਾਇਟੀ ਦੇ ਕੰਮ ਕਾਰ ਦੀ ਤੁਲਨਾ ਕੀਤੀ।ਇਸ ਮੌਕੇ ਮਾਸਟਰ ਕੁਲਵਿੰਦਰ, ਬਲਜੀਤ ਸਤਨਾਮ, ਬੇਟੀ ਜੈਸਮੀਨ, ਰਾਜਵਿੰਦਰ ਕੌਰ ਦੁਸਾਂਝ, ਹਰਮਨਜੀਤ,ਰਹਿਮਤ, ਮੋਹਨ ਬੀਕਾ, ਬਲਜਿੰਦਰ ਸਹਿਬਾਜਪੁਰ, ਹਰਜਿੰਦਰ ਸੂੰਨੀ, ਬਲਜਿੰਦਰ ਤਾਜੋਵਾਲ, ਰਾਜਿੰਦਰ ਕੌਰ, ਗੁਰਬਖਸ਼ ਕੌਰ, ਨਿੰਦਰ ਮਾਈ ਦਿੱਤਾ ਆਦਿ ਹਾਜ਼ਰ ਸਨ।

# ਬਲੱਡ ਬੈਂਕ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲਗਾਏ ਖੂਨਦਾਨ ਕੈਂਪ 'ਚ 85 ਨੌਜਵਾਨਾਂ ਕੀਤਾ ਖੂਨ ਦਾਨ

**ਫਗਵਾੜਾ (ਬੀ.ਕੇ. ਰੱਤੂ)** ਉਦਯੋਗਪਤੀ ਕੇ.ਕੇ. ਸਰਦਾਨਾ ਦੀ ਰਹਿਨੁਮਾਈ ਹੇਠ ਚੱਲ ਰਹੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਸ਼ਹੀਦ-ਏ-ਆਜਮ ਸ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿਚ ਨੌਜਵਾਨ ਲੜਕੇ ਲੜਕੀਆਂ ਤੋਂ ਇਲਾਵਾ ਪਤੀ-ਪਤਨੀ ਅਤੇ ਪਿਤਾ-ਪੁਤਰਾਂ ਨੇ ਇੱਕਠਿਆਂ ਖੂਨ ਦਾਨ ਕਰਕੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਲਗਾਏ ਕੈਂਪ ਦੌਰਾਨ ਕੁੱਲ 85 ਯੂਨਿਟ ਖੂਨ ਇਕੱਤਰ ਕੀਤਾ ਗਿਆ। ਖੂਨ ਦਾਨੀਆਂ ਨੂੰ ਅਸ਼ੀਰਵਾਦ ਦੇਣ ਲਈ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਅਤੇ ਪੰਜਾਬੀ ਗਾਇਕ ਫਿਰੋਜ ਖਾਨ ਵਿਸ਼ੇਸ਼ ਤੌਰ ਤੇ ਹਾਜਰ ਆਏ। ਵਿਧਾਇਕ ਧਾਲੀਵਾਲ ਨੇ ਬਲੱਡ ਬੈਂਕ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ. ਭਗਤ ਸਿੰਘ ਵਰਗੇ ਜਿਹਨਾਂ ਸੂਰਮਿਆਂ ਨੇ ਆਪਣਾ ਖੂਨ ਦੇ ਕੇ ਇਸ ਦੇਸ਼ ਨੂੰ ਆਜਾਦ ਕਰਵਾਇਆ, ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਖੂਨ ਦਾਨ ਕਰਨਾ ਬਹੁਤ ਹੀ ਵਧੀਆ ਉਪਰਾਲਾ ਹੈ। ਖੂਨ ਦਾਨ ਕਰਨ ਵਾਲਿਆਂ ਨੂੰ ਸਰਟੀਫਿਕੇਟ ਵੀ ਦਿੱਤੇ ਗਏ। ਨੌਜਵਾਨਾਂ ਨੂੰ ਉਤਸ਼ਾਹਤ ਕਰਨ ਦੇ ਮਨੋਰਥ ਨਾਲ ਲੱਕੀ ਡਰਾਅ ਵੀ ਕੱਢੇ ਗਏ ਅਤੇ ਤਿੰਨ ਲੱਕੀ ਖੂਨਦਾਨੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਖੂਨਦਾਨੀਆਂ ਲਈ ਰਿਫਰੈਸ਼ਮੈਂਟ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਇਸ ਖੂਨ ਦਾਨ ਕੈਂਪ ਨੂੰ ਸਫਲ ਬਨਾਉਣ ਵਿਚ ਬਲੱਡ ਬੈਂਕ ਦੇ ਸਟਾਫ ਤੋਂ ਇਲਾਵਾ ਰੋਟਰੈਕਟ ਕੱਲਬ ਫਗਵਾੜਾ ਸਾਊਥ ਈਸਟ ਦੀ ਪ੍ਰਧਾਨ ਸੰਜੀਵਨੀ ਅਤੇ ਡਾ. ਬੀ.ਆਰ. ਅੰਬੇਡਕਰ ਸੁਸਾਇਟੀ ਦੇ ਪ੍ਰਧਾਨ ਹਰਦੀਪ ਭਾਟੀਆ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਕ੍ਰਿਸ਼ਨ ਕੁਮਾਰ, ਜੁਗਲ ਭਨੋਟ, ਵਿਸ਼ਵਾ ਮਿੱਤਰ ਸ਼ਰਮਾ, ਸੁਧਾ ਬੇਦੀ, ਮੋਹਨ ਲਾਲ ਤਨੇਜਾ, ਗੁਰਜੀਤ ਸਿੰਘ, ਗੁਲਸ਼ਨ ਕਪੂਰ, ਅੰਮ੍ਰਿਤਪਾਲ, ਹਰਭਜਨ ਸਿੰਘ ਲੱਕੀ, ਏ.ਪੀ. ਸਿੰਘ ਕੋਛੜ ਆਦਿ ਹਾਜਰ ਸਨ।









# ਸਪਸ਼ਟ ਹਾਰ ਦੇਖ ਕੇ ਘਬਰਾਇਆ ਮੋਦੀ ਵਿਰੋਧੀਆਂ ਨੂੰ ਮੈਦਾਨ 'ਚੋਂ ਲਾਂਭੇ ਕਰ ਰਿਹਾ ਹੈ: ਪਾਸਲਾ

**ਚੰਡੀਗੜ੍ਹ/ਜਲੰਧਰ, (ਦਲਜੀਤ ਕੌਰ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੇ ਪਾਰਟੀ ਵਲੋਂ ਆਰੰਭੀ 'ਭਾਜਪਾ ਹਰਾਓ-ਕਾਰਪੋਰੇਟ-ਭਜਾਓ-ਦੇਸ਼ ਬਚਾਉ' ਮੁਹਿੰਮ ਹੋਰ ਭਖਾਉਣ ਦਾ ਨਿਰਣਾ ਲਿਆ ਹੈ। ਭਾਜਪਾ ਅਤੇ ਇਸ ਦੇ ਜੋਟੀਦਾਰਾਂ ਦੀ ਹਾਰ ਯਕੀਨੀ ਬਣਾਉਣ ਲਈ ਸਕੱਤਰੇਤ ਨੇ ਦੇਸ਼ ਪੱਧਰ 'ਤੇ 'ਇੰਡੀਆ' ਗੱਠਜੋੜ ਅਤੇ ਪੰਜਾਬ ਅੰਦਰ ਭਾਜਪਾ ਗਠਜੋੜ ਨੂੰ ਹਰਾਉਣ ਦੇ ਸਮਰੱਥ ਉ-ਮੀਦਵਾਰਾਂ ਦੀ ਡਟਵੀਂ ਹਿਮਾਇਤ ਕਰਨ ਲਈ ਜ਼ੋਰਦਾਰ ਮੁਹਿੰਮ ਵਿੱਢਣ ਦਾ ਫੈਸਲਾ ਕੀਤਾ ਹੈ।

ਇਹ ਜਾਣਕਾਰੀ ਦਿੰਦਿਆਂ ਸੂਬਾ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਹੈ ਕਿ ਸਕੱਤਰੇਤ ਵੱਲੋਂ ਬਾਬਾ ਸਾਹਿਬ ਡਾ। ਬੀ।ਆਰ। ਅੰ-ਬੇਡਕਰ ਦਾ ਜਨਮ ਦਿਹਾੜਾ ਦਲਿਤਾਂ-ਇਸਤਰੀਆਂ ਦੀ ਗੁਲਾਮੀ ਦੇ ਦਸਤਾਵੇਜ਼ 'ਮੰਨੂ ਸਿਮਰਤੀ' ਖਿਲਾਫ਼ ਚੇਤਨਾ ਤੇ ਲਾਮਬੰਦੀ ਤਿੱਖੀ ਕਰਨ ਦੇ ਉਦੇਸ਼ ਤਹਿਤ 'ਸੰਵਿਧਿਨ ਬਚਾਓ, ਲੋਕ ਰਾਜ ਬਚਾਓ' ਦਿਵਸ ਵਜੋਂ ਜਨਤਕ ਮੀਟਿੰਗਾਂ ਕਰਕੇ ਮਨਾਇਆ ਜਾਵੇਗਾ। ਪਹਿਲੀ ਮਈ ਨੂੰ 'ਕੌਮਾਂਤਰੀ ਮਜ਼ਦੂਰ ਦਿਵਸ' ਸਾਮਰਾਜੀ ਤੇ ਕਾਰਪੋਰੇਟੀ ਲੁੱਟ ਤੇ ਦਾਬੇ ਤੋਂ ਮੁਕਤੀ ਹਾਸਲ ਕਰਕੇ ਸਾਂਝੀਵਾਲਤਾ ਵਾਲੇ ਸਮਾਨਤਾਵਾਦੀ ਢਾਂਚੇ ਦੀ ਕਾਇਮੀ ਲਈ ਸੰਕਲਪ ਦਿਹਾੜੇ ਵਜੋਂ ਮਨਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ। ਠੋਸ ਵਿਉਂਤਬੰਦੀ ਕਰਨ ਹਿਤ 3-4 ਅਪ੍ਰੈਲ 2024 ਨੂੰ ਜਲੰਧਰ ਵਿਖੇ ਪਾਰਟੀ ਦੀ ਰਾਜ ਕਮੇਟੀ ਦੀ ਦੋ ਰੋਜ਼ਾ ਮੀਟਿੰਗ ਸੱਦੀ ਗਈ ਹੈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ



ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਹੈ ਕਿ, "ਦੇਸ਼ ਦਾ ਭਲਾ ਲੋਚਦੇ ਬੁੱਧੀਜੀਵੀ ਤੇ ਲੋਕ ਪੱਖੀ ਸੰਸਥਾਵਾਂ ਦੇ ਇਹ ਖਦਸ਼ੇ ਸੌ ਫੀਸਦੀ ਸਹੀ ਹਨ ਕਿ ਜੇ 'ਸਾਮ-ਦਾਮ-ਦੰਡ-ਭੇਦ' ਦੀ ਨੀਤੀ 'ਤੇ ਚਲਦਿਆਂ ਮੋਦੀ ਸਰਕਾਰ ਤੀਜੀ ਵਾਰ ਰਾਜਸੱਤਾ 'ਤੇ ਕਬਜ਼ਾ ਕਰਨ ਵਿਚ ਸਫਲ ਹੋ ਗਈ ਤਾਂ ਦੇਸ਼ ਦਾ ਧਰਮ ਨਿਰਪੱਖ ਤੇ ਲੋਕ ਰਾਜ ਢਾਂਚਾ ਪੂਰੀ ਤਰ੍ਹਾਂ ਤਬਾਹ ਹੋ ਜਾਏਗਾ। ਭਾਜਪਾ ਦੇ ਇਸ਼ਾਰੇ 'ਤੇ ਸਰਕਾਰੀ ਏਜੰਸੀਆਂ ਵਿਰੋਧੀ ਦਲਾਂ ਦੇ ਬੈਂਕ ਖਾਤੇ ਜਾਮ ਕਰਨ ਅਤੇ ਭਾਜਪਾ ਨੂੰ ਸਖਤ ਚੁਣੌਤੀ ਦੇਣ ਦੇ ਕਾਬਲ ਵਿਰੋਧੀ ਨੇਤਾਵਾਂ ਦੀਆਂ ਨਾਜਾਇਜ਼ ਗ੍ਰਿਫਤਾਰੀਆਂ, ਜਿੱਥੇ ਉਕਤ ਖਦਸ਼ਿਆਂ ਦੀ ਪੁਸ਼ਟੀ ਕਰਦੀਆਂ ਹਨ, ਉੱਥੇ ਕਾਇਰਤਾ ਪੂਰਨ ਉਪਰੋਕਤ ਹਰਕਤਾਂ ਤੋਂ ਇਹ ਵੀ ਜਹਿਰ ਹੁੰਦਾ ਹੈ ਕਿ ਸੰਘ-ਭਾਜਪਾ ਚੋਣਾਂ 'ਚ ਆਪਣੀ ਹਾਰ ਸਪਸ਼ਟ ਹਾਰ ਦੇਖਦੇ ਹੋਏ ਕਿੰਨਾ ਭੈਭੀਤ ਹਨ। ਸਾਥੀ ਪਾਸਲਾ ਨੇ ਕਿਹਾ ਕਿ ਭਾਈਚਾਰਕ ਸਾਂਝ ਅਤੇ ਦੇਸ਼ ਦੀ ਭੂਗੋਲਿਕ ਅਖੰਡਤਾ ਲਈ ਸਿਰੇ ਦੇ ਘਾਤਕ ਆਰ।ਐਸ।ਐਸ। ਦੇ ਤਾਨਾਸ਼ਾਹੀ ਵਿਵਸਥਾ ਵਾਲੇ ਧਰਮ ਅਧਾਰਤ ਕੱਟੜ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਏਜੰਡੇ ਨੂੰ ਹਾਰ ਦੇਣ ਲਈ ਲਈ 2024 ਦੀਆਂ ਚੋਣਾਂ 'ਚ ਭਾਜਪਾ ਸਰਕਾਰ ਨੂੰ ਸੱਤਾ ਤੋਂ ਬੇਦਖਲ ਕਰਨਾ ਦੇਸ਼ ਵਾਸੀਆਂ ਦਾ ਸਭ ਤੋਂ ਪਵਿੱਤਰ ਕਾਰਜ ਹੈ। ਉਨ੍ਹਾਂ ਅੱਗੇ ਕਿਹਾ ਕਿ ਸੰਘ-ਭਾਜਪਾ ਵਲੋਂ ਰਾਤ-ਦਿਨੇ ਜੋਰਾਂ-ਸ਼ੋਰਾਂ ਨਾਲ ਪ੍ਰਚਾਰਿਆ ਜਾ ਰਿਹਾ ਅਖੌਤੀ ਹਿੰਦੂ ਰਾਸ਼ਟਰ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਕਿਰਤੀ-ਕਿਸਾਨਾਂ ਤੇ ਹੋਰ ਮਿਹਨਤਕਸ਼ਾਂ ਦੇ ਹੱਕਾਂ-ਹਿਤਾਂ ਦੀ ਬਲੀ ਦੇ ਕੇ ਮੁੱਠੀ ਭਰ ਦੇਸੀ-ਵਿਦੇਸ਼ੀ ਲੋਟੂਆਂ ਦੇ ਵਾਰੇ-ਨਿਆਰੇ ਕਰਨ ਦਾ ਸਿਰਫ ਸਾਧਨ ਮਾਤਰ ਹੈ।

ਮੀਟਿੰਗ ਵਲੋਂ ਸੂਬੇ ਦੀ ਭਗਵੰਤ ਮਾਨ ਸਰਕਾਰ ਦੀਆਂ ਮੋਦੀ ਸਰਕਾਰ ਵਾਲੀਆਂ ਹੀ ਲੋਕ ਦੋਖੀ ਨੀਤੀਆਂ, ਰੱਦੀ ਪ੍ਰਸ਼ਾਸਨਿਕ ਕਾਰਗੁਜ਼ਾਰੀ, ਅਪਰਾਧਾਂ ਅਤੇ ਮਾਫੀਆ ਤੰਤਰ ਦੀ ਲੁੱਟ-ਖਸੁੱਟ ਰੋਕਣ ਪੱਖੋਂ ਘੋਰ ਅਸਫਲਤਾ ਖਿਲਾਫ਼ ਘੋਲ ਤੇਜ਼ ਕਰਨ ਦਾ ਐਲਾਨ ਕਰਦਿਆਂ ਸੂਬਾ ਸਰਕਾਰ ਤੋਂ ਆਪਣੇ ਵਾਅਦੇ ਪੂਰੇ ਕਰਨ ਅਤੇ ਜਾਬਰ ਹੱਥਕੰਡੇ ਫੌਰੀ ਤਿਆਗਣ ਦੀ ਮੰਗ ਕੀਤੀ ਗਈ।

# ਮਨਜਿੰਦਰ ਸਿੰਘ ਸਿਰਸਾ ਨੇ ਕੇਜਰੀਵਾਲ ਵੱਲੋਂ ਜਾਰੀ ਕੀਤੇ ਹੁਕਮਾਂ ਦੀ ਕੀਤੀ ਐਲ ਜੀ ਨੂੰ ਸ਼ਿਕਾਇਤ

**ਚੰਡੀਗੜ੍ਹ–** ਭਾਜਪਾ ਦੇ ਕੌਮੀ ਸਕੱਤਰ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦਿੱਲੀ ਸ਼ਰਾਬ ਘੁਟਾਲੇ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਹਿਰਾਸਤ ਵਿਚ ਹੁੰਦਿਆਂ ਮੁੱਖ ਮੰਤਰੀ ਵਜੋਂ ਜਾਰੀ ਕੀਤੇ ਹੁਕਮਾਂ ਦੇ ਮਾਮਲੇ ਦੀ ਉਪ ਰਾਜਪਾਲ (ਐਲ ਜੀ) ਨੂੰ ਸ਼ਿਕਾਇਤ ਕਰਦਿਆਂ ਮਾਮਲੇ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ ਤੇ ਕਿਹਾ ਹੈ ਕਿ ਇਸ ਮਾਮਲੇ ਵਿਚ ਐਫ ਆਈ ਆਰ ਦਰਜ ਕਰ ਕੇ ਸ੍ਰੀ ਕੇਜਰੀਵਾਲ ਦੇ ਸਬੰਧਤ ਲੋਕਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਦਿੱਲੀ ਦੇ ਉਪ ਰਾਜਪਾਲ ਨੂੰ ਲਿਖੇ ਪੱਤਰ ਵਿਚ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਦਿੱਲੀ ਸ਼ਰਾਬ ਘੁਟਾਲੇ ਵਿਚ ਈ ਡੀ ਦੀ ਹਿਰਾਸਤ ਵਿਚ ਹਨ। ਉਹਨਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਈ ਡੀ ਦੀ ਹਿਰਾਸਤ ਵਿਚ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਇਹ ਦਾਅਵੇ ਕਰ ਰਹੀ ਹੈ ਕਿ ਉਹਨਾਂ ਨੇ ਹਿਰਾਸਤ ਵਿਚੋਂ ਦਿੱਲੀ ਵਾਸਤੇ ਹੁਕਮ ਜਾਰੀ ਕੀਤੇ ਹਨ। ਉਹਨਾਂ ਕਿਹਾ ਕਿ ਦਿੱਲੀ ਦੇ ਮੰਤਰੀ ਸ੍ਰੀਮਤੀ ਆਤਿਸ਼ੀ ਤੇ ਸ੍ਰੀ ਸੌਰਵ ਭਾਰਦਵਾਜ ਨੇ ਇਹ ਹੁਕਮ ਜਾਰੀ ਕੀਤੇ ਹੋਣ ਦੇ ਦਾਅਵੇ ਕੀਤੇ ਹਨ ਜੋ ਨਾ ਸਿਰਫ ਹਾਸੋਹੀਣੇ ਹਨ ਬਲਕਿ ਕਾਨੂੰਨ ਦੀ ਗੰਭੀਰ ਉਲੰਘਣਾ ਹੈ। ਸਰਦਾਰ ਸਿਰਸਾ ਨੇ ਉਪ ਰਾਜਪਾਲ ਨੂੰ ਅਪੀਲ ਕੀਤੀ ਕਿ ਈ ਡੀ ਦੀ ਹਿਰਾਸਤ ਵਿਚ ਹੋਣ ਦੇ ਬਾਵਜੂਦ ਸ੍ਰੀ ਕੇਜਰੀਵਾਲ ਵੱਲੋਂ ਅਜਿਹੇ ਹੁਕਮ ਜਾਰੀ ਕੀਤੇ ਜਾਣ ਦੇ ਸਾਰੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਵਾਈ ਜਾਵੇ ਅਤੇ ਸਾਰੇ ਦੋਸ਼ੀਆਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ। ਉਹਨਾਂ ਕਿਹਾ ਕਿ ਇਹ ਇਕ ਬਹੁਤ ਹੀ ਗੰਭੀਰ ਮਾਮਲਾ ਹੈ ਤੇ ਆਮ ਆਦਮੀ ਪਾਰਟੀ ਵੱਲੋਂ ਅਜਿਹੀ ਡਰਾਮੇਬਾਜ਼ੀ ਨਾ ਸਿਰਫ ਸੰਵਿਧਾਨ ਦੀ ਉਲੰਘਣਾ ਹੈ ਬਲਕਿ ਇਹ ਇਕ ਬੇਹੱਦ ਗੰਭੀਰ ਗੈਰ ਕਾਨੂੰਨੀ ਕਾਰਵਾਈ ਹੈ। ਸਰਦਾਰ ਸਿਰਸਾ ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਉਪ ਰਾਜਪਾਲ ਇਸ ਮਾਮਲੇ ਵਿਚ ਬਣਦੀ ਕਾਰਵਾਈ ਕਰਨਗੇ ਅਤੇ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਤੇ ਹੁਕਮ ਜਾਰੀ ਕਰਨਗੇ।

# ਮੁਸਲਿਮ ਭਾਈਚਾਰੇ ਵੱਲੋਂ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**–ਮਨੁੱਖਤਾ ਦੀ ਭਲਾਈ ਲਈ ਕਾਰਜਸ਼ੀਲ ਮੁਸਲਿਮ ਭਾਈਚਾਰੇ ਦੀ ਸੰਸਥਾ 'ਮੈਸੇਂਜ਼ਰ ਆਫ਼ ਪੀਸ' ਵੱਲੋਂ ਢਾਹਾਂ ਕਲੇਰਾਂ ਵਿਖੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਕੀਤਾ ਗਿਆ। ਇਹ ਰਸਮ ਸੰਸਥਾ ਦੇ ਕੌਮੀ ਪ੍ਰਚਾਰਕ ਹਾਫ਼ਿਜ਼ ਅਲੀ ਇਸਲਾਹੀ ਦੀ ਅਗਵਾਈ 'ਚ ਨਿਭਾਈ ਗਈ । ਉਹਨਾਂ ਕਿਹਾ ਕਿ ਕੁਦਰਤ ਦੀ ਰਜ਼ਾ ਲਈ ਸਮਾਜ ਸੇਵਾ ਦਾ ਕੋਈ ਤੋੜ ਨਹੀਂ, ਇਸ ਲਈ ਸਾਨੂੰ ਜਨ ਜੀਵਨ 'ਚ ਸਾਂਝੇ ਕਾਰਜਾਂ ਲਈ ਬਣਦੇ ਫ਼ਰਜ਼ ਨਿਭਾਉਂਦੇ ਰਹਿਣਾ ਚਾਹੀਦਾ ਹੈ। ਹਾਫ਼ਿਜ਼ ਅਲੀ ਇਸਲਾਹੀ ਨੇ ਸਿਹਤ ਅਤੇ ਸਿੱਖਿਆ ਖੇਤਰ 'ਚ ਚਾਰ ਦਹਾਕਿਆਂ ਤੋਂ ਸਮਰਪਿਤ ਸੇਵਾਵਾਂ ਨਿਭਾਉਣ ਵਾਲੇ ਉਕਤ ਟਰੱਸਟ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਸ ਦੀ ਅਗਵਾਈ ਕਰਦੀ ਸਮੁੱਚੀ ਟੀਮ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।



ਇਸ ਮੌਕੇ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਧੰਨਵਾਦ ਕਰਦਿਆਂ ਕਿ ਉਹ ਪਹਿਲਾਂ ਵੀ ਤਨਦੇਹੀ ਨਾਲ ਢਾਹਾਂ ਕਲੇਰਾਂ ਦੇ ਸਮੁੱਚੇ ਅਦਾਰਿਆਂ ਲਈ ਕੰਮ ਕਰਦੇ ਸਨ ਪਰ ਹੁਣ ਮੁੱਖ ਸੇਵਾਦਾਰ ਦੀ ਜ਼ਿੰਮੇਵਾਰੀ ਦਿੱਤੇ ਜਾਣ 'ਤੇ ਹੋਰ ਚੋਖੇ ਬੱਲ ਨਾਲ ਯਤਨਸ਼ੀਲ ਰਹਿਣਗੇ। ਉਹਨਾਂ ਕਿਹਾ ਕਿ 'ਮੈਸ਼ੇਂਜਰ ਆਫ਼ ਪੀਸ' ਕਾਫ਼ਲੇ ਵਲੋਂ ਮਿਲਿਆ ਸਨਮਾਨ ਉਹਨਾਂ ਲਈ ਸਦਾ ਪ੍ਰੇਰਕ ਬਣਿਆਂ ਰਹੇਗਾ। ਇਸ ਮੌਕੇ ਕਾਰੀ ਤਾਹਿਰ ਹੁਸੈਨ, ਨਦੀਮ ਅਹਿਮਦ ਬੰਗਾ, ਕਾਰੀ ਮੁਹੰਮਦ ਅਸਫਾਕ, ਬੀਬੀ ਸੰਤੋਸ਼ ਮਾਨ, ਭਾਈ ਜੋਗਾ ਸਿੰਘ, ਦਫ਼ਤਰ ਸੁਪਰਡੈਂਟ ਮਹਿੰਦਰ ਪਾਲ ਸਿੰਘ ਆਦਿ ਹਾਜ਼ਰ ਸਨ ।

# ਸੇਵਾ-ਮੁਕਤ ਅਧਿਆਪਕ ਜੋੜੇ ਵਲੋਂ ਖੇੜਾ ਕਲਮੋਟ ਸਕੂਲ ਨੂੰ 11000 ਰੁਪਏ ਭੇਟ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**– ਨਾਮਵਰ ਅਧਿਆਪਕ ਜੋੜੇ ਸੋਹਣ ਸਿੰਘ ਸੇਵਾ-ਮੁਕਤ ਲੈਕਚਰਾਰ ਅਤੇ ਅਮਰਜੀਤ ਕੌਰ ਸੇਵਾ-ਮੁਕਤ ਐਸ।ਐਸ ਮਿਸਟ੍ਰੈਸ ਨਿਵਾਸੀ ਬਲਾਚੌਰ ਵਲੋਂ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜਾ ਕਲਮੋਟ ਦਾ ਦੌਰਾ ਕੀਤਾ ਗਿਆ। ਸਕੂਲ ਸਟਾਫ ਵਲੋਂ ਉਹਨਾਂ ਨੂੰ ਜੀ ਆਇਆਂ ਨੂੰ ਕਿਹਾ ਗਿਆ। ਸਕੂਲ ਵਿੱਚ ਚਲ ਰਹੀਆਂ ਸਮੁੱਚੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਗਿਆ। ਉਹਨਾਂ ਇਹ ਜਾਣ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਕਿ ਸਕੂਲ ਦੀਆਂ ਦੋ ਜਮਾਤਾਂ ਛੇਵੀਂ ਅਤੇ ਸੱਤਵੀਂ ਵਿੱਚ ਏ।ਸੀ ਲਗਾਏ ਗਏ ਹਨ।



ਉਹਨਾਂ ਵਿਚਾਰ ਅਧੀਨ ਅੱਠਵੀਂ ਜਮਾਤ ਦੇ ਕਮਰੇ ਵਿੱਚ ਏ।ਸੀ ਲਗਵਾਉਣ ਲਈ 11000 ਦੀ ਰਾਸ਼ੀ ਪ੍ਰਦਾਨ ਕੀਤੀ ਅਤੇ ਭਵਿੱਖ ਵਿੱਚ ਹੋਰ ਸਹਾਇਤਾ ਦਾ ਭਰੋਸਾ ਦਿੱਤਾ ਗਿਆ। ਸਕੂਲ ਵਲੋਂ ਜੋੜੇ ਨੂੰ ਪੰਜਾਬੀ ਸੱਭਿਆਚਾਰ ਦੀ ਨਿਸ਼ਾਨੀ ਫੁਲਕਾਰੀ ਅਤੇ ਲੋਈ ਸਮੇਤ ਸਲਾਨਾ ਸਕੂਲ ਮੈਗਜ਼ੀਨ ਨਾ.ਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਾਣਾ ਸੁਧੀਰ ਸਿੰਘ, ਪ੍ਰੇਮ ਧੀਮਾਨ, ਸੁਦੇਸ਼ ਕੁਮ-ਾਰੀ, ਅਮਰੀਕ ਸਿੰਘ ਦਿਆ.ਲ, ਅਰਵਿੰਦ ਸ਼ਰਮਾ, ਪਲਵਿੰਦਰ ਸਿੰਘ, ਮੀਤਕ ਸ਼ਰਮਾ, ਅਨੁਰਾਧਾ ਪਾਠਕ, ਕੁਲਦੀਪ ਰਾਣਾ ਨਿੱਕੂ ਨੰਗਲ, ਰਜੇਸ਼ ਕੁਮਾਰ ਅਤੇ ਸਟਾਫ਼ ਮੈਂਬਰ ਹਾਜ਼ਰ ਸਨ।

# ਸਵ. ਗਾਇਕ ਅਮਰ ਸਿੰਘ ਚਮਕੀਲਾ ਤੇ ਬੀਬਾ ਅਮਰਜੋਤ ਦੀ ਯਾਦ ਨੂੰ ਸਮਰਪਿਤ ਸੱਭਿਆਚਾਰਕ ਮੇਲਾ ਅਮਿੱਟ ਪੈੜਾਂ ਛੱਡਦਾ ਹੋਇਆ ਸਮਾਪਤ

**ਫਗਵਾੜਾ (ਬੀ.ਕੇ. ਰੱਤੂ)**– ਪੰਜਾਬ ਦੀ ਨਾਮਵਰ ਗਾਇਕ ਜੋੜੀ ਸਵ. ਅਮਰ ਸਿੰਘ ਚਮਕੀਲਾ ਤੇ ਬੀਬਾ ਅਮਰਜੋਤ ਦੀ ਨਿੱਘੀ ਯਾਦ ਨੂੰ ਸਮਰਪਿਤ 36ਵੀਂ ਸਲਾਨਾ ਬਰਸੀ ਅਤੇ ਸੱਭਿਆਚਾਰਕ ਮੇਲਾ ਨਵੀਂ ਦਾਣਾ ਮੰਡੀ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਕਰਵਾਇਆ ਗਿਆ ਜੋ ਕਿ ਯਾਦਗਾਰੀ ਹੋ ਨਿਬੜਿਆ। ਪ੍ਰਬੰਧਕਾਂ ਗੁਰਮੀਤ ਮਹਿਮੀ, ਰੁਬੀਨਾ ਮਹਿਮੀ, ਜੀ।ਆਰ।ਐਮ ਇੰਟਰਟੇਨਮੈਂਟਸ ਅਤੇ ਜੈਮਨ ਚਮਕੀਲਾ ਦੀ ਰਹਿਨੁਮਾਈ ਹੇਠ ਆਯੋਜਿਤ ਮੇਲੇ ਦੌਰਾਨ ਮਹਿਮਾਨਾਂ ਤੇ ਕਲਾਕਾਰਾਂ ਵਲੋਂ ਚਮਕੀਲਾ ਜੋੜੀ ਦੀ ਤਸਵੀਰ ਤੇ ਫੁੱਲ ਮਾਲਾਵਾਂ ਅਰਪਿਤ ਕਰਦੇ ਹੋਏ ਸ਼ਰਧਾਂਜਲੀ ਦਿੱਤੀ ਗਈ। ਉਹਨਾਂ ਕਿਹਾ ਕਿ ਬੇਸ਼ਕ ਚਮਕੀਲਾ ਤੇ ਅਮਰਜੋਤ ਸਰੀਰਿਕ ਤੋਰ ਤੇ 36 ਸਾਲ ਪਹਿਲਾਂ ਇਸ ਦੁਨੀਆ ਤੋਂ ਅਲਵਿਦਾ ਹੋ ਚੁੱਕੇ ਹਨ ਪਰ ਉਹਨਾਂ ਦੀ ਆਵਾਜ ਹਮੇਸ਼ਾ ਅਮਰ ਰਹੇਗੀ। ਉਪਰੰਤ ਨਾਮਵਰ ਪੰਜਾਬੀ ਗਾਇਕ ਕਲਾਕਾਰਾਂ ਜਸਵੰਤ ਸੰਦੀਲਾ, ਅਮਰ ਅਰਸ਼ੀ ਤੇ ਬੀਬਾ ਨਰਿੰਦਰ ਜੋਤ, ਪਾਲੀ ਦੇਤਵਾਲੀਆ, ਬਲਕਾਰ ਅਣਖੀਲਾ, ਮਨਜਿੰਦਰ ਗੁਲਸ਼ਨ, ਚਮਕ ਚਮਕੀਲਾ, ਅਮਰਪ੍ਰੀਤ, ਰਣਜੀਤ ਮਨੀ, ਕਿੱਕਰ ਡਾਲੇਵਾਲਾ, ਜੈਮਨ ਚਮਕੀਲਾ ਰੀਆ ਸੰਧੂ, ਦਲਵਿੰਦਰ ਦਿਆਲਪੁਰੀ, ਅਵਤਾਰ ਚਮਕ, ਜਗਤਾਰ ਸਿੱਧੂ ਅਤੇ ਬੀਬਾ ਮਨਦੀਪ ਮੈਂਡੀ, ਜੋਤੀ ਕੋਹਿਨੂਰ, ਜੱਸੀ ਸਾਇਆ ਵਾਲਾ, ਜਮੀਲ ਅਖ਼ਤਰ, ਗੁਲਾਬ ਸਿੱਧੂ, ਅਨਮੋਲ ਵਿਰਕ, ਹਰਨੇਕ ਘਾਰੂ, ਹੈਪੀ ਰਣਦੇਵ, ਗੀਤਾ ਬਾਲੀ, ਗੁਰਜੀਤ ਤਲਵੰਡੀ ਸਾਬੋ ਆਦਿ ਨੇ ਆਪਣੀ ਭਰਪੂਰ ਹਾਜਰੀ ਲਗਵਾਈ। ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਸੁਖਵਿੰਦਰ ਗੋਰਾ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਪ੍ਰਸਿੱਧ ਗੀਤਕਾਰ ਸੇਵਾ ਸਿੰਘ ਨੌਰਥ, ਕਰਮ ਸਿੰਘ ਮਹਾਲਵੀਂ, ਗਿੱਲ ਨੱਥੋਹੇੜੀ ਵਾਲਾ, ਬੰਤ ਰਾਮਪੁਰੇ ਵਾਲਾ, ਪਾਲੀ ਦੇਤਵਾਲੀਆ ਤੇ ਚਮਕੀਲੇ ਦੇ ਅਣਗੌਲੇ ਰਹੇ ਸਾਜ਼ਿੰਦੇ ਸੱਤਾ ਸਤਨੌਰ, ਪ੍ਰਿਥੀਪਾਲ ਸਿੰਘ ਢੱਕਣ ਅਤੇ ਦੀਪਾ ਤੂੰਬੀ ਵਾਲਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਅਨੇਕਾਂ ਕਲਾਵਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਪ੍ਰਸਿੱਧ ਗੀਤਕਾਰ ਸੂਬਾ ਉਦੇਸੀਆ, ਬੰਸੀ ਬਰਨਾਲਾ, ਮਾਂਗਟ ਸਾਬ, ਮੱਖਣ ਸਿੰਘ ਮਸਤਾਨਾ, ਬਾਵਾ ਕਲੇਰ, ਅਮਨ ਫੁੱਲਾਂਵਾਲ, ਗਿੱਲ ਡੂੱਗਰੀ, ਮੇਜਰ ਜਖੇਪਲ, ਗੁਰਬਾਜ਼ ਗਿੱਲ, ਗੀਤਕਾਰ ਗੋਰਾ ਢੇਸੀ ਨੂੰ ਵੀ ਸਨਮਾਨਤ ਕੀਤਾ ਗਿਆ। ਅਖੀਰ ਵਿਚ ਪ੍ਰਬੰਧਕਾਂ ਨੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਸਲਾਨਾ ਬਰਸੀ ਸਮਾਗਮ ਨੂੰ ਕਰਵਾਉਣ ਮਕਸਦ ਮਰਹੂਮ ਗਾਇਕ ਜੋੜੀ ਦੀ ਯਾਦ ਨੂੰ ਤਾਜਾ ਰੱਖਣਾ ਹੈ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਗਾਇਕੀ ਰਾਹੀਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਆਰਥਕ ਤੰਗੀ ਦਾ ਸ਼ਿਕਾਰ ਗਾਇਕਾਂ ਦੀ ਬਾਂਹ ਫੜੀ ਜਾਵੇ। ਇਸ ਮੌਕੇ ਸੰਦੀਪ ਡਰੋਲੀ, ਸੰਜੀਵ ਭੁੱਲਾਰਾਈ, ਗੀਤਕਾਰ, ਕਮਲ ਸੀਪਾ, ਜਸਵੰਤ ਹਰਦਾਸਪੁਰੀ, ਮੀਕਾ ਗੰਗੜ, ਅਵਤਾਰ ਕਲੇਰ, ਸੋਢੀ ਮੁਠੱਡਾ, ਜਗਤਾਰ ਢਿੱਲੋਂ, ਸੁੱਖੀ ਬੋਪਾਰਾਏ, ਤੇਜਾ ਤਲਵੰਡੀ, ਡਾਕਟਰ ਦਲਵੀਰ ਜਲੰਧਰ, ਅਨੂਪ ਸਿੱਧੂ, ਹੁਸਨਾ ਨੱਥੇਵਾਲ, ਅਵਤਾਰ ਸੋਹੀਆਂ, ਬਿੱਟੂ ਮਲੇਰਕੋਟਲਾ ਅਤੇ ਰਾਣਾ ਰਾਣੀਪੁਰੀਆ ਤੋਂ ਇਲਾਵਾ ਵੱਡੀ ਗਿਣਤੀ 'ਚ ਅਮਰ ਸਿੰਘ ਚਮਕੀਲਾ ਤੇ ਬੀਬਾ ਅਮਰਜੋਤ ਦੇ ਚਾਹੁਣ ਵਾਲੇ ਹਾਜਰ ਸਨ।



# ਪਿੰਡ ਫਤਿਹਪੁਰ ਕੋਠੀ ਵਿੱਚ ਮਾਤਾ ਪ੍ਰਕਾਸ਼ ਕੌਰ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ

**ਮਾਹਿਲਪੁਰ (ਹਰਵੀਰ ਮਾਨ)** ਅੱਜ ਅਸੀਂ ਸਾਰੇ ਜਿਸ ਵੀ ਰੁਤਬੇ ਤੇ ਪੁੱਜੇ ਹੋਏ ਹਾਂ ਉਸ ਵਿੱਚ ਅਹਿਮ ਯੋਗਦਾਨ ਮਾਤਾ ਦਾ ਹੈ ਕਿਉਂਕਿ ਸਾਡੀ ਪਹਿਲੀ ਗੁਰੂ ਮਾਂ ਹੁੰਦੀ ਹੈ ਜੋ ਸਾਨੂੰ ਸੱਚਾ ਸੁੱਚਾ ਜਿਸਮ, ਰੂਹ ਅਤੇ ਬੌਧਿਕਤਾ ਬਖਸ਼ਦੀ ਹੈਲ ਇਹਨਾਂ ਉਚੇਰੀਆਂ ਕਦਰਾਂ ਕੀਮਤਾਂ ਦੇ ਆਸਰੇ ਅਸੀਂ ਉੱਚੀਆਂ ਮੰਜ਼ਿਲਾਂ ਪ੍ਰਾਪਤ ਕਰਦੇ ਹਾਂ। ਇਹ ਵਿਚਾਰ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਪਿੰਡ ਫਤਿਹਪੁਰ ਕੋਠੀ ਵਿੱਚ ਮਾਤਾ ਪ੍ਰਕਾਸ਼ ਕੌਰ ਸੁਪਤਨੀ ਸਵਰਗੀ ਦਰਸ਼ਨ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਆਖੇ। ਉਹਨਾਂ ਅੱਗੇ ਕਿਹਾ ਕਿ ਉਨਾਂ ਦੇ ਸਪੁੱਤਰ ਸਤਪਾਲ ਸਿੰਘ ਸਹੋਤਾ,ਮਨਜੀਤ ਕੌਰ ਅਤੇ ਬਲਜਿੰਦਰ ਕੌਰ ਵੱਲੋਂ ਦੇਸ਼ ਵਿਦੇਸ਼ ਵਿੱਚ ਸਮਾਜਿਕ ਕਾਰਜਾਂ ਵਿੱਚ ਅਹਿਮ ਯੋਗਦਾਨ ਪਾਇਆ ਜਾ ਰਿਹਾ ਹੈ। ਇਹ ਪ੍ਰੇਰਨਾ ਉਹਨਾਂ ਨੂੰ ਆਪਣੇ ਮਾਤਾ ਪਿਤਾ ਕੋਲੋਂ ਹੀ ਮਿਲੀ ਹੈ। ਜਿਸ ਕਰਕੇ ਉਹ ਸਮਾਜ ਦੀ ਬੇਹਤਰੀ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਇਸ ਮੌਕੇ ਸਾਬਕਾ ਐਮਐਲਏ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਪਰਿਵਾਰਕ ਸਾਂਝਾਂ ਬਾਰੇ ਬੋਲਦਿਆਂ ਕਿਹਾ ਕਿ ਉਹਨਾਂ ਨੇ ਹਰ ਕਿਸੇ ਨੂੰ ਹਮੇਸ਼ਾ ਗਲੇ ਲਗਾਇਆ। ਓਲੰਪੀਅਨ ਜਰਨੈਲ ਸਿੰਘ ਮਮੋਰੀਅਲ ਕਮੇਟੀ ਗੜ੍ਹਸ਼ੰਕਰ ਵੱਲੋਂ ਸ਼ਰਧਾਂਜਲੀ ਭੇਂਟ ਕਰਦਿਆਂ ਰੋਸ਼ਨਜੀਤ ਸਿੰਘ ਨੇ ਕਿਹਾ ਮਾਤਾ ਪ੍ਰਕਾਸ਼ ਕੌਰ ਦੇ ਪਰਿਵਾਰ ਦੀ ਖੇਡ ਜਗਤ ਨੂੰ ਵਿਸ਼ੇਸ਼ ਦੇਣ ਹੈ। ਇਸ ਮੌਕੇ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਅਤੇ ਸ਼ਵਿੰਦਰਜੀਤ ਸਿੰਘ ਬੈਂਸ ਰਿਟਾਇਰਡ ਐਸਪੀ ਪੀਪੀਐਸ ਨੇ ਮਾਤਾ ਜੀ ਦੁਆਰਾ ਸਿਰਜੇ ਰਚਨਾਤਮਕ ਸੰਸਾਰ ਦੀ ਸਲਾਘਾ ਕੀਤੀ। ਉਹਨਾਂ ਸਤਪਾਲ ਸਿੰਘ ਸਹੋਤਾ ਅਤੇ ਪਰਿਵਾਰ ਦੀ ਦਿੱਤੀ ਦੇਣ ਦਾ ਸਨਮਾਨ ਵੀ ਕੀਤਾ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਪੁਸਤਕਾਂ ਦਾ ਸੈਟ ਬੀਬੀ ਮਨਜੀਤ ਕੌਰ ਅਤੇ ਬਲਜਿੰਦਰ ਕੌਰ ਨੂੰ ਭੇਟ ਕੀਤਾ ਗਿਆ। ਇਸ ਮੌਕੇ ਤਰਨਾ ਦਲ ਦੇ ਮੁਖੀ ਬਾਬਾ ਹਰਦੇਵ ਸਿੰਘ ਅਤੇ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਨਾਲ ਸੰਗਤਾਂ ਨੂੰ ਆਪਣੇ ਅਸਲ ਟੀਚੇ ਵੱਲ ਮੋੜਿਆ ਗਿਆ। ਮੰਚ ਸੰਚਾਲਨ ਮੱਖਣ ਸਿੰਘ ਕੋਠੀ ਵੱਲੋਂ ਕੀਤਾ ਗਿਆ।



ਇਸ ਸ਼ੋਕ ਸਭਾ ਵਿੱਚ ਵਿਦਿਅਕ, ਧਾਰਮਿਕ, ਖੇਡ, ਸਾਹਿਤਿਕ, ਸੱਭਿਆਚਾਰਕ ਅਤੇ ਰਾਜਸੀ ਸੰਸਥਾਵਾਂ ਦੇ ਆਗੂ ਸ਼ਾਮਿਲ ਹੋਏ। ਪਰਿਵਾਰਕ ਰਿਸ਼ਤੇਦਾਰ ਅਤੇ ਸਾਕ ਸਬੰਧੀਆਂ ਤੋਂ ਇਲਾਵਾ ਮਲਕੀਤ ਸਿੰਘ, ਯਾਦਵਿੰਦਰ ਸਿੰਘ ਖਾਬੜਾ, ਦਵਿੰਦਰ ਸਿੰਘ ਬਾਹੋਵਾਲ, ਨਰਿੰਦਰ ਕਪੂਰ, ਪ੍ਰਿੰਸੀਪਲ ਰਘਬੀਰ ਸਿੰਘ, ਜਮਸ਼ੇਰ ਸਿੰਘ ਤੰਬੜ, ਰਾਜ ਕੁਮਾਰ, ਜਰਨੈਲ ਸਿੰਘ ਸਮੇਤ ਬਹੁਤ ਗਿਣਤੀ ਵਿੱਚ ਨਗਰ ਨਿਵਾਸੀ ਹਾਜ਼ਰ ਸਨ।



## ਜਨਮ ਦਿਨ ਮੁਬਾਰਕ

ਅਮਿਤੋਜ ਸਿੰਘ ਦੋਹਤਾ ਤਰਲੋਚਨ ਸਿੰਘ 'ਦੁਪਾਲ ਪੁਰ' ਦਾ ਜਨਮ ਦਿਨ 28 ਮਾਰਚ ਨੂੰ ਮਨਾਇਆ।

# ਵਰਿੰਦਰ ਕੌਰ ਤੂਰ ਦੇ ਅਕਾਲ ਚਲਾਣੇ 'ਤੇ ਤੂਰ ਅਤੇ ਚੀਮਾਂ ਪਰਿਵਾਰ ਨੂੰ ਸਦਮਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਕੈਲੇਫੋਰਨੀਆਂ ਦੇ ਸ਼ਹਿਰ ਟਲੈਰੀ ਨਿਵਾਸੀ ਬੀਬੀ ਵਰਿੰਦਰ ਕੌਰ ਤੂਰ ਅਕਾਲ ਚਲਾਣਾ ਕਰ ਗਏ। ਉਹ 'ਸਿੱਖ ਕੌਸ਼ਲ ਆਫ ਸੈਟਰਲ ਕੈਲੇਫੋਰਨੀਆਂ' ਦੇ ਜਨਰਲ ਸਕੱਤਰ ਸ। ਸੁਖਦੇਵ ਸਿੰਘ ਚੀਮਾਂ ਦੀ ਪਤਨੀ ਦੇ ਭਰਾ ਸ। ਸੁਰਿੰਦਰਪਾਲ ਸਿੰਘ ਤੂਰ (ਸੈਮ, ਤੂਰ ਟਰੱਕਿੰਗ ਵਾਲੇ) ਦੇ ਪਤਨੀ ਸਨ। ਜੋ 1992 ਤੋਂ ਕੈਲੇਫੋਰਨੀਆਂ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਪੰਜਾਬ ਤੋਂ ਉਨ੍ਹਾਂ ਦਾ ਪਿਛਲਾ ਨਕੋਦਰ ਨਜ਼ਦੀਕੀ ਪਿੰਡ ਬੜਾ ਇਸਲਾਮ ਹੈ। ਉਹ ਆਪਣੇ ਪਿਛੇ ਪਤੀ ਤੋਂ ਇਲਾਵਾ ਇਕ ਧੀ ਅਤੇ ਦੋ ਪੁੱਤਰਾਂ ਦੀ ਫੁਲਬਾੜੀ ਨੂੰ ਛੱਡ ਗਏ।



ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 30 ਮਾਰਚ 2024, ਦਿਨ ਸ਼ਨੀਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ ਸਵੇਰ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: 4800 E. Clayton Avenue, Fowler CA 93625, ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ" ਵਿਖੇ ਹੋਵੇਗੀ। ਜਿਸ ਦਾ ਪਤਾ: 4250 E Lincoln Ave, Fresno, CA 93725 ਪਰਿਵਾਰ ਨਾਲ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਣ ਜਾਂ ਹੋਰ ਵਧੇਰੇ ਜਾਣਕਾਰੀ ਲਈ ਉਨ੍ਹਾਂ ਦੇ ਪਤੀ ਸ। ਸੁਰਿੰਦਰਪਾਲ ਸਿੰਘ ਸੈਮ ਤੂਰ ਨਾਲ ਫੋਨ ਨੰਬਰ 559 300 4899 ਜਾਂ ਸ। ਸੁਖਦੇਵ ਸਿੰਘ ਚੀਮਾਂ 559 300 0711 (ਬ੍ਰਦਰ-ਇਨ-ਲਾਅ) ਜਾਂ ਹਰਦੀਪ ਸਿੰਘ ਧੋਨਾ 331 900 0001 (ਸਨ-ਇਨ-ਲਾਅ) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕਲਾਕਾਰਾਂ ਅਤੇ ਗੀਤਕਾਰਾਂ ਵੱਲੋਂ ਸ੍ਰੀ ਖੁਰਾਲਗੜ੍ਹ ਸਾਹਿਬ ਜੀ ਦੀ ਯਾਤਰਾ ਕੀਤੀ





**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਉਤਸਵ ਤੇ ਸੁਰ ਸੰਗੀਤ ਸੰਸਥਾ ਦੁਆਬਾ ਬੰਗਾ ਦੇ (ਕਲਾਕਾਰਾਂ,ਗੀਤਕਾਰਾਂ ਅਤੇ ਸੰਗੀਤਕਾਰਾਂ) ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸਕ ਤੱਪ ਅਸਥਾਨ ਅਤੇ ਚਰਨ ਗੰਗਾ ਸ੍ਰੀ ਖੁਰਾਲਗੜ੍ਹ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰਨ ਲਈ ਯਾਤਰਾ ਬੰਗਾ ਨਵਾਸ਼ਹਿਰ ਤੋ ਸ੍ਰੀ ਖੁਰਾਲਗੜ੍ਹ ਸਾਹਿਬ ਲੈ ਕੇ ਆਏ। ਕਲਾਕਾਰ ਤੇ ਗੀਤਕਾਰ ਜਿਨਾ ਵੱਲੋਂ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਆਪਣੇ ਸਿੰਗਲ ਟ੍ਰੈਕ ਗੀਤਾਂ ਨਾਲ ਵੀ ਹਾਜ਼ਰੀਆਂ ਲਗਵਾਈਆਂ ਗਈਆਂ ਸਨ।

ਸਤਿਗੁਰਾਂ ਦਾ ਸ਼ੁਕਰਾਨਾ ਕਰਨ ਲਈ ਖੁਰ-ਾਲਗੜ੍ਹ ਸਾਹਿਬ ਵਿਖੇ ਪਹੁੰਚੇ ਯਾਤਰਾ ਦੀ ਰਵਾਨਗੀ MLA ਡਾਕਟਰ ਨਛੱਤਰ ਪਾਲ ਵਿਧਾਨ ਸਭਾ ਨਵਾਂਸ਼ਹਿਰ ਜੀ ਨੇ ਕਰਵਾਈ। ਇਸ ਸਮੇ ਜਿਲ੍ਹਾ ਪ੍ਰਧਾਨ ਸਰਬਜੀਤ ਜਾਫਰਪੁਰ, ਮਿਸ਼ਨਰੀ ਗੀਤਕਾਰ ਸੱਤਪਾਲ ਸਾਹਲੋਂ, MC ਗੁੱਰਮੁੱਖ ਨੌਰਥ, ਅਮਨ ਨਵਾਂਸ਼ਹਿਰ, ਡਾਕਟਰ ਕਮਲ ਸੈਪਲੇ, ਗਾਇਕ ਰਾਜ ਦਦਰਾਲ, ਪ੍ਰਸਿੱਧ ਗੀਤਕਾਰ ਦੀਪ ਅਲਾਚੌਰੀਆ, ਮਾਸਟਰ ਮੱਖਣ ਬਖਲੌਰ ਵਿਜੇ ਗੁਣਾਚੌਰ, ਗਾਇਕ ਜਗਦੀਸ਼ ਜਾਡਲਾ, ਹਰਦੀਪ ਦੀਪਾ, ਦਵਿੰਦਰ ਰੂਹੀ, ਗਾਇਕਾ ਰਾਣੀ ਅਰਮਾਨ, ਗਾਇਕ ਇੰਦਰਪ੍ਰੀਤ ਸਿੰਘ ਝਿੱਕਾ, ਪਰਦੀਪ ਜੱਸੀ, ਹਰਦੀਪ ਬੱਲ, ਲੱਕੀ ਹਿਆਲਾ, ਦਵਿੰਦਰ ਬੀਸ਼ਲਾ, ਰਾਜ ਵਾਹੜੋਵਾਲ, ਭਵ ਮਨਰਾਜ, ਅਮਨ ਹੀਰ, ਸਿੱਧੂ ਠੁਆਣਾ, ਦਲਜੀਤ ਬਾਲੀ, ਅਮਨਦੀਪ ਕੌਰ, ਸੰਜੀਵ ਕੁਮਾਰ ਤੇ ਗਗਨਦੀਪ ਦਾਦਰਾ ਹਾਜ਼ਰ ਸਨ। ਤੱਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਚਰਨ ਛੋਹ ਗੰਗਾ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਕਲਾਕਾਰਾਂ ਅਤੇ ਗੀਤਕਾਰਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

# ਅਜੈਵੀਰ ਸਿੰਘ ਲਾਲਪੁਰਾ ਨੇ ਕੀਤੀ ਭਾਜਪਾ ਆਗੂਆਂ ਤੇ ਬੁੱਧੀਜੀਵੀਆਂ ਨਾਲ ਮੀਟਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਜਪਾ ਰੋਪੜ ਦੇ ਜਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ, ਉਘੇ ਸਮਾਜ ਸੇਵੀ ਬਲਦੇਵ ਸਿੰਘ ਚੇਤਾ ਜਿਲ੍ਹਾ ਪ੍ਰਧਾਨ ਕਿਸਾਨ ਵਿੰਗ ਦੇ ਗ੍ਰਹਿ ਪਿੰਡ ਚੇਤਾ ਵਿਖੇ ਪਹੁੰਚੇ। ਜਿਥੇ ਉਹਨਾਂ ਇਲਾਕੇ ਦੇ ਦਰਜਨ ਮੋਹਤਬਰ ਵਿਅਕਤੀਆਂ ਨਾਲ ਮੁਲਾਕਾਤ ਕੀਤੀ ਤੇ ਪਾਰਟੀ ਦੀਆਂ ਗਤੀਵਿਧੀਆਂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੀਆਂ ਕਲਿਆਣਕਾਰੀ ਨੀਤੀਆਂ ਸੰਬੰਧੀ ਵਿਸਥਾਰ 'ਚ ਚਰਚਾ ਕੀਤੀ। ਲਾਲਪੁਰਾ ਨੇ ਕਿਹਾ ਕਿ 2024 ਵਿੱਚ ਸਾਡਾ ਸਾਰਿਆਂ ਦਾ ਇਕ ਹੀ ਸੰਕਲਪ ਹੋਣਾ ਚਾਹੀਦਾ ਹੈ, ਕਿ ਇਕ ਵਾਰੀ ਫੇਰ ਮੋਦੀ ਸਰਕਾਰ ਅਤੇ ਐਨ ਡੀ ਏ ਦੀਆਂ ਸੀਟਾਂ ਦੀ ਸੰਖਿਆ 400 ਪਾਰ। ਉਹਨਾਂ ਕਿਹਾ ਕਿ ਬੀਤੇ ਲਗਭਗ 10 ਸਾਲਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਜੋ ਵਿਕਾਸ ਕਾਰਜ ਕੀਤੇ ਹਨ, ਉਹਨਾਂ ਨੂੰ ਲੋਕ ਕਰੀਬ ਤੋਂ ਮਹਿਸੂਸ ਕਰ ਰਹੇ ਹਨ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਸਕੀਮਾਂ ਨਾਲ ਨਾਗਰਿਕਾਂ ਦੇ ਮਨਾਂ ਵਿੱਚ ਨਵਾਂ



ਵਿਸ਼ਵਾਸ਼ ਪੈਦਾ ਹੋਇਆ ਹੈ। ਲਾਲਪੁਰਾ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਲੋਕ ਆਮ ਆਦਮੀ ਪਾਰਟੀ ਤੋਂ ਅੱਕੇ ਹੋਏ ਹਨ। ਕਿਉਂਕਿ ਪੰਜਾਬ ਵਿੱਚ ਹਿੰਸਕ ਗਤੀਵਿਧੀਆਂ, ਕਰਜਾ, ਬੇਰੁਜ਼ਗਾਰੀ, ਮਾੜੀ ਸਿਹਤ ਵਿਵਸਥਾ ਸਮੇਤ ਗੈਂਗਸਟਰਵਾਦ ਚਰਮ ਸੀਮਾ ਤੇ ਹੈ। ਇਸ ਤੋਂ ਛੁਟਕਾਰਾ ਸਿਰਫ ਤੇ ਸਿਰਫ ਭਾਰਤੀ ਜਨਤਾ ਪਾਰਟੀ ਦੀ ਡਬਲ ਇੰਜਣ ਸਰਕਾਰ ਹੀ ਦੁਆ ਸਕਦੀ ਹੈ। ਇਸ ਮੌਕੇ ਯੋਗਰਾਜ ਜੋਗੀ ਨਿਮਾਣਾ ਜਿਲ੍ਹਾ ਪ੍ਰਧਾਨ ਐਸ ਸੀ ਵਿੰਗ ਭਾਜਪਾ, ਰਾਜੀਵ ਸ਼ਰਮਾ ਸ੍ਰੀਧਰ ਮੰਡਲ ਪ੍ਰਧਾਨ ਬਹਿਰਾਮ, ਸੁਰਿੰਦਰ ਸ਼ਰਮਾ ਸੰਧਵਾਂ, ਨਸੀਬ ਚੰਦ ਰਾਣਾ, ਨੰਬਰਦਾਰ ਅਵਤਾਰ ਸਿੰਘ, ਨੰਬਰਦਾਰ ਕੁਲਵਿੰਦਰ ਸਿੰਘ, ਹਰਭਜਨ ਸਿੰਘ, ਬਲਦੇਵ ਸਿੰਘ, ਕਾਲਾ ਚੇਤਾ, ਜੋਗਿੰਦਰ ਰਾਮ, ਡਾਕਟਰ ਸੁਰਜੀਤ ਕੁਮਾਰ, ਗੁਰਿੰਦਰ ਸਿੰਘ, ਗੁਲਸ਼ਨ ਕੁਮਾਰ, ਜਗਤਾਰ ਸਿੰਘ, ਜੋਗਿੰਦਰ ਸਿੰਘ ਕਟਾਰੀਆ, ਮਹਿੰਦਰ ਸਿੰਘ ਚੱਕ ਗੁਰੂ, ਅਵਤਾਰ ਸਿੰਘ ਚੱਕ ਗੁਰੂ ਤੇ ਜਸਰਾਜ ਸਿੰਘ ਆਦਿ ਹਾਜ਼ਰ ਸਨ।

# ਮਾਈਦੱਤਾ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਭਗਤ ਸਿੰਘ ਜੀ ਸੰਬੰਧੀ ਸਮਾਗਮ ਕਰਵਾਇਆ ਜਾਵੇਗਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦੇ ਆਜਮ ਭਗਤ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਮਾਈਦਿੱਤਾ ਰਜਿ: ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਨਿੰਦਰ ਮਾਈਦਿੱਤਾ ਅਤੇ ਖਜ਼ਾਨਚੀ ਪਰਸ਼ੋਤਮ ਸਿੰਘ ਨੇ ਪ੍ਰੈੱਸ ਦੇ ਨਾਂ ਇਕ ਸਾਝਾਂ ਪ੍ਰੈੱਸ ਬਿਆਨ ਜਾਰੀ ਕਰਦਿਆ ਦੱਸਿਆ ਕਿ 23 ਮਾਰਚ ਦੇ ਸ਼ਹੀਦਾ ਨੂੰ ਸਮਰਪਿਤ ਸ਼ਹੀਦ ਭਗਤ ਸਿੰਘ ਜੀ ਦਾ ਜੀਵਨ ਫਲਸਫਾ ਅਤੇ ਮੌਜੂਦਾ ਹਾਲਾਤ ਵਿਸ਼ੇ ਤੇ 31 ਮਾਰਚ ਦਿਨ ਐਤਵਾਰ ਰਾਤ 8:00 ਤੋ 10:00ਵਜੇ ਤੱਕ ਹਾਲ ਸ੍ਰੀ ਗੁਰਦੁ-ਆਰਾ ਸਾਹਿਬ ਮਾਈਦਿੱਤਾ ਵਿਖੇ ਚੇਤਨਾ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਦੇ ਮੁੱਖ ਬਕਤਾ ਸਾਥੀ ਬੂਟਾ ਸਿੰਘ ਮਹਿਮੂਦਪੁਰ ਆਗੂ (ਜਮਹੂਰੀ ਅਧਿਕਾਰ ਸਭਾ ਪੰਜਾਬ)ਹੋਣਗੇ। ਇਸ ਮੌਕੇ ਆਈ ਹੋਈ ਹਾਜਰੀਨ ਨੂੰ ਸ਼ਹੀਦ ਭਗਤ ਸਿੰਘ ਜੀ ਦੇ ਚਰਚਿਤ ਲਿਖਤਾ ਵਾਲਾ ਕਿਤਾਬਚਾ (ਇੰਨਕਲਾਬ ਜਿੰਦਾਬਾਦ) ਵੀ ਉਹਨਾਂ ਦੀ ਵਿਚਾਰਧਾਰਾ ਤੋ ਜਾਣੂ ਕਰਵਾਉਣ ਲਈ ਵੰਡਿਆ ਜਾਵੇਗਾ। ਇਹ ਕਿਤਾਬਚਾ ਐਡਵੋਕੇਟ ਯੁਵਰਾਜ ਸਿੰਘ ਜੀ ਜਲੰਧਰ ਵਲੋਂ ਭੇਟਾ ਰਹਿਤ ਹੋਵੇਗਾ।

# Matrimonials

Looking for professional compatible educated girl for Ramdasia (weaver) Sikh doctor working in California 38 years old, never married, 5' 8" tall, father's gotra Sandhi mother's gotra Bains, caste no bar. For more information:
**WhatsApp +91 8360876705,**
**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.
All family settled in the US.
**Please send biodata and pictures as: Email: jrjeet1993@gmail.com**


## "ਦੇਸ਼ ਦੁਆਬਾ"
### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।


### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਪਠਾਨਕੋਟ ਖਬਰਨਾਮਾ / - ਰਾਜਿੰਦਰ ਸਿੰਘ ਪਠਾਨਕੋਟ

# ਅਪਰਾਧਕ ਗਤੀਵਿਧੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ: ਐਸ ਐਸ ਪੀ



**ਪਠਾਨਕੋਟ–** ਨਵ ਨਿਯੁਕਤ ਐਸਐਸਪੀ ਪਠਾਨਕੋਟ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਪਠਾਨਕੋਟ ਪੁਲਿਸ ਨੇ ਡਰੱਗਜ ਸਰਾਬ ਦੇ ਸਮਗਲਰਾਂ ਅਤੇ ਮਾੜੇ ਅਨਸਰਾਂ ਦੇ ਖਿਲਾਫ ਸਪੈਸ਼ਲ ਆਪਰੇਸ਼ਨ ਕੈਸੋ ਚੈਕਿੰਗ ਅਭਿਆਨ ਅਰੰਭਿਆ ਗਿਆ ਹੈ ਜਿਸ ਦਾ ਮੁੱਖ ਉਦੇਸ਼ ਗੈਰ ਕਾਨੂੰਨੀ ਨਸੀਲੇ ਪਦਾਰਥਾਂ, ਹਥਿਆਰਾਂ, ਦੀ ਤਸਕਰੀ ਅਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਹਰਕਤਾਂ ਤੇ ਨਜ਼ਰ ਰੱਖਣਾ ਅਤੇ ਉਹਨਾਂ ਉੱਪਰ ਗੈਰ ਕਾਨੂੰਨੀ ਕਾਰਵਾਈ ਕਰਨਾ ਹੈ। ਇਸ ਅਪਰੇਸ਼ਨ ਦੇ ਚਲਦੇ 165 ਅਧਿਕਾਰੀ ਮੁਲਾਜ਼ਮ ਤਨਾਇਤ ਕੀਤੇ ਗਏ ਹਨ ਅਤੇ ਤਿੰਨ ਹਾਰਟ ਸਪਾਟ ਵਿਖੇ 86 ਸੱਕੀ ਵਿਅਕਤੀਆਂ ਨੂੰ ਚੈਕ ਕੀਤਾ ਗਿਆ ਹੈ ਜਿਸ ਦੇ ਸਿੱਟੇ ਵੱਜੋਂ ਐਕਸਾਈਜ਼ ਐਕਟ ਦੇ ਚਾਰ ਮੁਕਦਮੇ ਦਰਜ ਕਰਕੇ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 56.250 ਮਿਲੀ: ਲੀਟਰ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ। ਐਸਐਸਪੀ ਸੁਹੇਲ ਕਾਸਿਮ ਮੀਰ ਨੇ ਕਿਹਾ ਕਿ ਪਠਾਨਕੋਟ ਪੁਲਿਸ ਇਸੇ ਤਰ੍ਹਾਂ ਦੇ ਅਪਰਾਧਕ ਗਤੀਵਿਧੀਆਂ ਨੂੰ ਬਰਦਾਸ਼ਤ ਨਹੀਂ ਕਰੇਗੀ।

# ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪਠਾਨਕੋਟ ਵੱਲੋਂ ਸ਼ਰਧਾਂਜਲੀਆਂ ਭੇਂਟ





**ਪਠਾਨਕੋਟ–** ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪਠਾਨਕੋਟ ਦੇ ਆਗੂਆਂ, ਵਰਕਰਾ ਤੇ ਅਨੇਕਾ ਸ਼ਹਿਰ ਵਾਸੀਆ ਨੇ ਸਥਾਨਿਕ ਭਗਤ ਸਿੰਘ ਚੌਂਕ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਮੌਕੇ 'ਤੇ ਸਭਾ ਦੇ ਪ੍ਰਧਾਨ ਰਮੇਸ਼ ਕੁਮਾਰ ਨੇ ਟੋਲਾ ਨੇ ਕਿਹਾ ਕਿ 23 ਮਾਰਚ 1931 ਨੂੰ ਭਾਰਤ ਨੂੰ ਆਜ਼ਾਦ ਕਰਨ ਲਈ ਇਨ੍ਹਾਂ ਸ਼ੂਰਵੀਰਾ ਨੇ ਆਪਣਾ ਬਲੀਦਾਨ ਦਿੱਤਾ ਤੇ ਹੱਸਦੇ ਹੱਸਦੇ ਫਾਂਸੀ 'ਤੇ ਚੜ੍ਹੇ। ਭਾਰਤ ਨੂੰ ਆਜ਼ਾਦ ਕਰਨ ਵਿੱਚ ਜਿੱਥੇ ਲੱਖਾ ਲੋਕਾ ਨੇ ਕੁਰਬਾਨੀਆਂ ਦਿੱਤੀਆ ਉੱਥੇ ਭਗਤ ਸਿੰਘ ਦੀ ਕੁਰਬਾਨੀ ਨੂੰ ਅਲੱਗ ਤਰ੍ਹਾਂ ਨਾਲ ਦੇਖਿਆ ਗਿਆ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਅੱਜ ਸਭ ਤੋਂ ਵੱਡਾ ਚਿੰਤਾ ਦਾ ਵਿਸ਼ਾ ਨੌਜੁਆਨ ਪੀੜੀ ਹੈ ਜੋ ਨਸ਼ਿਆ ਦੀ ਦਲ ਦਲ 'ਚ ਫਸਦੀ ਜਾ ਰਹੀ ਹੈ। ਦੂਸ਼ਰੇ ਪਾਸੇ ਨੌਜੁਆਨ ਪੀੜੀ ਵਿਦੇਸ਼ਾ ਵੱਲ ਪਲਾਨ ਕਰ ਗਏ ਹਨ ਅਤੇ ਨਿਰੰਤਰ ਕਰ ਵੀ ਰਹੇ ਹਨ।

ਰਾਜ ਨੇਤਾ ਭ੍ਰਿਸਟਾਚਾਰ, ਰਿਸ਼ਵਤਖੋਰੀ ਨੂੰ ਬੜਾਵਾ ਦੇ ਰਹੇ ਹਨ। ਰੁਜ਼ਗਾਰ ਦੇ ਨਾਂਅ ਤੇ ਝੂਠੇ ਵਾਅਦੇ ਹੋ ਰਹੇ ਹਨ। ਅੱਜ ਵੀ ਸਰਕਾਰੀ ਦਫ਼ਤਰ ਵਿੱਚ ਬਿਨਾਂ ਰਿਸ਼ਵਤ ਦੇ ਕੋਈ ਕੰਮ ਨਹੀਂ ਹੋ ਰਿਹਾ, ਸਰਕ-ਾਰੀ ਦਫ਼ਤਰ ਵਿੱਚ ਲੋਕਾ ਦੀ ਖੱਜਲ ਖੁਆਰੀ ਹੋ ਰਹੀ ਹੈ ਜਿਸ ਕਾਰਨ ਉਹ ਬੇਹੱਦ ਪ੍ਰੇਸ਼ਾਨ ਹਨ। ਉਨ੍ਹਾ ਇਹ ਵੀ ਕਿਹਾ ਕਿ ਭਗਤ ਸਿੰਘ ਨੇ ਕਿਹਾ ਸੀ ਕਿ ਗੋਰੇ ਅੰ-ਗਰੇਜ ਤਾਂ ਚੱਲੇ ਜਾਂਣਗੇ ਪ੍ਰੰਤੂ ਕਾਲੇ ਅੰਗਰੇਜ ਭਾਰਤ ਦਾ ਇਸ ਤੋਂ ਵੀਂ ਬੂਰਾ ਹਾਲ ਕਰਨਗੇ।

ਇਸ ਮੌਕੇ 'ਤੇ ਕਮਲ ਦੇਵਗਨ, ਦਵਿੰਦਰ ਸਿੰਘ, ਅਸ਼ੋਕ, ਰਾਜ ਮੋਹਨ, ਮਨਮੋਹਨ, ਪਰਾਸ਼ਰ, ਮਨੀਸ਼ ਸ਼ਰਮਾ, ਵਿਵੇਕ, ਰਾਕੇਸ਼ ਠਾਕੁਰ, ਭੁਪਿੰਦਰ ਸਿੰਘ, ਕੈਪਟਨ ਜਸਪਾਲ ਸਿੰਘ, ਅਰਜੁਨ ਸਿੰਘ, ਪਰਿਭਾਸ਼ਾ, ਰਾਜਨ ਪਹਲਵਾਨ, ਮਾਸਟਰ ਅਤੁਲ ਕੁਮਾਰ, ਜੀਵਨ ਕੁਮਾਰ, ਦਵਿੰਦਰ ਸਿੰਘ, ਗੁਰਪਾਲ ਸਿੰਘ, ਅਜੀਤ ਸਿੰਘ, ਮਹਿੰਦਰ ਸਿੰਘ, ਜੋਗਿੰਦਰ ਗਿਲ, ਸਰਬਜੀਤ ਸਿੰਘ, ਅਮਰਿਕ ਸਿੰਘ ਮੀਕਾ, ਕੈਂਡੀ ਮਹਾਜਨ, ਬਲਬੀਰ ਸਿੰਘ, ਕੁਲਵੰਤ ਸਿੰਘ, ਰਤਨ ਸਿੰਘ, ਸਲਵੀ ਡੀਜੇ ਵਾਲੇ, ਸਰਵਨ ਕੁਮਾਰ, ਦੀਪ ਪਹਲਵਾਨ, ਮਨੀਸ਼ ਸ਼ਰਮਾ ਆਦਿ ਹਾਜ਼ਰ ਸਨ।

# ਸਾਈਂ ਪੱਪਲ ਸ਼ਾਹ ਭਰੋ ਮਜਾਰਾ ਪਹੁੰਚੇ ਇੰਗਲੈਂਡ ਸੰਗਤਾਂ ਵਲੋਂ ਭਰਵਾਂ ਸਵਾਗਤ

**ਫਿਲੌਰ (ਜੱਸੀ)–**ਸਾਈਂ ਪੱਪਲ ਸ਼ਾਹ ਭਰੋ ਮਜਾਰਾ ਅੱਜ ਇੰਗਲੈਂਡ ਬਰਮਿੰਘਮ ਦੀ ਧਰਤੀ ਤੇ ਪਹੁੰਚ ਗਏ ਹਨ। ਜਿਨ੍ਹਾਂ ਦਾ ਬਰਮਿੰਘਮ ਏਅਰ ਪੋਰਟ ਦੇ ਸੰਗਤਾਂ ਵੱਲੋਂ ਫੁੱਲਾਂ ਦਾ ਗੁਲਦਸਤਾ ਤੇ ਦੁਸ਼ਾਲਾ ਪਾਕੇ ਭਰਵਾਂ ਸਵਾਗਤ ਕੀਤਾ ਗਿਆ। ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਦੇ ਪ੍ਰਧਾਨ ਸਾਈਂ ਪੱਪਲ ਸ਼ਾਹ ਭਰੋ ਮਜਾਰਾ ਵਿਦੇਸ਼ ਦੀ ਧਰਤੀ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵੱਖ ਵੱਖ ਸਮਾਗਮਾਂ ਚ ਰੂਹਾਨੀ ਸਤਿਸੰਗ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਹੋਰ ਜਾਣਕਾਰੀ ਦਿੰਦਿਆਂ ਕਮਲੇਸ਼ ਬਾਲੂ ਆਈ ਮਿਊਜ਼ਿਕ ਕੰਪਨੀ ਦੇ ਡਾਇਰੈਕਟਰ ਤੇ ਹਰਜਿੰਦਰ ਕੁਮਾਰ ਕਾਲਾ ਭਰੋ ਮਜਾਰਾ ਨੇ ਦੱਸਿਆ ਕਿ ਸਾਈਂ ਜੀ ਵੱਲੋਂ ਬਰਮਿੰਘਮ, ਲੰਡਨ, ਮਿਡਲੈਂਡ, ਬੈਸਟ ਵਰੋਮ, ਹੈਡਸਵਰਥ, ਕਵੈਂਟਰੀ, ਸਲੋਹ, ਸਾਊਥਹਾਲ, ਲਿਸਟਰ, ਲੀਡਸ ਤੇ ਵੂਲਵਰਹੈਂਪਟਨ ਆਦਿ ਸ਼ਹਿਰਾਂ ਚ ਵਿਸ਼ੇਸ਼ ਸਮਾਗਮ ਚ ਹਾਜ਼ਰੀ ਲਗਵਾਈ ਜਾਵੇਗੀ। ਇਸ ਮੌਕੇ ਹਰਜਿੰਦਰ ਸਿੰਘ ਸੋਢੀ, ਨਛੱਤਰ ਪਾਲ ਝੱਲੀ, ਬਲਵਿੰਦਰ ਸਿੰਘ ਕਾਲੜਾ, ਲਛਮਣ ਦਾਸ, ਅਮਰੀਕ ਜੱਸੀ ਆਦਿ ਹਾਜ਼ਰ ਸਨ।






# ਸਾਹਿਬ ਕਾਂਸ਼ੀ ਰਾਮ ਨੇ ਬਸਪਾ, ਬਾਮਸੇਫ ਤੇ ਡੀ.ਐਸ.ਫੋਰ ਦਾ ਗਠਨ ਕਰਕੇ ਦਲਿਤ ਸਮਾਜ ਦੇ ਆਤਮ ਸਨਮਾਨ ਨੂੰ ਜਗਾਉਣ ਦਾ ਕੰਮ ਕੀਤਾ - ਧਰਮਵੀਰ ਅਸ਼ੋਕ

**ਫਗਵਾੜਾ (ਬੀ.ਕੇ. ਰੱਤੂ)** ਡਾ. ਬੀ. ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ ਵਲੋਂ ਬਹੁਜਨ ਸਮਾਜ ਪਾਰਟੀ, ਬਾਮਸੇਫ ਅਤੇ ਡੀ.ਐਸ. ਫੋਰ ਦੇ ਸੰਸਥਾਪਕ ਸਵ. ਕਾਂਸ਼ੀ ਰਾਮ ਦਾ ਜਨਮ ਦਿਨ ਡਾ. ਬੀ. ਆਰ. ਅੰਬੇਡਕਰ ਪਾਰਕ ਹਦੀਆਬਾਦ ਫਗਵਾੜਾ ਵਿਖੇ ਉਤਸ਼ਾਹ ਨਾਲ ਮਨਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਰਮੇਸ਼ ਕੌਲ ਅਤੇ ਪ੍ਰਧਾਨ ਸੀਤਾ ਕੌਲ ਦੀ ਅਗਵਾਈ ਹੇਠ ਆਯੋਜਿਤ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਬਸਪਾ ਦੇ ਕੌਮੀ ਜਨਰਲ ਸਕੱਤਰ ਧਰਮਵੀਰ ਅਸ਼ੋਕ ਅਤੇ ਸਾਬਕਾ ਕੌਮੀ ਉਪ ਪ੍ਰਧਾਨ ਜੈ ਪ੍ਰਕਾਸ਼ ਸ਼ਾਮਲ ਹੋਏ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਭੰਤੇ ਸਾਹਿਬਾਨ ਤੋਂ ਇਲਾਵਾ ਐਨ।ਆਰ।ਆਈ। ਮਦਨ ਲਾਲ ਸਰੋਆ ਯੂ।ਕੇ। ਗੁਰਦਿਆਲ ਬੋਧ ਯੂ।ਕੇ। ਅਤੇ ਬਲਵਿੰਦਰ ਰਤਨ ਸਿਡਨੀ ਨੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਜਿੱਥੇ ਸਾਹਿਬ ਕਾਂਸ਼ੀ ਰਾਮ ਅਤੇ ਵਿਸ਼ਵ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਤਸਵੀਰਾਂ 'ਤੇ ਫੁੱਲਮਾਲਾਵਾਂ ਭੇਂਟ ਕੀਤੀਆਂ ਗਈਆਂ ਉੱਥੇ ਹੀ ਸਵ। ਕਾਂਸ਼ੀ ਰਾਮ



ਦੇ ਜਨਮ ਦਿਨ ਦੀ ਖੁਸ਼ੀ ਵਿਚ ਕੇਕ ਵੀ ਕੱਟਿਆ ਗਿਆ। ਹਾਜਰੀਨ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਸੰਜੀਵ ਭੌਰਾ, ਐਡਵੋਕੇਟ ਵਿਜੇ ਬੱਧਣ, ਵਿਸ਼ਾਲ ਖਹਿਰਾ, ਪੀ.ਡੀ. ਸ਼ਾਂਤ, ਲਲਿਤ ਕੁਮਾਰ ਅੰਬੇਡਕਰ ਆਦਿ ਨੇ ਆਪਣੇ ਵਢਮੁੱਲੇ ਵਿਚਾਰਾਂ ਰਾਹੀਂ ਸਾਹਿਬ ਕਾਂਸ਼ੀ ਰਾਮ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਮੁੱਖ ਮਹਿਮਾਨ ਧਰਮਵੀਰ ਅਸ਼ੋਕ ਨੇ ਕਿਹਾ ਕਿ ਬਾਬਾ ਸਾਹਿਬ ਡਾ। ਅੰਬੇਡਕਰ ਨੇ ਜਿੱਥੇ ਸਮਾਜ ਦੇ ਦੱਬੇ ਕੁਚਲੇ ਅਤੇ ਪਿਛੜੇ ਸਮਾਜ ਨੂੰ ਸੰਵਿਧਾਨ ਵਿਚ ਬਰਾਬਰਤਾ ਦਾ ਅਧਿਕਾਰ ਲੈ ਕੇ ਦਿੱਤਾ ਸੀ ਉੱਥੇ ਹੀ ਸਾਹਿਬ ਕਾਂਸ਼ੀ ਰਾਮ ਨੇ ਬਸਪਾ, ਬਾਮਸੇਫ ਅਤੇ ਡੀ.ਐਸ. ਫੋਰ ਦਾ ਗਠਨ ਕਰਕੇ ਦਲਿਤ ਸਮਾਜ ਦੇ ਆਤਮ ਸਨਮਾਨ ਨੂੰ ਜਗਾਉਣ ਦਾ ਕੰਮ ਕੀਤਾ। ਉਹਨਾਂ ਵਲੋਂ ਐਸ.ਸੀ. ਸਮਾਜ ਦੀ ਭਲਾਈ ਲਈ ਕੀਤੇ ਕਾਰਜਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਬੱਚਿਆਂ ਨੇ ਕੋਰੀਉਗ੍ਰਾਫੀ ਅਤੇ ਮਿਸ਼ਨਰੀ ਗਾਇਕ ਮਲਕੀਤ ਬਬੇਲੀ, ਅਮਰਜੀਤ ਕੌਲ, ਰਾਣਾ ਦਲਵਾਨ ਨੇ ਕਵਿਤਾ ਤੇ ਜੋਸ਼ੀਲੇ ਗੀਤਾਂ ਰਾਹੀਂ ਸਾਹਿਬ ਕਾਂਸ਼ੀ ਰਾਮ ਅਤੇ ਬਾਬਾ ਸਾਹਿਬ ਡਾ। ਅੰਬੇਡਕਰ ਨੂੰ ਯਾਦ ਕੀਤਾ। ਡਾ. ਅੰਬੇਡਕਰ ਸਪੋਰਟਸ ਕੱਲਬ ਹਦੀਆਬਾਦ ਦੀ ਟੀਮ ਨੂੰ ਖਾਸ ਤੌਰ ਤੇ ਸਨਮਾਨਤ ਕੀਤਾ ਗਿਆ। ਅਖੀਰ ਵਿਚ ਮੰਚ ਦਾ ਸੰਚਾਲਨ ਕਰਦਿਆਂ ਸੁਸਾਇਟੀ ਦੇ ਚੇਅਰਮੈਨ ਰਮੇਸ਼ ਕੌਲ ਨੇ ਸਮੂਹ ਪਤਵੰਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬਿਹਾਰੀ ਲਾਲ ਮਾਹੀ, ਸਤਪਾਲ ਮੈਨੇਜਰ, ਦੇਵਰਾਜ ਸੁਮਨ, ਜੋਗਿੰਦਰ ਪਾਲ ਝੱਲੀ ਪ੍ਰਧਾਨ, ਲੈਂਬਰ ਰਾਮ ਪ੍ਰਧਾਨ, ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ, ਅਜੇ ਮੂਲ ਨਿਵਾਸੀ, ਨਿਤਿਨ ਕੁਮਾਰ ਬਾਮਸੇਫ, ਬਿੰਦਰ, ਪ੍ਰੀਆ, ਸੋਨੀਆ, ਸ਼ਰਦਾ ਰਾਮ, ਚਰਨਜੀਤ ਚੰਨੀ, ਰਾਧੇ ਸ਼ਿਆਮ ਆਦਿ ਹਾਜਰ ਸਨ।

# ਸਰਬ ਨੌਜਵਾਨ ਸਭਾ ਨੇ ਸ਼ਹੀਦੇ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਭੇਂਟ ਕੀਤੀ ਨਿੱਘੀ ਸ਼ਰਧਾਂਜਲੀ

**ਫਗਵਾੜਾ (ਬੀ.ਕੇ. ਰੱਤੂ)** ਸਮਾਜ ਸੇਵੀ ਸੰਸਥਾ ਸਰਬ ਨੌਜਵਾਨ ਸਭਾ ਰਜਿ। ਅਤੇ ਸ਼ਹੀਦ ਭਗਤ ਸਿੰਘ ਯਾਦਗਾਰੀ ਸੁਸਾਇਟੀ ਵਲੋਂ ਸ਼ਹੀਦੇ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਦੇਣ ਸਬੰਧੀ ਇਕ ਸਮਾਗਮ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਵਿਖੇ ਕਰਵਾਇਆ ਗਿਆ। ਇਸ ਤੋਂ ਇਲਾਵਾ ਜੰਗਲਾਤ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਵਾਤਾਵਰਣ ਜਾਗਰੁਕਤਾ ਤੇ ਅਧਾਰਿਤ ਪੁਸਤਕ 'ਨਵਾਂ ਨਰੋਆ ਪੰਜਾਬ' ਰਿਲੀਜ ਕੀਤੀ ਅਤੇ ਬੂਟੇ ਵੀ ਵੰਡੇ ਗਏ। ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਪ੍ਰਸਿੱਧ ਲੇਖਕ ਐਡਵੋਕੇਟ ਸੰਤੋਖ ਲਾਲ ਵਿਰਦੀ ਅਤੇ ਸਾਹਿਤਕਾਰ ਗੁਰਮੀਤ ਪਲਾਹੀ ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ, ਜਤਿੰਦਰ ਸਿੰਘ ਕੁੰਦੀ ਜ਼ਿਲ੍ਹਾ ਪ੍ਰਧਾਨ ਵਪਾਰ ਵਿੰਗ, ਸੰਤੋਸ਼ ਕੁਮਾਰ ਗੋਗੀ ਜ਼ਿਲ੍ਹਾ ਪ੍ਰਧਾਨ ਐਸ।ਸੀ ਵਿੰਗ, ਸਾਬਕਾ ਕੌਂਸਲਰ ਹੁਸਨ ਲਾਲ, ਰਿਟਾ। ਹੈਡ ਮਾਸਟਰ ਨਰੇਸ਼ ਕੋਹਲੀ ਨੇ ਸ਼ਿਰਕਤ ਕੀਤੀ। ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੂੰ ਸ਼ਰਧਾਂ ਦੇ ਫੁੱਲ ਭੇਂਟ ਕਰਦੇ ਹੋਏ ਐਡਵੋਕੇਟ ਵਿਰਦੀ ਨੇ ਕਿਹਾ ਕਿ ਇਹਨਾ ਸ਼ਹੀਦਾਂ ਦਾ ਸੁਪਨਾ ਆਮ ਆਦਮੀ ਦੀ ਬਿਹਤਰ ਤੇ ਸੁਖਾਵੀਂ ਜ਼ਿੰਦਗੀ ਜੀਉਂਦੇ ਵੇਖਣ ਦਾ ਸੀ, ਪਰ ਆਜ਼ਾਦੀ ਤੋਂ ਬਾਅਦ ਸ਼ਹੀਦਾਂ ਦਾ ਸੁਪਨਾ ਪੂਰਾ ਨਹੀਂ ਹੋ ਸਕਿਆ ਅਤੇ ਦੇਸ਼ ਦੇ ਧੰਨ ਕੁਬੇਰਾਂ ਨੇ ਇਹ ਸੁਪਨਾ ਲੀਰੋ-ਲੀਰ ਕਰ ਦਿੱਤਾ ਹੈ। ਪ੍ਰਸਿੱਧ ਚਿੰਤਕ ਸੰਤੋਖ ਗੋਗੀ ਨੇ ਕਿਹਾ ਕਿ ਆਮ ਆਦਮੀ ਦੀ ਲੁੱਟ-ਖਸੁੱਟ ਦਾ ਕਾਰਨ ਉਹ ਲੋਕ ਹਨ ਜਿਹੜੇ ਆਪਣੇ ਸਵਾਰਥ ਲਈ ਲੋਕਾਂ ਦੇ ਸੋਮਿਆਂ



ਦਾ ਸੋਸ਼ਨ ਕਰਦੇ ਹਨ। ਸਰਬ ਨੌਜਵਾਨ ਸਭਾ ਵਲੋਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ ਅਤੇ ਵਿਸ਼ਵ ਜੰਗਲਾਤ ਦਿਵਸ ਦੇ ਮੌਕੇ 'ਤੇ ਕਰਵਾਏ ਸਮਾਗਮਤ ਵਿੱਚ ਨਰੇਸ਼ ਕੋਹਲੀ ਸੇਵਾਮੁਤਕ ਹੈਡਮਾਸਟਰ, ਬਲਦੇਵ ਰਾਜ ਕੋਮਲ, ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਬੋਲਦਿਆਂ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੂੰ ਸ਼ਹੀਦ ਦਾ ਦਰਜ਼ਾ ਦਿੱਤਾ ਜਾਣਾ ਚਾਹੀਦਾ ਹੈ। ਉਹਨਾ ਪਾਣੀ ਦੀ ਪੰਜਾਬ ਵਿੱਚ ਹੋ ਰਹੀ ਥੁੜ ਦਾ ਜ਼ਿਕਰ ਕਰਦਿਆਂ ਕਿਹਾ ਕਿ ਫਸਲੀ ਚੱਕਰ 'ਚ ਉਹੀ ਫਸਲਾਂ ਨੂੰ ਪੰਜਾਬ 'ਚ ਪਹਿਲ ਮਿਲੇ, ਜਿਹੜੇ ਦੀ ਪੈਦਾਵਾਰ ਘੱਟ ਪਾਣੀ ਨਾਲ ਹੁੰਦੀ ਹੈ। ਉਦਯੋਗਪਤੀ ਜਤਿੰਦਰ ਸਿੰਘ ਕੁੰਦੀ ਨੇ ਕਿਹਾ ਕਿ ਸ਼ਹੀਦਾਂ ਦੀ ਕੁਬਾਨੀ ਭੁਲਾਈ ਨਹੀਂ ਜਾ ਸਕਦੀ ਅਤੇ ਉਹਨਾ ਦੇ ਜੀਵਨ ਆਦਰਸ਼ ਬਹੁਤ ਵੱਡੇ ਸਨ। ਇਸ ਸਮੇਂ ਕਰਵਾਏ ਗਏ ਕਵੀ ਦਰਬਾਰ 'ਚ ਜਤਿੰਦਰ ਸਿੰਘ ਕੁੰਦੀ ਜਿਲਾ ਪ੍ਰਧਾਨ ਟਰੇਡ ਵਿੰਗ ਆਪ, ਐਡਵੋਕੇਟ ਐੱਸ ਐਲ ਵਿਰਦੀ ਲੇਖਕ, ਕਵੀ ਬਲਦੇਵ ਕੋਮਲ, ਕਵੀ ਹਰਚਰਨ ਭਾਰਤੀ, ਕਵੀ ਰਵਿੰਦਰ ਰਾਏ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਵਿਜੇ ਬੰਗਾ, ਸੁਭਾਸ਼ ਕਵਾਤਰਾ, ਸਾਹਿਬਜੀਤ ਸਾਬੀ, ਮਨਦੀਪ ਬਾਸੀ, ਜਸ਼ਨ ਮਹਿਰਾ, ਗੁਰਸ਼ਰਨ ਬਾਸੀ, ਰਾਕੇਸ਼ ਕੋਛੜ, ਜਗਜੀਤ ਸੇਠ, ਰਾਜ ਕੁਮਾਰ ਰਾਜਾ, ਮੈਡਮ ਪੂਜਾ ਸੈਣੀ, ਮੈਡਮ ਤਨੂ, ਮੈਡਮ ਰਮਨਦੀਪ ਕੌਰ, ਮੈਡਮ ਸਪਨਾ ਸ਼ਾਰਦਾ, ਨੇਹਾ , ਕਾਜਲ, ਕੁਲਦੀਪ, ਮਨੀਸ਼ਾ, ਪੂਜਾ, ਅੰਜਲੀ, ਕਾਜਲ ਕੁਮਾਰੀ, ਰੂਪਮ, ਅੰਜਲੀ ਹੀਰ, ਮੁਸਕਾਨ, ਮੁਸਕਾਨ ਕੌਰ, ਅਲੀਸ਼ਾ, ਸੁਨੀਤਾ, ਹਰਪ੍ਰੀਤ, ਨੀਲਮ, ਰੇਖਾ, ਪ੍ਰਿਆ, ਰਮਨਦੀਪ, ਗਗਨਦੀਪ, ਮਨਪ੍ਰੀਤ, ਖੁਸ਼ੀ, ਕੋਮਲ, ਇਸ਼ਾ, ਆਰਤੀ, ਸਲੋਨੀ, ਕੁਸ਼ਲਿਆ, ਰਜਨੀਸ਼, ਨੇਹਾ, ਗੁਰਪ੍ਰੀਤ, ਹਰਪ੍ਰੀਤ, ਸੁਖਵਿੰਦਰ, ਰੋਜੀ ਰਾਏ ਆਦਿ ਹਾਜਰ ਸਨ।







ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜਮ ਸ. ਭਗਤ ਸਿੰਘ ਦਾ ਪਿੰਡ ਅਤੇ ਜੱਦੀ ਘਰ
ਭਾਰਤੀ ਵਿਦਿਅਕ ਅਤੇ ਸੱਭਿਆਚਾਰਕ ਸੰਸਥਾ ਯੂਬਾ ਸਿਟੀ (ਕੈਲੀਫੋਰਨੀਆ) ਅਤੇ ਗਦਰ ਹੈਰੀਟੇਜ ਫਾਊਂਡੇਸ਼ਨ ਕੈਲੀਫੋਰਨੀਆ ਦੇ ਮੈਂਬਰ ਸਾਹਿਬਾਨ ਨੇ ਖਟਕੜ ਕਲਾਂ ਭਗਤ ਸਿੰਘ ਦੇ ਪਿੰਡ ਅਤੇ ਜੱਦੀ ਘਰ ਵਿਖੇ ਦਰਸ਼ਨ ਕੀਤੇ ਅਤੇ ਸ਼ਰਧਾਂਜਲੀ ਭੇਂਟ ਕੀਤੀ







ਕਾਮਰੇਡ ਹਰਕਿਸਨ ਸਿੰਘ ਸਕੂਲ, ਬੰਡਾਲਾ ਵਿਖੇ ਪ੍ਰਿੰਸੀਪਲ ਨੀਲਮ ਮਲਹੋਤਰਾ ਸਕੂਲ ਦੀ ਬਿਲਡਿੰਗ ਬਾਰੇ ਜਾਣਕਾਰੀ ਦਿੰਦੇ ਹੋਏ।



ਪ੍ਰਿੰਸੀਪਲ ਨੀਲਮ ਮਲਹੋਤਰਾ ਜੀ ਆਪਣੇ ਦਫਤਰ ਵਿਖੇ, ਸਾਥੀ ਮੱਖਣ ਬਾਸੀ ਨੂੰ ਸਕੂਲ ਦੀ ਪਲੈਕ ਭੇਂਟ ਕਰਦੇ ਹੋਏ। ਨਾਲ ਦਿਖਾਈ ਦੇ ਰਹੇ ਹਨ ਧੰਨਪਤ ਸਿੰਘ (ਜਰਨਲਿਸਟ) ਅਤੇ ਸਾਥੀ ਅਮਰੀਕ ਖਡਾਲੀਆ ਆਦਿ








ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਨੂੰ 23 ਮਾਰਚ 2024 ਨੂੰ ਟੋਹਾਣਾ (ਹਰਿਆਣਾ) ਵਿਖੇ ਮੋਰਚੇ ਵਾਲੀ ਥਾਂ 'ਤੇ ਸ਼ਰਧਾਂਜਲੀ ਭੇਂਟ ਕਰਦੇ ਹੋਏ।

ਕਾ. ਜਗਤਾਰ ਸਿੰਘ ਸਾਬਕਾ ਸਰਪੰਚ, ਜ਼ਿਲ੍ਹਾ ਮੀਤ ਪ੍ਰਧਾਨ ਕਿਸਾਨ ਸਭਾ
ਸ. ਲਾਭ ਸਿੰਘ ਹਰੀ ਜ਼ਿਲ੍ਹਾ ਪ੍ਰਧਾਨ ਬੀਕੇਯੂ ਘਸੀਰਾਮ ਨੈਨ



# ਦਵਿੰਦਰ ਬੇਗ਼ਮਪੁਰੀ ਦਾ ਵਤਨ ਪੁੱਜਣ 'ਤੇ ਸਵਾਗਤ

**ਬੰਗਾ, (ਰੇਸ਼ਮ ਕਰਨਾਣਵੀ)**- ਨਵਜੋਤ ਸਾਹਿਤ ਸੰਸਥਾ ਔੜ ਦੇ ਕਾਰਜਕਾਰੀ ਮੈਂਬਰ ਦਵਿੰਦਰ ਬੇਗ਼ਮਪੁਰੀ ਅਤੇ ਉਹਨਾਂ ਦੀ ਪਤਨੀ ਸ੍ਰੀਮਤੀ ਸੁਰਜੀਤ ਕੌਰ ਦਾ ਵਤਨ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਉਹ ਤਿੰਨ ਮਹੀਨੇ ਦੇ ਅਸਟ੍ਰੇਲੀਆ ਦੌਰੇ ਤੋਂ ਬਾਅਦ ਇੱਥੇ ਵਾਪਸ ਆਏ ਹਨ।



ਸੰਸਥਾ ਦੇ ਪ੍ਰਧਾਨ ਗੁਰਨੇਕ ਸ਼ੇਰ ਦੀ ਅਗਵਾਈ ਵਿੱਚ ਸੰਸਥਾ ਦੇ ਅਹੁਦੇਦਾਰਾਂ ਨੇ ਸਵਾਗਤੀ ਰਸਮ ਨਿਭਾਈ। ਸਵਾਗਤ ਸਮੇਂ ਦਵਿੰਦਰ ਬੇਗ਼ਮਪੁਰੀ ਨੂੰ ਸਾਹਿਤਕ ਕਿਤਾਬਾਂ ਅਤੇ ਫੁੱਲਾਂ ਦੇ ਗੁਲਦਸਤੇ ਦਿੱਤੇ ਗਏ। ਦਵਿੰਦਰ ਬੇਗ਼ਮਪੁਰੀ ਨੇ ਆਪਣੀ ਵਿਦੇਸ਼ ਯਾਤਰਾ ਦੀ ਸਾਂਝ ਪਾਉਂਦਿਆਂ ਦੱਸਿਆ ਕਿ ਉਹਨਾਂ ਦਾ ਸਾਰਾ ਸਫ਼ਰ ਵਧੀਆ ਰਿਹਾ ਅਤੇ ਉਹਨਾਂ ਨੂੰ ਆਸਟ੍ਰੇਲੀਆਂ 'ਚ ਵਾਤਾਵਰਣ ਸੰਭਾਲ, ਆਵਾਯਾਈ ਨਿਯਮਾਂ ਦੀ ਪਾਲਣਾ, ਕੰਮ ਦੀ ਲਗਨ, ਖੇਡ ਲਗਨ ਆਦਿ ਬਹੁਤ ਪਸੰਦ ਆਇਆ।

ਸੰਸਥਾ ਦੇ ਪ੍ਰਧਾਨ ਗੁਰਨੇਕ ਸ਼ੇਰ, ਸਕੱਤਰ ਸੁਰਜੀਤ ਮਜਾਰੀ, ਆਡੀਟਰ ਰੇਸ਼ਮ ਕਰਨਾਣਵੀ ਅਤੇ ਸ਼ੋਸ਼ਲ ਮੀਡੀਆ ਇੰਚਾਰਜ ਰਾਜਿੰਦਰ ਜੱਸਲ ਨੇ ਦਵਿੰਦਰ ਬੇਗਮਪੁਰੀ ਦੀਆਂ ਨਵਜੋਤ ਸਾਹਿਤ ਸੰਸਥਾ ਔੜ ਦੇ ਬੈਨਰ ਹੇਠ ਨਿਭਾਈਆਂ ਸੇਵਾਵਾਂ ਦੀ ਭਰਪੂਰ ਪ੍ਰਸੰਸਾ ਕੀਤੀ। ਇਸ ਮੌਕੇ ਸਾਰਿਆਂ ਨੇ ਆਪੋ ਆਪਣੀਆਂ ਰਚਨਾਵਾਂ ਦੀ ਸਾਂਝ ਵੀ ਪਾਈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅੰਬੇਡਕਰ ਭਵਨ ਵਿਖੇ ਵਿਚਾਰ ਚਰਚਾ ਅਤੇ ਸਨਮਾਨ ਸਮਾਰੋਹ

## ਗਰੀਬਾਂ ਨੂੰ ਫਰੀ ਰਾਸ਼ਨ ਨਹੀਂ ਰੋਜ਼ਗਾਰ ਚਾਹੀਦੈ – ਐੱਸ. ਆਰ. ਦਾਰਾਪੁਰੀ





**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ।) ਵੱਲੋਂ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ।) ਅਤੇ ਸਮਤਾ ਸੈਨਿਕ ਦਲ ਪੰਜਾਬ ਯੂਨਿਟ ਦੇ ਸਹਿਯੋਗ ਨਾਲ ਅੰਬੇਡਕਰ ਭਵਨ ਜਲੰਧਰ ਵਿਖੇ ਉੱਤਰ ਪ੍ਰਦੇਸ਼ ਦੇ ਸਾਬਕਾ ਡੀਜੀਪੀ ਆਲ ਇੰਡੀਆ ਪੀਪਲ ਰੈਡੀਕਲ ਫਰੰਟ ਦੇ ਰਾਸ਼ਟਰੀ ਪ੍ਰਧਾਨ ਮਾਨਯੋਗ ਅਤੇ ਅਣਖੀਲੇ ਪੰਜਾਬੀ ਸ੍ਰੀ ਐਸ ਆਰ ਦਾਰਾਪੁਰੀ ਜੀ ਦੀ ਪੰਜਾਬ ਫੇਰੀ ਦੌਰਾਨ ਦੇਸ਼ ਦੇ ਵਰਤਮਾਨ ਹਾਲਾਤ ਤੇ ਇੱਕ ਵਿਚਾਰ ਚਰਚਾ ਅਤੇ ਉਹਨਾਂ ਦੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਤੇ ਦਾਰਾਪੁਰੀ ਜੀ ਨੇ ਆਪਣੇ ਬਚਪਨ, ਵਿਦਿਆਰਥੀ ਵਜੋਂ ਜਲੰਧਰ ਦੇ ਪ੍ਰਸਿੱਧ ਪਿੰਡ ਬਿਲਗਾ ਅਤੇ ਰਾਮਗੜੀਆ ਕਾਲਜ ਫਗਵਾੜਾ ਤੋਂ ਕਰਮਵਾਰ ਮੈਟਰਿਕ ਅਤੇ ਬੀਐਸਸੀ ਦੀ ਡਿਗਰੀ ਪ੍ਰਾਪਤ ਕਰਕੇ ਵਿਭਿੰਨ ਕੇਂਦਰੀ ਮੰਤਰਾਲਿਆਂ ਵਿੱਚ ਸਰਵਿਸ ਕਰਨ ਉਪਰੰਤ 1972 ਵਿੱਚ ਆਈਪ-ਿਐਸ ਵਜੋਂ ਯੂਪੀ ਕੇਡਰ ਤੋਂ 32 ਸਾਲ ਦੀ ਸਰਵਿਸ ਬਾਅਦ ਡੀਜੀਪੀ ਵਜੋਂ ਸੇਵਾ ਮੁਕਤ ਹੋਣ ਅਤੇ ਇਸ ਲੰਮੇ ਅਰਸੇ ਦੌਰਾਨ ਉੱਚ ਪੁਲਿਸ ਅਧਿਕਾਰੀ ਵਜੋਂ ਲੋਕ ਕਲਿਆਣ ਹਿਤ ਪਾਏ ਯੋਗਦਾਨ ਦਾ ਵਿਸਤਰਿਤ ਜ਼ਿਕਰ ਕੀਤਾ। ਬੇਸ਼ੱਕ ਉਹ ਲਖਨਊ ਦੇ ਪੱਕੇ ਵਸਨੀਕ ਬਣ ਗਏ ਹਨ ਪਰ ਆਪਣੀ ਜੰਮਣ ਭੋਏਂ, ਪਿੰਡ ਦਾਰਾਪੁਰ, ਤਹਿਸੀਲ ਫਿਲੌਰ ਦੀਆਂ ਯਾਦਾਂ ਨੂੰ ਸਦੀਵੀ ਬਣਾਏ ਰੱਖਣ ਲਈ ਸ੍ਰੀ ਐਸ. ਆਰ. ਦਾਰਾਪੁਰੀ ਨੇ ਆਪਣੇ ਪਰਿਵਾਰਿਕ ਮੈਂਬਰਾਂ ਦੇ ਨਾਵਾਂ ਨਾਲ ਦਾਰਾਪੁਰੀ ਸ਼ਬਦ ਨੂੰ ਪੱਕੇ ਤੌਰ ਤੇ ਜੋੜ ਲਿਆ ਹੈ। ਐੱਸ.ਆਰ. ਦਾਰਾਪੁਰੀ ਨੇ ਕਿਹਾ ਕਿ ਪੁਲਿਸ ਵਿਭਾਗ ਵਿੱਚ ਸਰਬ ਉੱਚ ਪ੍ਰਸ਼ਾਸਨਿਕ ਅਹੁਦੇ ਉੱਤੇ ਕਾਰਜਸ਼ੀਲ ਅਤੇ ਸੇਵਾ ਮੁਕਤ ਹੋਣ ਦਾ ਸਿਹਰਾ ਭਾਰਤੀ ਸੰਵਿਧਾਨ ਦੇ ਨਿਰਮਾਤਾ, ਇਸਤਰੀ ਸਮਾਜ ਅਤੇ ਕਰੋੜਾਂ ਗਰੀਬ ਭਾਰਤੀਆਂ ਦੇ ਮੁਕਤੀ ਦਾਤਾ ਬਾਬਾ ਸਾਹਿਬ ਡਾ। ਅੰਬੇਡਕਰ ਦੇ ਸਿਰ ਬੱਝਦਾ ਹੈ। ਉਹਨਾਂ ਦੇ ਜੀਵਨ ਸੰਘਰਸ਼ ਨੇ ਹਜ਼ਾਰਾਂ ਸਾਲਾਂ ਬਾਅਦ ਭਾਰਤ ਦੇ ਦੱਬੇ, ਦਰੜੇ, ਪਿਛੜੇ ਅਤੇ ਗੁਲਾਮੀ ਦਾ ਜੀਵਨ ਬਤੀਤ ਕਰਨ ਵਾਲੇ ਲੋਕਾਂ ਦੀ ਤਕਦੀਰ ਬਦਲ ਕੇ ਰੱਖ ਦਿੱਤੀ । ਸ੍ਰੀ ਦਾਰਾਪੁਰੀ ਨੇ ਕਿਹਾ ਕਿ ਡਾਕਟਰ ਸਾਹਿਬ ਦੇ ਫਲਸਫੇ ਤੋਂ ਰੋਸ਼ਨੀ ਲੈ ਕੇ ਉਹਨਾਂ ਨੇ ਯੂਪੀ ਦੇ ਦਬਾਏ ਤੇ ਸਤਾਏ ਹੋਏ ਗਰੀਬਾਂ ਵਿੱਚ ਸਵੈ ਵਿਸ਼ਵਾਸ ਪੈਦਾ ਕਰਨ ਦਾ ਯਤਨ ਕੀਤਾ। ਯੂਪੀ ਦੇ ਬੇਜਮੀਨੇ ਗਰੀਬਾਂ ਤੇ ਕਿਸਾਨਾਂ ਦੀ ਦੁਰਦਸ਼ਾ ਨੂੰ ਦੇਖਦਿਆਂ ਆਪਣੀ ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ ਉਪਰੰਤ ਉਹ ਇਹਨਾਂ ਦੇ ਕਲਿਆਣ ਹਿੱਤ ਨਿਰੰਤਰ ਸੰਘਰਸ਼ਸ਼ੀਲ ਰਹੇ।ਉਨ੍ਹਾਂ ਨੇ ਹਿੰਸਾਤਮਕ ਕਾਰਵਾਈਆਂ ਵਿੱਚ ਲਿਪਤ







ਬੇਰੁਜ਼ਗਾਰਾਂ ਅਤੇ ਬੇਜਮੀਨਿਆਂ ਨੂੰ ਦੇਸ਼ ਦੀ ਮੁੱਖਧਾਰਾ ਵਿੱਚ ਲਿਆਉਣ ਅਤੇ ਸੰਵਿਧਾਨਿਕ ਢੰਗਾਂ ਰਾਹੀਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਪ੍ਰੇਰਿਤ ਕਰਨ ਲਈ 2013 ਵਿੱਚ ਆਲ ਇੰਡੀਆ ਪੀਪਲ ਰੈਡੀਕਲ ਫਰੰਟ ਨਾਂ ਦੀ ਜਥੇਬੰਦੀ ਦੀ ਸਿਰਜਣਾ ਕੀਤੀ। ਇਹ ਸੰਸਥਾ ਬੇਜ਼ਮੀਨਿਆਂ ਦੇ ਜਮੀਨ ਪ੍ਰਾਪਤੀ ਅਤੇ ਮਜ਼ਦੂਰਾਂ ਲਈ ਮਨਰੇਗਾ ਰਾਹੀਂ ਜਮਹੂਰੀ ਅਧਿਕਾਰਾਂ ਲਈ ਹਾਈਕੋਰਟਾਂ ਵਿੱਚ ਲੋਕ-ਹਿੱਤ ਰਿੱਟ (ਪੀਆਈਐਲ) ਪਾ ਕੇ ਲਗਾਤਾਰ ਕਾਰਜ-ਸ਼ੀਲ ਹੈ। ਭਾਰਤ ਦੀ ਵਰਤਮਾਨ ਆਰਥਿਕ ਤੇ ਰਾਜਨੀਤਿਕ ਸਥਿਤੀ ਦਾ ਜਿਕਰ ਕਰਦਿਆਂ ਉਹਨਾਂ ਨੇ ਕਿਹਾ ਕਿ ਬੀਜੇਪੀ ਦਾ ਹਿੰਦੂਤਵ ਅਸਲ ਵਿੱਚ ਕਾਰਪੋਰੇਟ ਸੈਕਟਰ ਵੱਲੋਂ ਪ੍ਰਦਾਨ ਕੀਤੇ ਜਾ ਰਹੇ ਆਰਥਿਕ ਸਰੋਤਾਂ ਕਾਰਨ ਅੱਗੇ ਵਧ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਭਾਰਤ ਵਿੱਚੋਂ ਸੰਸਦੀ ਲੋਕਤੰਤਰ ਖਤਮ ਕਰਕੇ ਫਾਸ਼ੀਵਾਦ ਅਤੇ ਤਾਨਾਸ਼ਾਹੀ ਨੂੰ ਬੜ੍-ਾਵਾ ਦੇਣਾ ਹੈ। ਭਾਰਤ ਦੀਆਂ ਘੱਟ ਗਿਣਤੀਆਂ, ਕਮਿਉਨਿਸਟਾਂ ਅਤੇ ਸੈਕੂਲਰ ਸੋਚ ਰੱਖਣ ਵਾਲਿਆਂ ਉੱਪਰ ਤਸ਼ਦਦ ਕਰਕੇ ਉਹਨਾਂ ਨੂੰ ਜੇਲ੍ਹਾਂ ਵਿੱਚ ਡੱਕ ਕੇ ਡਾ. ਅੰਬੇਡਕਰ ਸਾਹਿਬ ਦੁਆਰਾ ਬਣਾਏ ਸੰਵਿਧਾਨ ਨੂੰ ਖਤਮ ਕਰਕੇ ਮਨੂਵਾਦ ਦਾ ਰਾਜ ਸਥਾਪਤ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ । ਦੇਸ਼ ਵਿੱਚ ਕਿਸਾਨੀ ਨਾਲ ਹੋ ਰਿਹਾ ਵਿਤਕਰਾ 80 ਕਰੋੜ ਲੋਕਾਂ ਨੂੰ ਫਰੀ-ਰਾਸ਼ਨ ਦੇ ਕੇ ਵਿਹਲੜ ਬਣਾ ਕੇ ਐਲਾਨ ਕੀਤਾ ਜਾ ਰਿਹਾ ਕਿ ਭਾਰਤ ਵਿੱਚੋਂ ਗਰੀਬੀ ਖਤਮ ਹੋ ਰਹੀ ਹੈ ਅਤੇ ਸਿਰਫ ਪੰਜ ਪ੍ਰਤੀਸ਼ਤ ਲੋਕ ਹੀ ਗਰੀਬ ਰਹਿ ਗਏ ਹਨ। ਭਾਰਤ ਵਿੱਚ ਮਨੁੱਖੀ ਅਧਿਕਾਰਾਂ, ਸਿੱਖਿਆ, ਸਿਹਤ ‘ਤੇ ਰੋਜ਼ਗਾਰ ਦਾ ਘਾਣ ਹੋ ਰਿਹੈ । ਲੋਕ ਭਲਾਈ ਦਾ ਬਜਟ ਲਗਾਤਾਰ ਘਟਾਇਆ ਜਾ ਰਿਹਾ ਹੈ। ਉਹਨਾਂ ਨੇ ਭਾਰਤ ਦੇ ਸੰਸਦੀ ਲੋਕਤੰਤਰ ਅਤੇ ਭਾਰਤੀ ਸੰਵਿਧਾਨ ਨੂੰ ਬਚਾਉਣ ਲਈ ਪ੍ਰਗਤੀਸ਼ੀਲ ਅਤੇ ਮਾਨਵਵਾਦੀ ਸੋਚ ਰੱਖਣ ਵਾਲਿਆਂ ਨੂੰ ਇੱਕ ਮੰਚ ਤੇ ਆਉਣ ਦੀ ਲੋੜ ਤੇ ਜੋਰ ਦਿੱਤਾ। ਸ੍ਰੀ ਦਾਰਾਪੁਰੀ ਨੇ ਭਖਦੇ ਮਸਲਿਆਂ ਸਬੰਧੀ ਸਰੋਤਿਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ।

ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ ਜੀ ਸੀ ਕੌਲ ਨੇ ਆਏ ਹੋਏ ਸਾਰੇ ਸਾਥੀਆਂ ਦਾ ਸਵਾਗਤ ਕਰਦਿਆਂ ਸ਼੍ਰੀ ਐੱਸ.ਆਰ. ਦਾਰਾਪੁਰੀ ਜੀ ਬਾਰੇ ਬਹੁਤ ਸਾਰੀਆਂ ਜਾਣਕਾਰੀਆਂ ਪ੍ਰਦਾਨ ਕੀਤੀਆਂ ਅਤੇ ਸਟੇਜ ਸੰਚਾਲਨ ਬਾਖੂਬੀ ਕੀਤਾ। ਸਮਾਗਮ ਦੇ ਆਖਿਰ ਵਿੱਚ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਸ਼੍ਰੀ ਸੋਹਨ ਲਾਲ ਨੇ ਮੁੱਖ ਬੁਲਾਰੇ ਦਾਰਾਪੁਰੀ ਜੀ ਅਤੇ ਇਸ ਵਿਚਾਰ ਚਰਚਾ ਵਿੱਚ ਸ਼ਾਮਿਲ ਸਰੋਤਿਆਂ ਦਾ ਧੰਨਵਾਦ ਕਰਦਿਆਂ ਇਸ ਗੱਲ ਤੇ ਵਿਸ਼ੇਸ਼ ਜੋਰ ਦਿੱਤਾ ਕਿ ਅਜੋਕੀਆਂ ਸੰਕਟਮਈ ਸਥਿਤੀਆਂ ਵਿੱਚ ਭਾਰਤ ਦੇ ਹਰ ਨਾਗਰਿਕ ਨੂੰ ਸੁਚੇਤ ਹੋਣਾ ਚਾਹੀਦੈ। ਭਾਰਤ ਵਿੱਚ ਸੰਸਦੀ ਲੋਕਤੰਤਰ ਨੂੰ ਕਾਇਮ ਰੱਖਣ ਲਈ ਡਾਕਟਰ ਅੰਬੇਡਕਰ ਜੀ ਦੁਆਰਾ ਲੋਕਤੰਤਰ ਦੀ ਸਫਲਤਾ ਲਈ ਦਰਸਾਏ ਗਏ ਨੁਕਤਿਆਂ ਨੂੰ ਅਮਲੀ ਤੌਰ ਤੇ ਲਾਗੂ ਕਰਵਾਉਣ ਦੀ ਲੋੜ ਹੈ।

ਇਸ ਮੌਕੇ ਤੇ ਅੰਬੇਡਕਰ ਭਵਨ ਟਰਸਟ ਵੱਲੋਂ ਸ੍ਰੀ ਐਸ.ਆਰ. ਦਾਰਾਪੁਰੀ ਜੀ ਨੂੰ ਸਨਮਾਨਿਤ ਕੀਤਾ ਗਿਆ। ਇਸ ਯਾਦਗਾਰੀ ਸਮਾਗਮ ਵਿੱਚ ਸਰਬਸ਼੍ਰੀ ਚਰਨ ਦਾਸ ਸੰਧੂ, ਹਰਮੇਸ਼ ਜਸਲ, ਡਾ। ਰਾਹੁਲ, ਡਾ. ਮਹਿੰਦਰ ਸੰਧੂ, ਪ੍ਰੋਫੈਸਰ ਬਲਬੀਰ,ਬਲਦੇਵ ਰਾਜ ਭਾਰਦਵਾਜ, ਜਸਵਿੰਦਰ ਵਰਿਆਣਾ, ਰਾਜ ਕੁਮਾਰ, ਤਿਲਕ ਰਾਜ, ਹਰਭਜਨ ਦਾਸ ਸਾਂਪਲਾ ਐਡਵੋਕੇਟ, ਮਾਸਟਰ ਚਮਨ ਦਾਸ ਸਾਂਪਲਾ, ਲਲਿਤ ਅੰਬੇਡਕਰੀ, ਐਡਵੋਕੇਟ ਰਜਿੰਦਰ ਬੋਪਾਰਾਏ, ਐਡ-ਵੋਕੇਟ ਮਧੂ ਰਚਨਾ, ਹਰੀ ਸਿੰਘ ਥਿੰਦ, ਰਾਮ ਨਾਥ ਸੁੰਡਾ, ਜਸਵਿੰਦਰ ਤਲਵਣ, ਅਮਜਦ ਬੇਗ, ਚਰਨਜੀਤ ਸਿੰਘ ਮੱਟੂ , ਪਿਆਰਾ ਸਿੰਘ ਤੇਜੀ, ਪ੍ਰਦੀਪ ਰਾਜਾ ,ਚਰਨਜੀਤ ਸਿੰਘ, ਪ੍ਰੋਫੈਸਰ ਅਸ਼ਵਨੀ ਜੱਸਲ , ਰਾਮ ਲਾਲ ਦਾਸ, ਹੁਸਨ ਲਾਲ ਬੌਧ , ਚੌਧਰੀ ਹਰੀ ਰਾਮ ਅਤੇ ਹੋਰ ਬਹੁਤ ਸਾਰੀਆਂ ਸ਼ਖਸ਼ੀਅਤਾਂ ਹਾਜ਼ਰ ਸਨ । ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

# ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਵਸ ਤੇ ਮੁੱਖ ਸਮਾਗਮ ਅੰਬੇਡਕਰ ਭਵਨ 'ਚ 14 ਅਪ੍ਰੈਲ ਨੂੰ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ।) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਡਾ। ਅੰਬੇਡਕਰ ਮਾਰਗ, ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਸੋਸਾਇਟੀ ਦੀਆਂ ਗਤੀਵਿਧੀਆਂ ਨੂੰ ਵਧਾਉਣ ਦੇ ਨਾਲ ਨਾਲ ਭਾਰਤ ਰਤਨ ਬਾਬਾ ਸਾਹਿਬ ਡਾ.ਅੰਬੇਡਕਰ ਦੇ 133 ਵੇਂ ਜਨਮ ਦਿਵਸ ਤੇ 14 ਅਪ੍ਰੈਲ ਨੂੰ ਮੁੱਖ ਸਮਾਗਮ ਅੰਬੇਡਕਰ ਭਵਨ ਜਲੰਧਰ ਵਿਖੇ ਕਰਨ ਦਾ ਫੈਸਲਾ ਲਿਆ ਗਿਆ। ਅੰਬੇਡਕਰ ਭਵਨ ਜਲੰਧਰ, ਪੰਜਾਬ ਵਿੱਚ ਉਹ ਇਤਿਹਾਸਿਕ ਸਥਾਨ ਹੈ, ਜਿੱਥੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ 27 ਅਕਤੂਬਰ, 1951 ਨੂੰ ਆਪਣੀ ਪੰਜਾਬ ਫੇਰੀ ਦੌਰਾਨ ਪਧਾਰੇ ਸਨ ਅਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਬਾਬਾ ਸਾਹਿਬ ਦੇ ਪੈਰੋਕਾਰ, ਮਹਾਨ ਲੇਖਕ ਤੇ ਚਿੰਤਕ, ਨਿਧੜਕ ਯੋਧੇ, ਨਿਡਰ ਬੁਲਾਰੇ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਸ੍ਰੀ ਲਾਹੌਰੀ ਰਾਮ ਬਾਲੀ ਨੇ ਸੇਠ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਇਹ ਭੂਮੀ ਅੰਬੇਡਕਰ ਭਵਨ ਦੇ ਨਾਮ



ਤੇ ਖਰੀਦ ਕੇ ਇੱਕ ਟਰੱਸਟ ਬਣਾ ਦਿੱਤਾ ਜੋ ਇਸਦੀ ਦੇਖਭਾਲ ਕਰਦਾ ਹੈ। ਭਾਰਦਵਾਜ ਨੇ ਕਿਹਾ ਕਿ ਅੰਬੇਡਕਰ ਭਵਨ, ਜੋ ਡਾ. ਅੰਬੇਡਕਰ ਮਾਰਗ ਜਲੰਧਰ ਵਿਖੇ ਸਥਿਤ ਹੈ, ਉੱਤਰੀ ਭਾਰਤ ਵਿੱਚ ਸਮਾਜਿਕ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ ਜਿੱਥੋਂ ਬਾਬਾ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਤਕਰੀਬਨ 60 ਸਾਲ ਤੋਂ ਹੋ ਰਿਹਾ ਹੈ। ਅੰਬੇਡਕਰ ਮਿਸ਼ਨ ਸੁਸਾਇਟੀ ਦੁਆਰਾ ਸਮਾਗਮਾਂ ਦੌਰਾਨ ਦੇਸ਼ ਵਿਦੇਸ਼ ਵਿੱਚੋਂ ਮਹਾਨ ਵਿਦਵਾਨ ਬੁਲਾ ਕੇ ਸਮਾਜ ਦੇ ਲੋਕਾਂ ਦੇ ਰੂ-ਬਰੂ ਕੀਤੇ ਜਾਂਦੇ ਹਨ। ਇਸ ਬਾਰ ਵੀ ਉੱਚ ਕੋਟਿ ਦੇ ਵਿਦਵਾਨ ਬੁਲਾਏ ਜਾਣਗੇ ਜੋ ਸਮਾਗਮ ਵਿਚ ਆਪਣੇ ਵਿਚਾਰ ਪੇਸ਼ ਕਰਨਗੇ। ਮਿਸ਼ਨਰੀ ਕਲਾਕਾਰ ਆਪਣੇ ਗੀਤਾਂ ਰਾਹੀਂ ਬਾਬਾ ਸਾਹਿਬ ਦੇ ਮਿਸ਼ਨ ਤੇ ਚਾਨਣਾ ਪਾਉਣਗੇ। ਕਿਤਾਬਾਂ ਦੇ ਸਟਾਲ ਵੀ ਲਗਾਏ ਜਾਣਗੇ ਜਿਥੋਂ ਬਾਬਾ ਸਾਹਿਬ ਦਾ ਸਾਹਿਤ ਉਪਲਬਧ ਹੋਵੇਗਾ। ਇਸ ਮੌਕੇ ਪ੍ਰੋਫੈਸਰ ਬਲਬੀਰ, ਐਡਵੋਕੇਟ ਹਰਭਜਨ ਸਾਂਪਲਾ, ਬਲਦੇਵ ਰਾਜ ਭਾਰਦਵਾਜ, ਜਸਵਿੰਦਰ ਵਰਿਆਣਾ, ਤਿਲਕ ਰਾਜ, ਡਾ. ਮਹਿੰਦਰ ਸੰਧੂ, ਰਾਜ ਕੁਮਾਰ ਵਰਿਆਣਾ ਅਤੇ ਮੈਡਮ ਸੁਦੇਸ਼ ਕਲਿਆਣ ਹਾਜ਼ਰ ਸਨ।

# ਮੁੱਦਿਆਂ ਰਹਿਤ ਰਹੇਗੀ ਲੋਕ ਸਭਾ ਚੋਣ



ਗੁਰਮੀਤ ਪਲਾਹੀ
91-98158-02070

ਦੇਸ਼ ਵਿੱਚ ਵਿਰੋਧੀਆਂ ਨੂੰ ਨੁਕਰੇ ਲਾਕੇ ਲੋਕ ਸਭਾ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰਨ ਦੇ ਮੌਜੂਦਾ ਹਾਕਮ ਧਿਰ ਦੇ ਯਤਨ ਲਗਾਤਾਰ ਜਾਰੀ ਹਨ। "ਕਾਂਗਰਸ" ਮੁਕਤ" ਭਾਰਤ ਦੇ ਵਿਚਾਰਾਂ ਤੋਂ ਅੱਗੇ ਤੁਰਦਿਆਂ, ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੇਸ਼ ਨੂੰ "ਆਪੋਜ਼ੀਸ਼ਨ ਮੁਕਤ ਭਾਰਤ" ਬਨਾਉਣ ਦੀ ਮੁਹਿੰਮ ਆਰੰਭੀ ਹੋਈ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਿਛਲੇ ਦਿਨੀਂ ਜੇਲ੍ਹ ਭੇਜ ਦਿੱਤੇ ਗਏ ਹਨ। ਉਹਨਾ ਨੂੰ ਕੇਂਦਰੀ ਏਜੰਸੀ ਈਡੀ (ਇਨਫੋਰਸਮੈਂਟ ਡਿਪਾਰਟਮੈਂਟ) ਵਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੁਰੇਨ ਪਹਿਲਾਂ ਹੀ ਜੇਲ੍ਹ ਵਿੱਚ ਹਨ। ਭਾਰਤੀ ਚੋਣ ਕਮਿਸ਼ਨ ਵਲੋਂ ਕੀ ਲੋਕ ਸਭਾ ਚੋਣ ਤਾਰੀਖਾਂ ਮਿੱਥਣ ਉਪਰੰਤ ਨੇਤਾਵਾਂ ਨੂੰ ਜੇਲ੍ਹੀਂ ਡੱਕਣਾ ਜਾਇਜ਼ ਹੈ। ਇਹ ਸਵਾਲ ਲਗਾਤਾਰ ਉੱਠ ਰਹੇ ਹਨ।

ਈਡੀ ਵਲੋਂ ਇੱਕ ਬਿਆਨ ਜਾਰੀ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਦਿੱਲੀ ਸ਼ਰਾਬ ਘੁਟਾਲੇ ਦਾ ਮੁੱਖ ਦੋਸ਼ੀ ਅਰਵਿੰਦ ਕੇਜਰੀਵਾਲ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਵੀ ਕਿਹਾ ਸੀ ਕਿ ਇਸ ਸ਼ਰਾਬ ਘੁਟਾਲੇ ਵਿੱਚ 300 ਕਰੋੜ ਤੋਂ ਵੱਧ ਦਾ ਲੈਣ-ਦੇਣ ਹੋਇਆ ਹੈ।

ਆਮ ਆਦਮੀ ਪਾਰਟੀ, ਕਾਂਗਰਸ, ਆਰਜੇਡੀ ਅਤੇ ਕਈ ਹੋਰ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਕੇਂਦਰੀ ਏਜੰਸੀਆਂ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕਾਰਵਾਈਆਂ ਕਰ ਰਹੀਆਂ ਹਨ ਜਾਂ ਉਹਨਾ ਨੂੰ ਗ੍ਰਿਫ਼ਤਾਰ ਕਰਦੀਆਂ ਹਨ ਪਰ ਸੱਤਾਧਾਰੀ ਭਾਜਪਾ ਦੇ ਆਗੂਆਂ ਵਿਰੁੱਧ ਉਹ ਕੋਈ ਅਜਿਹੀ ਕਾਰਵਾਈ ਨਹੀਂ ਕਰਦੀਆਂ।

ਇੱਕ ਅਨੁਮਾਨ ਅਨੁਸਾਰ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ ਰੋਕਣ ਸਬੰਧੀ ਕੇਂਦਰੀ ਏਜੰਸੀਆਂ ਵਲੋਂ ਦਰਜ ਕੀਤੇ ਕੁੱਲ ਕੇਸਾਂ ਵਿਚੋਂ 95 ਫੀਸਦੀ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਹੀ ਹਨ। ਇੰਜ ਭਾਜਪਾ ਵਲੋਂ ਵਿਰੋਧੀ ਪਾਰਟੀਆਂ ਨੂੰ ਭ੍ਰਿਸ਼ਟਾਚਾਰੀ, ਨਿਕੰਮੀਆਂ ਅਤੇ ਵਿਕਾਸ ਦੀਆਂ ਦੋਖੀ ਗਰਦਾਨਕੇ, ਲੋਕ ਕਟਿਹਰੇ 'ਚ ਉਹਨਾ ਦੀ ਦਿੱਖ ਖਰਾਬ ਕਰਨ ਲਈ ਪੂਰਾ ਟਿੱਲ ਲਾਇਆ ਜਾ ਰਿਹਾ ਹੈ।

ਦੂਜੇ ਪਾਸੇ ਦੇਸ਼ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਚੋਣ ਬਾਂਡ ਮਾਮਲੇ ਸਬੰਧੀ ਵੱਡੇ ਸਵਾਲ ਖੜੇ ਕੀਤੇ ਹਨ, ਕਿਉਂਕਿ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਚੋਣ ਬਾਂਡ ਸਬੰਧੀ ਭਾਜਪਾ ਨਿਸ਼ਾਨੇ 'ਤੇ ਰਹੀ। ਕਾਂਗਰਸ ਨੇ ਦੋਸ਼ ਲਾਇਆ ਕਿ ਚੋਣ ਬਾਂਡ 'ਚ ਘੁਟਾਲਾ ਹੋਇਆ ਹੈ ਅਤੇ ਇਹ ਚਾਰ ਤਰੀਕਿਆਂ ਨਾਲ ਕੀਤਾ ਗਿਆ ਹੈ। ਕਾਂਗਰਸ ਨੇਤਾਵਾਂ ਮੁਤਾਬਕ ਪਹਿਲਾ ਤਰੀਕਾ "ਚੰਦਾ ਦਿਓ, ਧੰਦਾ ਲਓ" ਸੀ, ਭਾਵ ਇਹ ਪ੍ਰੀਪੇਡ ਰਿਸ਼ਵਤ ਸੀ। ਦੂਜਾ ਤਰੀਕਾ "ਠੇਕਾ ਲਓ, ਰਿਸ਼ਵਤ ਦਿਓ" ਸੀ। ਇਹ 'ਪੋਸਟਪੇਡ' ਰਿਸ਼ਵਤ ਸੀ' । ਤੀਜਾ ਤਰੀਕਾ "ਹਫ਼ਤਾ ਵਸੂਲੀ" ਦਾ ਸੀ, ਯਾਨੀ ਛਾਪੇ ਮਾਰਨ ਤੋਂ ਬਾਅਦ ਰਿਸ਼ਵਤ। ਚੋਥਾ ਤਰੀਕਾ ਫਰਜ਼ੀ ਕੰਪਨੀਆਂ ਦਾ ਸੀ। ਕਾਂਗਰਸੀ ਦਾਅਵਾ ਕਰਦੇ ਹਨ ਕਿ 30 ਅਜਿਹੇ ਕਾਰਪੋਰੇਟ ਗਰੁੱਪਾਂ ਨੇ "ਚੋਣ ਬਾਂਡ" ਰਾਹੀਂ ਚੰਦਾ ਦਿੱਤਾ ਹੈ, ਜਿਹਨਾ ਨੂੰ ਕੇਂਦਰ ਜਾਂ ਭਾਜਪਾ ਦੀਆਂ ਸੂਬਾ ਸਰਕਾਰਾਂ ਤੋਂ 179 ਮੁੱਖ ਪ੍ਰਾਜੈਕਟ ਮਿਲੇ ਹਨ। ਕਾਂਗਰਸ ਦਾ ਦੋਸ਼ ਹੈ ਕਿ ਹਾਕਮ ਧਿਰ "ਭ੍ਰਿਸ਼ਟਾਚਾਰ ਨੂੰ ਕਾਨੂੰਨੀ ਬਣਾ ਰਿਹਾ ਹੈ ਤੇ ਇਸ ਨੂੰ ਲੁਕਾਉਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ।

ਦੋਵੇਂ ਭੱਖਦੇ ਮਾਮਲਿਆਂ ਸਬੰਧੀ ਹਾਕਮ ਧਿਰ ਅਤੇ ਵਿਰੋਧੀ ਧਿਰ ਗੁੱਥਮ-ਗੁੱਥਾ ਹਨ ਅਤੇ ਇੱਕ-ਦੂਜੇ ਉਤੇ ਚਿੱਕੜ ਸੁੱਟ ਰਹੀਆਂ ਹਨ। ਭਾਵੇਂ ਕਿ ਹਮਾਮ ਵਿੱਚ ਸਭ ਕੁਝ ਨੰਗਾ ਹੀ ਨੰਗਾ ਹੈ।

ਆਮ ਤੌਰ 'ਤੇ ਚੋਣ ਸਮੇਂ ਦੌਰਾਨ ਸਿਆਸੀ ਪਾਰਟੀਆਂ ਆਪਣੇ ਮੈਨੀਫੈਸਟੋ ਜਾਰੀ ਕਰਦੀਆਂ ਹਨ। ਹਾਕਮ ਧਿਰ ਆਪਣੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀਆਂ ਹਨ ਅਤੇ ਤਵੱਕੋ ਰੱਖਦੀਆਂ ਹਨ ਕਿ ਲੋਕ ਉਹਨਾ ਨੂੰ ਵੋਟ ਪਾਉਣ। ਆਪੋਜ਼ੀਸ਼ਨ, ਹਾਕਮ ਧਿਰ ਦੀ ਅਲੋਚਨਾ ਕਰਦੀ ਹੈ, ਉਸ ਵਲੋਂ ਕੀਤੇ ਗਲਤ ਕੰਮਾਂ ਦੀ ਵਿਆਖਿਆ ਕਰਦੀ ਹੈ। ਲੋਕ ਮੁੱਦੇ ਉਠਾਉਂਦੀ ਹੈ ਅਤੇ ਵੋਟਾਂ ਦੀ ਮੰਗ ਕਰਦੀ ਹੈ।

ਪਰ ਅੱਜ ਸਥਿਤੀ ਕੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਦੇ ਨਾਂਅ ਉਤੇ ਵੋਟਾਂ ਮੰਗਣ ਤੋਂ ਪਹਿਲਾਂ ਧਰਮ ਅਧਾਰਤ ਰਾਜਨੀਤੀ ਦਾ ਪੱਤਾ ਸੁੱਟ ਚੁੱਕੀ ਹੈ। ਉਸ ਵਲੋਂ ਆਯੋਧਿਆ ਮੰਦਰ ਦੇ ਨਿਰਮਾਣ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ। ਧਾਰਾ 370 ਦੇ ਖ਼ਾਤਮੇ, ਸੀ.ਏ.ਏ. (ਨਾਗਰਿਕ ਕਾਨੂੰਨ) ਨੂੰ ਲਾਗੂ ਕਰਨ ਨੂੰ ਲੋਕ ਹਿੱਤ 'ਚ ਕਿਹਾ ਜਾ ਰਿਹਾ ਹੈ।

ਨਰੇਂਦਰ ਮੋਦੀ ਪ੍ਰਧਾਨ ਮੰਤਰੀ ਵਲੋਂ ਵੋਟਾਂ ਲੈ ਲਈ "ਗਰੰਟੀਆਂ ਦੇਣ ਦਾ ਕਾਰੋਬਾਰ" ਹਰ ਪੱਧਰ ਉਤੇ ਭਾਵ ਪਾਰਟੀ ਪੱਧਰ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਅਤੇ ਇਸ਼ਤਿਹਾਰਾਂ ਰਾਹੀਂ ਧੂੰਆਧਾਰ ਢੰਗ ਨਾਲ ਪ੍ਰਚਾਰਿਆ ਜਾ ਰਿਹਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ। ਕਿ ਭਾਰਤ ਵਿਸ਼ਵਗੁਰੂ ਬਣ ਰਿਹਾ ਹੈ। ਪਰ ਗਰੀਬੀ, ਬੇਰੁਜ਼ਗਾਰੀ, ਅਸਮਾਨਤਾ, ਸਬੰਧੀ ਭਾਜਪਾ ਦੀ ਚੁੱਪੀ ਰੜਕਦੀ ਹੈ। ਕੀ ਦੇਸ਼ ਵਿੱਚ ਵਿਕਾਸ ਤੇ ਪਰਿਵਰਤਨ ਦਿਖਦਾ ਹੈ। ਰਤਾ ਪੇਂਡੂ ਭਾਰਤ ਦੀ ਇੱਕ ਝਾਤੀ ਤਾਂ ਮਾਰੋ। ਹਾਂ ਸੜਕਾਂ ਬਣੀਆਂ ਹਨ, ਇੰਟਰਨੈਟ ਨੇ ਧੁੰਮ ਮਚਾ ਰੱਖੀ ਹੈ। ਪਰ ਗਰੀਬੀ ਰੇਖਾ ਤੋਂ ਥੱਲੇ ਵਾਲੇ ਲੋਕ ਦੋ ਅਮਰੀਕੀ ਡਾਲਰ(160 ਰੁਪਏ) ਨਾਲ ਹੀ ਜੀਵਨ ਵਸਰ ਕਰਦੇ ਹਨ।

ਇੱਕ ਕੌਮਾਂਤਰੀ ਅਧਿਐਨ ਅਨੁਸਾਰ ਭਾਰਤ ਦੇ ਇੱਕ ਫੀਸਦੀ ਧਨਾਢਾਂ ਕੋਲ 40 ਫ਼ੀਸਦੀ ਦੌਲਤ ਹੈ। ਅਰਬਪਤੀ ਵਿਅਕਤੀਆਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਸਾਲ 1991 'ਚ ਅਰਬਪਤੀਆਂ ਦੀ ਗਿਣਤੀ ਸਿਰਫ਼ ਇੱਕ ਸੀ ਜੋ 2022 'ਚ ਵਧਕੇ 162 ਹੋ ਗਈ। ਭਾਰਤ ਦੇ 10,000 ਸਭ ਤੋਂ ਅਮੀਰ ਵਿਅਕਤੀਆਂ ਕੋਲ ਔਸਤਨ 2260 ਕਰੋੜ ਰੁਪਏ ਦੀ ਧਨ ਸੰਪਤੀ ਹੈ, ਜੋ ਦੇਸ਼ ਦੀ ਔਸਤ ਪ੍ਰਤੀ ਜੀਅ ਦੀ ਸੰਪਤੀ ਦਾ 16,763 ਗੁਣਾ ਹੈ। ਐਡੀ ਅਸਮਾਨਤਾ ਦਾ ਦੌਰ ਭਾਜਪਾ ਰਾਜ 'ਚ ਸਭ ਤੋਂ ਵੱਧ ਹੈ।

ਕਾਂਗਰਸ ਇਸ ਸਬੰਧੀ ਕਿੰਤੂ ਪਰੰਤੂ ਕਰਦਿਆਂ ਇਹ ਤਾਂ ਆਖਦੀ ਹੈ ਕਿ ਅੱਜ ਦਾ ਰਾਜ, ਅਰਬਪਤੀ ਰਾਜ ਹੈ ਅਤੇ ਬਰਤਾਨੀਆਂ ਰਾਜ ਨਾਲੋਂ ਵਧੇਰੇ ਨਾ ਬਰਾਬਰੀ ਵਾਲਾ ਹੈ। ਪਰ ਗਰੀਬੀ, ਅਸਮਾਨਤਾ, ਬੇਰੁਜ਼ਗਾਰੀ ਰੋਕਣ ਲਈ ਵਿਰੋਧੀ ਧਿਰ ਵਜੋਂ ਉਸਨੇ ਲੋਕ ਸਭਾ ਜਾਂ ਸੂਬਿਆਂ ਦੀ ਵਿਰੋਧੀ ਧਿਰ 'ਚ ਬੈਠਕੇ ਕੀ ਰੋਲ ਅਦਾ ਕੀਤਾ? ਕੀ ਉਸ ਵਲੋਂ ਦੇਸ਼ 'ਚ ਲੋਕਾਂ ਦੇ ਮਸਲਿਆਂ ਸਬੰਧੀ ਲੋਕ ਲਹਿਰ ਚਲਾਈ? ਲੋਕਾਂ ਨੂੰ ਉਹਨਾ ਨਾਲ ਹੁੰਦੀ ਬੇਇਨਸਾਫੀ ਪ੍ਰਤੀ ਜਾਗਰੂਕ ਕੀਤਾ? ਹਜ਼ਾਰਾਂ ਬੁੱਧੀਜੀਵੀ ਜੇਲ੍ਹਾਂ ਅੰਦਰ ਡੱਕ ਦਿੱਤੇ ਗਏ। ਦੇਸ਼ 'ਚ ਬਲਡੋਜ਼ਰ ਦੀ ਨੀਤੀ ਅਪਨਾਈ ਗਈ। ਕਾਂਗਰਸ ਨੇ ਵਿਰੋਧ 'ਚ ਦੇਸ਼ ਵਿਆਪੀ ਕੋਈ ਅੰਦੋਲਨ ਛੇੜਿਆ? ਸਿਰਫ ਲੋਕ ਸਭਾ 'ਚ ਕੁਝ ਮੁੱਦੇ ਚੁੱਕਕੇ ਅਤੇ ਬਾਈਕਾਟ ਕਰਕੇ ਹੀ ਉਹ ਆਪਣਾ ਵਿਰੋਧੀ ਧਿਰ ਦਾ ਰੋਲ ਅਦਾ ਕੀਤੇ ਜਾਣ ਨੂੰ ਹੀ ਪੂਰਿਆਂ ਹੋ ਗਿਆ ਸਮਝਦੀ ਹੈ?

ਕੀ ਦੇਸ਼ ਵਿਚੋਂ ਆਰਥਿਕਤਾ ਦਾ ਮੁੱਦਾ ਮੁੱਕ ਗਿਆ ਹੈ? ਕੀ ਸਿਹਤ ਤੇ ਸਿੱਖਿਆ ਨਾਲ ਸਬੰਧਤ ਮੁੱਦੇ ਖ਼ਤਮ ਹੋ ਗਏ ਹਨ। ਦੇਸ਼ 'ਚ ਅੱਛੀ ਸਿੱਖਿਆ ਨਹੀਂ। ਆਧੁਨਿਕ ਸਿਹਤ ਸਹੂਲਤਾਂ ਨਹੀਂ। ਕਰੋਨਾ ਕਾਲ 'ਚ ਲੋਕਾਂ ਦੀ ਹੋਈ ਦੁਰਦਸ਼ਾ ਹਾਲੇ ਵੀ ਲੋਕ ਚੇਤਿਆਂ 'ਚ ਹੈ। ਲੋਕਾਂ ਨੂੰ ਰੁਜ਼ਗਾਰ ਲਈ ਆਪਣੇ ਘਰ ਛੱਡਕੇ ਦੂਰ ਸ਼ਹਿਰਾਂ 'ਚ ਜਾਣਾ ਪੈਂਦਾ ਹੈ, ਕੀ ਇਹ ਆਪੋਜ਼ੀਸ਼ਨ ਕੋਲ ਵੱਡਾ ਮੁੱਦਾ ਨਹੀਂ?ਕੀ ਕੁਦਰਤੀ ਸੋਮਿਆਂ ਦੀ ਲੁੱਟ ਅਤੇ ਵਾਤਾਵਰਨ ਨਾਲ ਸਬੰਧਤ ਮੁੱਦੇ ਉਠਾਉਣਾ ਹੁਣ ਤਰਕਸੰਗਤ ਨਹੀਂ ਰਿਹਾ? ਕੀ ਨਸ਼ਿਆਂ, ਗੈਂਗਸਟਰਾਂ, ਮਾਫੀਏ ਦੀ ਗੱਲ ਕਰਨੀ ਸਿਆਸਤਦਾਨ ਭੁੱਲੀ ਬੈਠੇ ਹਨ? ਉਂਜ ਭੁੱਲਣ ਵੀ ਕਿਉਂ ਨਾ ਵੱਡੀ ਗਿਣਤੀ 'ਚ ਮਾਫੀਏ, ਨਸ਼ਿਆਂ ਦੇ ਵਪਾਰੀਆਂ ਦੇ ਭਾਈਵਾਲ ਤਾਂ ਵਿਧਾਨ ਸਭਾਵਾਂ ਲੋਕ ਸਭਾ ਵਿੱਚ ਮੈਂਬਰ ਬਣਕੇ "ਦੇਸ਼ ਸੇਵਕ" ਦਾ ਦਰਜ਼ਾ ਹਾਸਲ ਕਰੀ ਬੈਠੇ ਹਨ। ਇਹ "ਕਰੋਨਾ" ਲਗਭਗ ਸਭ ਪਾਰਟੀਆਂ 'ਚ ਫੈਲ ਚੁੱਕਾ ਹੈ।

ਦੇਸ਼ ਕਰਜ਼ਾਈ ਹੈ। ਹਾਕਮ ਧਿਰ ਲਗਾਤਾਰ ਦੇਸ਼ ਦੇ ਖਜ਼ਾਨੇ ਨੂੰ ਦੋਵੀਂ ਹੱਥੀਂ ਲੁਟਾਈ ਜਾ ਰਹੀ ਹੈ। ਦੇਸ਼ ਦਾ ਕਿਸਾਨ ਪ੍ਰੇਸ਼ਾਨ ਹੈ। ਆਪਣੇ ਮੁੱਦਿਆਂ ਨੂੰ ਸੜਕਾਂ 'ਤੇ ਲਿਆ ਰਿਹਾ ਹੈ। ਦੇਸ਼ ਦਾ ਮਜ਼ਦੂਰ ਬੇਹਾਲ ਹੈ। ਵਿਦਿਆਰਥੀ ਤੇ ਨੌਜਵਾਨ ਪ੍ਰੇਸ਼ਾਨ ਹੈ। ਪਰ ਦੇਸ਼ ਦਾ ਸਿਆਸਤਦਾਨ ਮਿਹਣੋ-ਮਿਹਣੀ ਹੈ।

ਦੇਸ਼ ਦਾ ਕਾਰਪੋਰੇਟ ਲਗਾਤਾਰ ਕਿਸਾਨਾਂ ਦੀ ਜ਼ਮੀਨ ਖੋਹਣ ਹਿੱਤ ਸਰਕਾਰ ਉਤੇ ਦਬਾਅ ਵਧਾਅ ਰਿਹਾ ਹੈ। ਆਪਣੇ ਕਾਰੋਬਾਰ ਦੀ ਸੁਰੱਖਿਆ ਲਈ ਉਹ ਸਰਕਾਰ ਨੂੰ ਨਿੱਜੀਕਰਨ ਦੇ ਰਾਹ ਤੋਰ ਰਿਹਾ ਹੈ। ਸਰਕਾਰ ਨੇ ਤਾਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਅਤੇ ਕੁਰਸੀ ਪੱਕੇ ਪੈਰੀਂ ਕਰਨ ਦੀ ਉਹਨਾ ਦੀ ਸਹਾਇਤਾ/ ਸਹਿਯੋਗ ਨੂੰ ਪ੍ਰਵਾਨ ਕਰਨਾ ਹੀ ਹੋਇਆ, ਪਰ ਵਿਰੋਧੀ ਧਿਰ ਦੀ ਚੁੱਪੀ ਪ੍ਰੇਸ਼ਾਨੀ ਕਰਨ ਵਾਲੀ ਹੈ। ਕੀ ਵਿਰੋਧੀ ਧਿਰ ਦੇਸ਼ 'ਚ ਸਮਾਜਿਕ ਵਿਤਕਰੇ ਦੇ ਵਾਧੇ, ਸੋਸ਼ਣ ਵਿਰੁੱਧ ਜਾਂ ਵੱਧ ਰਹੀ ਮਹਿੰਗਾਈ ਵਿਰੁੱਧ ਲੋਕ ਲਾਮ ਬੰਦੀ ਨਹੀਂ ਸੀ ਕਰ ਸਕਦੀ? ਕੀ ਉਹ ਵੀ ਕਾਰਪੋਰੇਟਾਂ ਦਾ ਹੱਥ ਠੋਕਾ ਬਣੀ ਹੋਈ ਹੈ?

ਦੇਸ਼ ਦੀਆਂ ਸਥਾਨਕ ਸਰਾਕਰਾਂ,(ਪੰਚਾਇਤਾਂ, ਨਗਰਪਾਲਿਕਾਂ) ਨੂੰ ਪੰਗੂ ਬਣਾ ਦਿੱਤਾ ਗਿਆ। ਦੇਸ਼ ਦੀਆਂ ਸੂਬਾ ਸਰਕਾਰਾਂ ਦੇ ਅਧਿਕਾਰ ਸੀਮਤ ਕਰ ਦਿੱਤੇ ਗਏ ਹਨ। ਦੇਸ਼ ਦੇ ਸੰਘੀ ਢਾਂਚੇ ਨੂੰ ਵੱਡੀ ਸੱਟ ਮਾਰੀ ਜਾ ਰਹੀ ਹੈ। ਦੇਸ਼ ਦਾ ਲੋਕਤੰਤਰ ਖ਼ਤਰੇ 'ਚ ਦਿੱਸਦਾ ਹੈ। ਤਾਂ ਫਿਰ ਵੀ ਵਿਰੋਧੀ ਧਿਰ ਦੇਸ਼ 'ਚ ਉਹਨਾ ਮੁੱਦਿਆਂ ਨੂੰ ਹੋਰ ਕਿਸੇ ਸਮੇਂ ਨਾ ਸਹੀ, ਇਸ ਚੋਣਾਂ ਦੇ ਸਮੇਂ 'ਤੇ ਹੀ ਗੰਭੀਰਤਾ ਨਾਲ ਕਿਉਂ ਨਹੀਂ ਉਠਾ ਰਹੀ?

ਭ੍ਰਿਸ਼ਟਾਚਾਰ ਦਾ ਮੁੱਦਾ ਹੀ ਦੇਸ਼ ਦਾ ਇੱਕੋ-ਇੱਕ ਮਸਲਾ ਨਹੀਂ ਹੈ। ਦੇਸ਼ ਦੇ ਵੱਡੇ ਮੁੱਦੇ ਹਨ। ਦੇਸ਼ ਦੇ ਵਿੱਚ ਲੋਕਤੰਤਰ ਦੀ ਰਾਖੀ ਮੁੱਖ ਮੁੱਦਾ ਹੈ। ਸੰਵਿਧਾਨ ਨੂੰ ਤਰੋੜਨ-ਮਰੋੜਨ ਦਾ ਯਤਨ ਹੋ ਰਿਹਾ ਹੈ। ਦੇਸ਼ ਦੇ ਕੁਦਰਤੀ ਸੋਮਿਆਂ ਦੀ ਧੰਨ-ਕੁਬੇਰਾਂ ਵਲੋਂ ਲੁੱਟ-ਖਸੁੱਟ ਤੋਂ ਰਾਖੀ ਮੁੱਦਾ ਹੈ। ਦੇਸ਼ ਦੀ ਸੀ।ਬੀ।ਆਈ।, ਈ।ਡੀ।, ਭਾਰਤੀ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਦੀ ਖੁਦਮੁਖਤਾਰੀ ਬਣਾਈ ਰੱਖਣਾ ਵਿਸ਼ੇਸ਼ ਮੁੱਦਾ ਹੈ। ਦੇਸ਼ ਦੇ ਵੰਨ-ਸੁਵੰਨੇ ਸਭਿਆਚਾਰਾਂ, ਬੋਲੀਆਂ ਦੀ ਰਾਖੀ ਦਾ ਮੁੱਦਾ ਵੀ ਤਾਂ ਦੇਸ਼ ਅੱਗੇ ਮੂੰਹ ਅੱਡੀ ਖੜਾ ਹੈ।

ਦੇਸ਼ ਧਰਮ ਨਿਰਪੱਖ ਰਹੇ। ਹਰ ਧਰਮ, ਹਰ ਸਭਿਆਚਾਰ, ਹਰ ਬੋਲੀ ਇਥੇ ਵਧੇ ਫੁੱਲੇ। ਹਰ ਖਿੱਤੇ ਦੇ ਲੋਕ ਇਥੇ ਸੁਰੱਖਿਆਤ ਮਹਿਸੂਸ ਕਰਨ। ਦੇਸ਼ ਦਾ ਕੋਈ ਵੀ ਹਿੱਸਾ ਇਹ ਮਹਿਸੂਸ ਨਾ ਕਰੇ ਕਿ ਉਸ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਦੇਸ਼ ਦੀਆਂ ਘੱਟ ਗਿਣਤੀਆਂ ਆਪਣੇ ਆਪ ਨੂੰ ਦੋ ਨੰਬਰ ਦਾ ਸ਼ਹਿਰੀ ਨਾ ਸਮਝਣ। ਇਹ ਸਮੇਂ ਦੀ ਲੋੜ ਹੈ। ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਲੋਕ ਮੁੱਦੇ ਭੁਲਾ ਬੈਠਾ ਹੈ। ਉਸਨੂੰ ਆਪਣੀ ਚਾਰ ਟੰਗੀ ਕੁਰਸੀ ਤੋਂ ਬਿਨ੍ਹਾਂ ਹੋਰ ਕੁਝ ਵਿਖਾਈ ਨਹੀਂ ਦਿੰਦਾ, ਜਿਸ ਨੂੰ ਪ੍ਰਾਪਤ ਕਰਨ ਲਈ ਉਹ ਕਿਸੇ ਵੇਲੇ ਵੀ, ਕੁਝ ਵੀ, ਕਰ ਸਕਦਾ ਹੈ। ਉਹ ਸਿਆਸੀ ਪਾਰਟੀ ਬਦਲ ਸਕਦਾ ਹੈ। ਉਹ ਆਪਣੀ ਬੋਲੀ ਲਗਵਾ ਸਕਦਾ ਹੈ। ਉਹ ਆਪਣੇ ਅਸੂਲ ਤਿਆਗ ਸਕਦਾ ਹੈ। ਮੌਜੂਦਾ ਹਾਕਮਾਂ ਨੇ ਪਿਛਲੇ ਸਾਲਾਂ 'ਚ ਵਿਰੋਧੀ ਪਾਰਟੀਆਂ ਦੀਆਂ ਅਨੇਕਾਂ ਸਰਕਾਰਾਂ ਵੀ ਤੋੜੀਆਂ ਅਤੇ ਅਨੇਕਾ ਪਾਰਟੀਆਂ ਨੂੰ ਦੋਫਾੜ ਕੀਤਾ। ਜਿਸ ਵਿੱਚ ਕਰੋੜਾਂ-ਅਰਬਾਂ ਰੁਪਏ ਦਾ ਖੇਲਾ ਖੇਲਿਆ ਗਿਆ।

ਸਾਲ 2019 ਦੇ ਭਾਜਪਾ ਦੇ ਚੋਣ ਮੈਨੀਫੈਸਟੋ ਤੇ ਇੱਕ ਝਾਤ ਮਾਰੋ। ਉਹ ਦੇ ਸੰਕਲਪ ਪੱਤਰ 'ਚ ਦੇਸ਼ ਵਿਚੋਂ ਗਰੀਬੀ 10 ਫੀਸਦੀ ਘਟਾਉਣ ਦੀ ਗੱਲ ਕੀਤੀ ਗਈ। ਉਸਨੇ 75 ਆਜ਼ਾਦੀ ਦੇ 75 ਸਾਲਾਂ ਲਈ 75 ਵਾਇਦੇ ਕੀਤੇ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਇਦਾ ਮੁੱਖ ਸੀ। ਹਰ ਘਰ ਬਿਜਲੀ, ਹਰ ਘਰ ਵਿੱਚ ਸ਼ੌਚਾਲਿਆ, ਹਰ ਪਰਿਵਾਰ ਲਈ ਪੱਕਾ ਮਕਾਨ ਆਦਿ ਮੁੱਖ ਸਨ। ਕਿੰਨੇ ਵਾਇਦੇ ਇਹਨਾ ਪੰਜ ਸਾਲਾਂ 'ਚ ਪੂਰੇ ਹੋਏ?

ਕਾਂਗਰਸ ਨੇ ਗਰੀਬੀ ਉਤੇ ਵਾਰ ਕਰਨ ਦਾ ਵਾਇਦਾ ਕੀਤਾ ਤੇ ਲੋਕਾਂ ਦੀ ਸਲਾਨਾ ਆਮਦਨ 72000 ਰੁਪਏ ਕਰਨ ਦਾ ਵਚਨ ਦਿੱਤਾ। ਹਰ ਸਾਲ 22 ਲੱਖ ਸਰਕਾਰੀ ਨੌਕਰੀਆਂ, 10 ਲੱਖ ਨੌਜਵਾਨਾਂ ਨੂੰ ਸਥਾਨਕ ਸਰਕਾਰਾਂ 'ਚ ਨੌਕਰੀਆਂ ਦਾ ਵਾਇਦਾ ਕੀਤਾ। ਸਿਹਤ, ਸਿੱਖਿਆ ਸੁਧਾਰ ਦੀ ਗੱਲ ਵੀ ਕੀਤੀ। ਭਾਵ ਸਿੱਧਾ ਇਹ ਕਿ ਭਾਰਤ ਦੇਸ਼ 'ਚ ਗਰੀਬੀ ਦੀ ਸਮੱਸਿਆ ਨੂੰ ਮੁੱਖ ਮੰਨਿਆ। ਬੇਰੁਜ਼ਗਾਰੀ ਨੂੰ ਮੁੱਖ ਮੰਨਿਆ।

ਆਪਣੇ ਕਾਰਜ 'ਚ ਗਰੀਬੀ ਹਟਾਓ ਦਾ ਨਾਹਰਾ ਕਾਂਗਰਸ ਦਾ ਮੁੱਖ ਨਾਹਰਾ ਰਿਹਾ। ਜਿਸਨੂੰ ਸਿਰਫ਼ ਵੋਟ ਪ੍ਰਾਪਤੀ ਦਾ ਇੱਕ ਸੰਦ ਕਾਂਗਰਸ ਵਲੋਂ ਮੰਨਿਆ ਜਾਂਦਾ ਰਿਹਾ। ਹੁਣ ਦੋਵੇਂ ਧਿਰਾਂ ਹਾਕਮ ਤੇ ਵਿਰੋਧੀ ਧਿਰਾਂ ਸਮੇਤ ਕਾਂਗਰਸ ਲੋਕਾਂ ਨੂੰ ਵਾਇਦਿਆਂ, ਵਚਨਾਂ ਤੋਂ ਅੱਗੇ "ਗਰੰਟੀਆਂ " ਦੇਣ ਦੇ ਰਾਹ ਹਨ। ਲੋਕ ਸਵਾਲ ਪੁੱਛ ਰਹੇ ਹਨ ਕਿ ਕੀ ਇਹ ਗਰੰਟੀਆਂ, ਵਾਇਦੇ, ਵਚਨ, ਚੋਣ ਦਸਤਾਵੇਜ, ਕਾਨੂੰਨੀ ਦਸਤਾਵੇਜ ਬਣ ਸਕਦੇ ਹਨ? ਤਾਂ ਕਿ ਲੋਕ, ਨੇਤਾਵਾਂ ਨੂੰ, ਲੋਕ ਕਚਿਹਰੀ 'ਚ ਖੜਿਆ ਕਰ ਸਕਣ, ਜੇਕਰ ਉਹ ਦਿੱਤੀਆਂ ਗਰੰਟੀਆਂ ਤੋਂ ਮੁੱਖ ਮੋੜਨ ਜਾਂ ਉਹਨਾ ਤੋਂ ਪਿੱਛੇ ਹੱਟਦੇ ਹਨ। ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਕੇ, ਰਾਜਸੀ ਕਲਾਬਾਜੀਆਂ ਨਾਲ ਇੱਕ ਵੇਰ ਫੇਰ ਲੋਕਾਂ ਦੇ ਅੱਖਾਂ 'ਚ ਘੱਟਾ ਪਾਏਗਾ। ਚੋਣਾਂ ਦਾ ਇਹ ਮਹਾਂ ਕੁੰਭ, ਇਸ ਵੇਰ ਵੀ ਪੂਰੀ ਚਲਾਕੀ ਨਾਲ ਲੋਕਾਂ ਤੋਂ ਤਾਕਤ ਹਥਿਆਏਗਾ। ਬਾਤ ਲੋਕਾਂ ਦੀ ਪਾਏਗਾ, ਪਰ ਦੁਕਾਨ ਆਪਣੀ ਚਮਕਾਏਗਾ।

# ਸ਼ਹੀਦਾਂ ਨੂੰ ਸਮਰਪਿਤ ਭੂੰਗਾ ਵਿਖੇ ਤਰਕਸ਼ੀਲ ਨਾਟਕ ਮੇਲਾ ਸੰਪੰਨ





**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)-** ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਇਕਾਈ ਹੁਸ਼ਿਆਰਪੁਰ ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਤਰਕਸ਼ੀਲ ਨਾਟਕ ਮੇਲਾ ਭੂੰਗਾ ਵਿਖੇ ਕਰਵਾਇਆ ਗਿਆ ਅਤੇ ਇਲਾਕੇ ਦੇ ਲੋਕਾਂ ਵੱਲੋਂ ਇਸ ਮੇਲੇ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਮੇਲੇ ਦੇ ਸ਼ੁਰੂ ਵਿੱਚ ਅੱਠਵੀਂ ਜਮਾਤ ਦੇ ਵਿਦਿਆਰਥੀ ਦਲਜੀਤ ਸਿੰਘ ਤੋਂ ਸ਼ਹੀਦਾਂ ਦਾ ਗੀਤ ਗਵਾ ਕੇ ਸ਼ੁਰੂਆਤ ਕਰਾਈ ਗਈ। ਬਾਅਦ ਵਿੱਚ ਉੱਘੇ ਗਾਇਕ ਜਰਨੈਲ ਸੋਨੀ ਨੇ ਆਪਣੀ ਬੁਲੰਦ ਆਵਾਜ਼ ਨਾਲ ਦੋ ਤਰਕਸ਼ੀਲ ਗੀਤ ਗਾ ਕੇ ਪੰਡਾਲ ਵਿੱਚ ਬੈਠੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਤਰਕਸ਼ੀਲ ਸੁਸਾਇਟੀ ਦੇ ਮੈਂਬਰ ਡਾਕਟਰ ਦਲਜੀਤ ਸਿੰਘ ਨੇ ਤਰਕਸ਼ੀਲ ਨਾਟਕ ਮੇਲਿਆਂ ਦੀ ਮਹੱਤਤਾ ਅਤੇ ਤਰਕਸ਼ੀਲਤਾ ਹੀ ਕਿਉਂ ਬਾਰੇ ਖੋਲ੍ਹਕੇ ਵਿਚਾਰ ਪੇਸ਼ ਕੀਤੇ। ਮਾਸਟਰ ਸੁਖਜੀਤ ਅੱਭੋਵਾਲ ਨੇ ਵਹਿਮਾਂ ਭਰਮਾਂ, ਜਾਦੂ, ਟੂਣਿਆਂ ਅਤੇ ਸੁਸਾਇਟੀ ਦੀਆਂ ਤੇਈ ਸ਼ਰਤਾਂ ਬਾਰੇ ਦੱਸਕੇ ਕਿਸੇ ਇੱਕ ਨੂੰ ਪੂਰੀ ਕਰਕੇ,ਪਾਖੰਡੀ ਸਾਧਾਂ, ਚੇਲਿਆਂ, ਜੋਤਸ਼ੀਆਂ ਨੂੰ ਲੱਖਾਂ ਰੁਪਏ ਦੇ ਇਨਾਮ ਜਿੱਤਣ ਲਈ ਲਲਕਾਰਦਿਆਂ ਆਪਣੀਆਂ ਅੱਖਾਂ ਤੇ ਪੱਟੀ ਬੰਨ੍ਹ ਕੇ ਮੋਟਰਸਾਈਕਲ ਚਲਾ ਕੇ ਦਿਖਾਇਆ।ਸਟੇਜ ਸਕੱਤਰ ਦੀ ਭੂਮਿਕਾ ਸੰਦੀਪ ਦਰਦੀ ਅਤੇ ਮਾਸਟਰ ਸੁਖਜੀਤ ਅੱਭੋਵਾਲ ਬਖ਼ੂਬੀ ਨਿਭਾਉਂਦੇ ਰਹੇ। ਚੰਡੀਗੜ੍ਹ ਸਕੂਲ ਆਫ ਡਰਾਮਾ ਦੀ ਟੀਮ ਵੱਲੋਂ ਖੇਡੇ ਗਏ ਦੋ ਨਾਟਕਾਂ,"ਠੱਗੀ"ਅਤੇ "ਮਿੱਟੀ ਰੁਦਨ ਕਰੇ"ਨੇ ਲੋਕਾਂ ਨੂੰ ਅਜੋਕੇ ਸਮਾਜ ਵਿੱਚ ਵਰਤ ਰਹੇ ਵਰਤਾਰਿਆਂ ਨੂੰ ਗੰਭੀਰਤਾ ਲਈ ਸੋਚਣ ਲਈ ਮਜ਼ਬੂਰ ਕੀਤਾ।

ਸੰਦੀਪ ਦਰਦੀ ਵੱਲੋਂ ਲਿਖਿਆ ਅਤੇ ਆਪਣੀ ਹੀ ਟੀਮ ਨਾਲ ਖੇਡਿਆ ਨਾਟਕ,'ਲੇਬਰ ਚੌਂਕ"ਦਰਸ਼ਕਾਂ ਦੇ ਮਨਾਂ ਵਿੱਚ ਅਮਿੱਟ ਛਾਪ ਛੱਡ ਗਿਆ। ਤਰਕਸ਼ੀਲ ਸੁਸਾਇਟੀ ਪੰਜਾਬ ਰਜਿ ਦੇ ਜਲੰਧਰ ਜੋਨ ਦੇ ਆਗੂ ਮਾਸਟਰ ਸੁਰਜੀਤ ਟਿੱਬਾ ਨੇ ਆਪਣੇ ਜ਼ੋਰਦਾਰ ਭਾਸ਼ਨ ਵਿੱਚ ਅਜੋਕੀਆਂ ਦਰਪੇਸ਼ ਚੁਣੌਤੀਆਂ ਦੇ ਕਈ ਪੱਖਾਂ ਤੋਂ ਜਾਣੂ ਕਰਵਾਉਂਦਿਆਂ ਤਰਕਸ਼ੀਲ ਸੁਸਾਇਟੀ ਦੇ ਕਾਰਜ ਖੇਤਰ, ਲੋਕਾਂ ਦੀ ਇਕਜੁਟਤਾ, ਮੌਕੇ ਨੂੰ ਸੰਭਾਲਣ ਆਦਿ ਕਈ ਪੱਖਾਂ ਤੇ ਜ਼ੋਰ ਦਿੱਤਾ।

ਉੱਘੇ ਚਿੰਤਕ ਅਤੇ ਜੁਝਾਰੂ ਇਨਕਲਾਬੀ ਹਿਮਾਂਸ਼ੂ ਕੁਮਾਰ ਨੇ ਆਪਣੇ ਭਾਸ਼ਣ ਵਿੱਚ ਆਉਣ ਵਾਲੇ ਬਹੁਤ ਗੰਭੀਰ ਖਤਰਿਆਂ ਤੋਂ ਜਾਣੂ ਕਰਵਾਉਂਦਿਆਂ ਇਕਜੁਟਤਾ ਨਾਲ਼ ਇਸ ਦਾ ਮੁਕਾਬਲਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਟਰੱਸਟੀ ਅਤੇ ਦੇਸ਼ ਭਗਤਾਂ ਦੀ ਧੀ ਸੁਰਿੰਦਰ ਕੁਮਾਰੀ ਕੋਛੜ, ਨੇ ਖਾਸ ਤੌਰ ਤੇ ਸ਼ਿਰਕਤ ਕੀਤੀ। ਆਖਿਰ ਵਿੱਚ ਹੁਸ਼ਿਆਰਪੁਰ ਇਕਾਈ ਦੇ ਪ੍ਰਧਾਨ ਬਲਵਿੰਦਰ ਸਿੰਘ ਕੋਠੇ ਜੱਟਾਂ ਨੇ ਆਏ ਹੋਏ ਮਹਿਮਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਮੇਲੇ ਲਈ ਹੁਸ਼ਿਆਰਪੁਰ ਇਕਾਈ ਦੇ ਸਕੱਤਰ ਮਨਜੋਤ ਅੱਭੋਵਾਲ ਨੇ ਆਪਣੀ ਬਣਦੀ ਜ਼ਿੰਮੇਵਾਰੀ ਬਖ਼ੂਬੀ ਨਿਭਾਈ। ਆਰਥਿਕ ਪੱਖੋਂ ਸੰਦੀਪ ਸਿੰਘ ਧਨੋਆ, ਹਰਵਿੰਦਰ ਸਿੰਘ ਰੂਬੀ(ਇੰਗਲੈਂਡ), ਸੰਦੀਪ ਅਟਵਾਲ (ਆਸਟ੍ਰੇਲੀਆ), ਸੁਰਿੰਦਰ ਸਿੰਘ ਦੋਲੋਵਾਲ (ਇੰਗਲੈਂਡ), ਮਨਿੰਦਰ ਸਿੰਘ ਟਿੰਮੀ, ਸੁਖਵਿੰਦਰ ਸਿੰਘ ਸੁੱਖਾ, ਸਵਰਨਜੀਤ ਕੌਸ਼ਲ, ਡਾਕਟਰ ਹਰਮਿੰਦਰ ਸਿੰਘ ਗੁਰਾਇਆ, ਕੁਲਦੀਪ ਸਿੰਘ ਲੇਹਲ (ਕਨੇਡਾ), ਸ਼ਮਸ਼ੇਰ ਸਿੰਘ ਕੱਕੋਂ, ਪਾਖਰ ਸਿੰਘ ਗਿਰਦਾਵਰ ਨੇ ਵੱਡਾ ਯੋਗਦਾਨ ਪਾਇਆ। ਪ੍ਰਗਟ ਸਿੰਘ ਲੇਹਲ (ਰਿਟਾਇਰਡ ਸੁਪਰਡੈਂਟ) ਦਿਲਰਾਜ ਕੁਮਾਰ ਸੀਕਰੀ ਅਤੇ ਪ੍ਰਿੰਸੀਪਲ ਇਕਬਾਲ ਸਿੰਘ (ਅਸਟ੍ਰੇਲੀਆ) ਮਾਸਟਰ ਮਦਨ ਲਾਲ ਬੁੱਲ੍ਹੋਵਾਲ, ਮਾਸਟਰ ਗੁਰਜਾਪ, ਮਾਸਟਰ ਹਰਜਾਪ ਸਿੰਘ,ਰਾਮ ਲੁਭਾਇਆ ਢੱਟ, ਦਲਵੀਰ ਦੁਸਾਂਝ ਨੇ ਆਰਥਿਕ ਪੱਖੋਂ ਵੱਡੀ ਮੱਦਦ ਦੇ ਨਾਲ ਨਾਲ ਹੋਰ ਵੀ ਕਈ ਪੱਖਾਂ ਤੋਂ ਮੱਦਦ ਕੀਤੀ। ਇਸ ਨਾਟਕ ਮੇਲੇ ਦੀ ਵਿਸ਼ੇਸ਼ਤਾ ਇਹ ਰਹੀ ਕਿ ਭਰੇ ਹੋਏ ਪੰਡਾਲ ਨੇ ਆਖਰੀ ਪਲਾਂ ਤੱਕ ਦਰਸ਼ਕਾਂ ਨੇ ਸਾਹ ਰੋਕ ਕੇ ਸਾਰਾ ਮੇਲਾ ਦੇਖਿਆ।

# ਰਿਪਾ ਸ਼ਾਈਨਿੰਗ ਸਟਾਰ ਰਾਜ ਪੁਰਸਕਾਰ ਸਮਾਰੋਹ ਤੇ ਵਿਰਾਸਤ ਮੇਲਾ 2024 ਆਯੋਜਿਤ ਕੀਤਾ

**ਕੋਟਕਪੂਰਾ–** 24 ਮਾਰਚ 2024 ਨੂੰ ਲਵ ਪੰਜਾਬ ਫਾਰਮ ਕੋਟ ਕਪੂਰਾ ਵਿਖੇ ਰਿਦਮ ਇੰਸਟੀਚਿਊਟ ਆਫ ਪਰਫਾਰਮਿੰਗ ਆਰਟਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਬਾਈ ਭੋਲਾ ਯਮਲਾ ਅਤੇ ਵਿੱਕੀ ਬਾਲੀਵੁੱਡ ਫੋਟੋ ਗੈਲਰੀ ਕੋਟਕਪੂਰਾ ਵਲੋਂ 17ਵੇਂ ਰਿਪਾ ਸ਼ਾਈਨਿੰਗ ਸਟਾਰ ਰਾਜ ਪੁਰਸਕਾਰ ਸਮਾਰੋਹ ਤੇ ਵਿਰਾਸਤ ਮੇਲਾ 2024 ਆਯੋਜਿਤ ਕੀਤਾ ਗਿਆ। ਇਸ ਸ਼ਾਨਦਾਰ ਮੌਕੇ ਤੇ ਦੇਸ਼ ਵਿਦੇਸ਼ ਦੀਆਂ ਵੱਖ ਵੱਖ ਖੇਤਰਾਂ ਵਿੱਚ ਪ੍ਰਸਿੱਧੀ ਪ੍ਰਾਪਤ ਸ਼ਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿਚ ਉੱਘੇ ਦਲਿਤ ਚਿੰਤਕ, ਸਾਹਿਤਕਾਰ, ਸਮਾਜਕ ਸਰੋਕਾਰਾਂ ਨੂੰ ਸਮਰਪਿਤ ਬੇਬਾਕ ਬੁਲਾਰੇ ਅਤੇ ਸਮਾਜਕ ਪ੍ਰਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੇ ਯੋਧੇ ਬਹੁਜਨ ਨਾਇਕ ਸਾਹਿਬ ਕਾਂਸ਼ੀ ਰਾਮ ਜੀ ਦੇ ਨੇੜਲੇ ਸਾਥੀ ਰਹੇ ਅੰਬੇਡਕਰ ਮਿਸ਼ਨ ਦੇ ਸੂਝਵਾਨ ਆਗੂ ਸਰਦਾਰ ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ ਨੂੰ ਉਹਨਾਂ ਵਲੋਂ ਸਮਾਜ ਸੇਵਾ ਦੇ ਖੇਤਰ ਵਿਚ ਪਾਏ ਗਏ ਵਡਮੁੱਲੇ ਯੋਗਦਾਨ ਲਈ "ਡਾਕਟਰ ਭੀਮ ਰਾਓ ਅੰਬੇਡਕਰ ਰਾਜ ਪੁਰਸਕਾਰ 2024" ਵਿਸ਼ਵ ਪ੍ਰਸਿੱਧ ਗਾਇਕ ਨਿਰਮਲ ਸਿੱਧੂ ਰਾਹੀਂ ਪ੍ਰਦਾਨ ਕੀਤਾ ਗਿਆ ਅਤੇ ਸਰਦਾਰ ਸੁਲਹਾਣੀ ਜੀ ਦੇ ਸੁਨਹਿਰੀ ਭਵਿੱਖ ਅਤੇ ਤੰਦਰੁਸਤ ਲੰਮੀ ਉਮਰ ਦੀ ਕਾਮਨਾ ਕੀਤੀ ਗਈ।





ਇਸ ਸ਼ਾਨਦਾਰ ਅਤੇ ਸਫ਼ਲ ਵਿਰਾਸਤੀ ਮੇਲੇ ਮੌਕੇ ਸਰਦਾਰ ਸੁਲਹਾਣੀ ਦੇ ਪ੍ਰਵਾਰਕ ਮੈਂਬਰਾਂ ਤੋਂ ਇਲਾਵਾ ਉਹਨਾਂ ਦੇ ਦਰਜਨਾਂ ਪ੍ਰਸ਼ੰਸਕ ਹਾਜ਼ਰ ਸਨ ਜਿਨ੍ਹਾਂ ਵਿਚ ਹਰਦੇਵ ਸਿੰਘ ਤਖਾਣਵੱਧ ਮੈਂਬਰ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਮੋਗਾ, ਇੰਦਰਜੀਤ ਸਿੰਘ ਸੇਖਾ ਸਾਬਕਾ ਪ੍ਰਧਾਨ ਬਸਪਾ ਜ਼ਿਲ੍ਹਾ ਮੋਗਾ, ਬਲਵਿੰਦਰ ਸਿੰਘ ਬਾਘਾਪੁਰਾਣਾ ਬਸਪਾ ਆਗੂ ਮੋਗਾ, ਪ੍ਰੀਤਮ ਸਿੰਘ ਬੀ ਏ, ਸੇਵਕ ਸਿੰਘ ਮਾਨੂਕੇ ਬਸਪਾ ਆਗੂ, ਸੰਪੂਰਨ ਸਿੰਘ ਪੱਤੋ, ਜੋਰਾ ਸਿੰਘ ਭੰਗਾ ਨਿਹਾਲ ਸਿੰਘ ਵਾਲਾ, ਸ਼ਿੰਗਾਰਾ ਸਿੰਘ ਰਣਸੀਂਹ ਖੁਰਦ, ਰੂਪ ਸਿੰਘ ਰਣਸੀਂਹ ਕਲਾਂ, ਬਿਕਰ ਸਿੰਘ ਬਧਨੀ ਕਲਾਂ ਸਾਬਕਾ ਪ੍ਰਧਾਨ ਬਸਪਾ ਹਲਕਾ ਨਿਹਾਲ ਸਿੰਘ ਵਾਲਾ, ਗੁਰਜੰਟ ਸਿੰਘ ਖਾਲਸਾ ਸੈਦੋਕੇ, ਜਗਜੀਤ ਸਿੰਘ ਕੋਟਲਾ ਕਿਸਾਨ ਆਗੂ, ਸੁਖਦੇਵ ਸਿੰਘ ਸੰਗਤਪੁਰਾ, ਗੁਰਮੇਲ ਸਿੰਘ ਖਹਿਰਾ ਤਖਾਣਵੱਧ ਕਿਸਾਨ ਆਗੂ, ਪ੍ਰਸਿੱਧ ਮਿਸ਼ਨਰੀ ਗਾਇਕ ਹਾਕਮ ਪੰਛੀ, ਲਛਮਣ ਸਿੰਘ ਚੋਪੜਾ ਪ੍ਰਧਾਨ ਬਸਪਾ ਹਲਕਾ ਕੋਟਕਪੂਰਾ, ਸੂਬੇਦਾਰ ਪ੍ਰੇਮ ਸਿੰਘ ਘਾਰੂ ਬਸਪਾ ਆਗੂ, ਸਿਤਾਰਾ ਸਿੰਘ ਡੱਬਵਾਲਾ ਕਲਾਂ, ਬੀਬੀ ਸੁਨੀਤਾ ਰਾਣੀ ਮੋਗਾ ਇਸਤਰੀ ਆਗੂ ਬਸਪਾ, ਬੀਬੀ ਗੁਰਜਿੰਦਰ ਕੌਰ ਡੱਬਵਾਲਾ ਕਲਾਂ ਲੇਖਿਕਾ, ਕਾਕਾ ਹਰਗੁਣਪ੍ਰੀਤ ਸਿੰਘ ਡੱਬਵਾਲਾ ਕਲਾਂ, ਤਰਸੇਮ ਸਿੰਘ ਕੋਟਕਪੂਰਾ, ਬੀਬੀ ਗੁਰਲਗਨ ਕਵਿਤਰੀ ਬਠਿੰਡਾ, ਕਾਕਾ ਗੁਰ ਫਤਹਿ ਸਿੰਘ ਬਠਿੰਡਾ, ਕਰਨੈਲ ਸਿੰਘ ਕਾਲੇਕੇ, ਸਰਵਣ ਸਿੰਘ ਕਾਲੇਕੇ, ਕੁਲਦੀਪ ਸਿੰਘ ਕਾਲੇਕੇ, ਅਮਰਜੀਤ ਸਿੰਘ ਮੱਲਕੇ, ਵਿਸ਼ੇਸ਼ ਵਰਨਣਯੋਗ ਹਨ। **ਪੇਸ਼ਕਸ਼–ਹਰਦੇਵ ਸਿੰਘ ਤਖਾਣਵੱਧ**

# ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਦਾ ਚੋਣ ਇਜਲਾਸ ਹੋਇਆ

**ਸੰਗਰੂਰ, (ਦਲਜੀਤ ਕੌਰ)** ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਦਾ ਚੋਣ ਇਜਲਾਸ ਜਿਲਾ ਪ੍ਰਧਾਨ ਸਵਰਨਜੀਤ ਸਿੰਘ ਦੀ ਅਗਵਾਈ ਅਤੇ ਸੂਬਾ ਆਗੂ ਗੁਰਮੇਲ ਸਿੰਘ ਠੁਲੀਵਾਲ ਦੀ ਦੇਖਰੇਖ ਵਿੱਚ ਪਰਜਾਪਤ ਧਰਮਸਾਲਾ ਵਿਖੇ ਸਫਲਤਾ ਪੂਰਵਕ ਸਮਾਪਤ ਹੋਇਆ। ਇਸ ਇਜਲਾਸ ਨੂੰ ਮਰਹੂਮ ਜਮਹੂਰੀ ਆਗੂ ਨਾਮਦੇਵ ਭੁਟਾਲ ਨੂੰ ਸਮਰਪਿਤ ਕੀਤਾ ਗਿਆ, ਉਹਨਾਂ ਦੀ ਜੀਵਨ ਸਾਥਣ ਜਸਵੰਤ ਕੌਰ ਅਤੇ ਪਰੀਵਾਰ ਦਾ ਵਿਸੇਸ ਤੌਰ ਤੇ ਸਨਮਾਨ ਕੀਤਾ ਗਿਆ। ਜ਼ਿਲ੍ਹਾ ਜਨਰਲ ਸਕੱਤਰ ਕੁਲਦੀਪ ਸਿੰਘ ਵੱਲੋਂ ਦੋ ਸਾਲਾਂ ਦੀ ਕਾਰਜਗਾਰੀ ਰਿਪੋਰਟ ਪੇਸ਼ ਕੀਤੀ ਗਈ। ਜ਼ਿਲ੍ਹਾ ਵਿੱਤ ਸਕੱਤਰ ਮਨਧੀਰ ਸਿੰਘ ਵਲੋਂ ਵਿੱਤੀ ਰਿਪੋਰਟ ਪੇਸ਼ ਕੀਤੀ ਗਈ। ਜ਼ਿਲ੍ਹਾ ਸਵਰਨਜੀਤ ਸਿੰਘ ਨੇ ਆਏ ਮੈਂਬਰਾਂ ਨੂੰ ਜੀ ਆਇਆਂ ਆਖਿਆ ਅਤੇ ਦੇਸ਼ ਦੀਆਂ ਮੌ–ਜੂਦਾ ਹਾਲਤਾਂ ਤੇ ਝਾਤ ਪਵਾਉਦਿਆ ਸਾਰੇ ਲੋਕ ਪੱਖੀ ਕਾਰਕੁਨਾਂ ਨੂੰ ਇਕਮੁੱਠ ਹੋ ਕੇ ਦੇਸ਼ ਦਾ ਧਰੁਵੀਕਰਨ ਕਰਨ ਤੇ ਮੁਲਕ ਨੂੰ ਧਰਮ ਦੇ ਅਧਾਰ ਤੇ ਵੰਡਣ ਵਾਲੀਆਂ ਫਿਰਕੂ ਤਾਕਤਾਂ ਨੂੰ ਟਾਕਰਾ ਦੇਣ ਲਈ ਅੱਗੇ ਆਉਣ ਲਈ ਕਿਹਾ। ਰਿਪੋਰਟ ਤੇ ਚਰਚਾ ਕੀਤੀ ਗਈ ਵਿੱਚ ਜਗਜੀਤ ਭੁਟਾਲ, ਕਾ ਭੂਰਾ ਸਿੰਘ ਦੁੱਗਾਂ, ਮੱਘਰ ਸਿੰਘ, ਰੋਹੀ ਸਿੰਘ, ਨੈਬ ਸਿੰਘ ਦੁੱਗਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਗਏ, ਜਿਸ ਦੇ ਜਵਾਬ ਜ਼ਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ ਵੱਲੋਂ ਦਿੱਤੇ ਗਏ। ਦੋਹਾਂ ਰਿਪੋਰਟਾਂ ਨੂੰ ਇਜਲਾਸ ਵਲੋਂ ਦਿੱਤੇ ਸੁਝਾਵਾਂ ਨੂੰ ਸ਼ਾਮਲ ਕਰਦਿਆਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਉਪਰੰਤ ਸੂਬਾ ਚੋਣ ਅਬਜਰਵਰ ਗੁਰਮੇਲ ਸਿੰਘ ਠੁੱਲੀਵਾਲ ਦੀ ਨਿਗਰਾਨੀ ਹੇਠ ਸਰਬਸੰਮਤੀ ਨਾਲ 19 ਮੈਂਬਰੀ ਜ਼ਿਲ੍ਹਾ ਕਾਰਜਕਾਰੀ ਕਮੇਟੀ ਅਤੇ ਡੈਲੀਗੇਟਾਂ ਦੀ ਚੋਣ ਕੀਤੀ ਗਈ। ਕਾਰਜਕਾਰੀ ਕਮੇਟੀ ਨੇ ਆਪਣੇ ਵਿਚੋਂ ਸਰਬਸੰਮਤੀ ਨਾਲ ਜਗਜੀਤ ਭੁਟਾਲ ਪ੍ਰਧਾਨ, ਕੁਲਦੀਪ ਸਿੰਘ ਸਕੱਤਰ, ਮਨਧੀਰ ਸਿੰਘ ਨੂੰ ਵਿੱਤ ਸਕੱਤਰ, ਬਸੇਸਰ ਰਾਮ ਨੂੰ ਮੀਤ ਪ੍ਰਧਾਨ, ਕੁਲਵਿੰਦਰ ਬੰਟੀ ਨੂੰ ਸਹਾਇਕ ਸਕੱਤਰ ਅਤੇ ਜੁਝਾਰ ਲੌਂਗੋਵਾਲ ਨੂੰ ਪ੍ਰੈਸ ਸਕੱਤਰ ਚੁਣਿਆ ਗਿਆ। ਇਸ ਮੌਕੇ ਪੇਸ਼ ਕੀਤੇ ਗਏ ਮਤਿਆਂ ਵਿੱਚ ਲਦਾਖ਼ ਦੇ ਲੋਕਾਂ ਵਲੋ ਰਾਜ ਨੂੰ ਪੂਰਨ ਦਰਜਾ ਦੇਣ ਅਤੇ ਇਸ ਖੇਤਰ ਦੇ ਵਾਤਾਵਰਨ, ਜਲ, ਜੰਗਲ ਜ਼ਮੀਨ ਨੂੰ ਕਾਰਪੋਰੇਟ ਲੁੱਟ ਤੋਂ ਬਚਾਉਣ ਲਈ ਉਤਰ ਪੂਰਬੀ ਖੇਤਰ ਵਾਂਗ ਸਵਿੰਧਾਨ ਦੀ 6ਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਦੀਆਂ ਮੰਗਾਂ ਨਾਲ ਇਕਮੁੱਠਤਾ ਜ਼ਾਹਰ ਕੀਤੀ ਅਤੇ ਇਹਨਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਨ ਦੀ ਅਪੀਲ ਕੀਤੀ। ਕੇਂਦਰ ਦੀ ਬੀ ਜੇ ਪੀ ਸਰਕਾਰ ਵੱਲੋਂ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਆਪਣੇ ਹਿਤਾਂ ਲਈ ਵਰਤ ਕੇ ਦੇਸ਼ ਭਰ ਵਿਚ ਵਿਰੋਧ ਦੀ ਆਵਾਜ਼ ਨੂੰ ਦਬਾਅ ਕੇ ਇੱਕ ਵਿਰੋਧ ਮੁਕਤ ਭਾਰਤ ਬਣ–ਾਉਣ ਲਈ ਕੀਤੀਆਂ ਜਾ ਰਹੀਆਂ ਗੈਰ ਸੰਵਿਧਾਨਕ ਕਾਰਵਾਈਆਂ ਅਤੇ ਮਨੁੱਖੀ ਅਧਿ–ਕਾਰਾਂ ਦੀ ਉਲੰਘਣਾ ਉਪਰ ਗੰਭੀਰ ਚਿੰਤਾਂ ਦਾ ਪ੍ਰਗਟਾਵਾ ਕਰਦਿਆਂ ਦੇਸ਼ ਦੇ ਇਨਸਾਫ਼ ਪਸੰਦ ਲੋਕਾਂ ਨੂੰ ਇਸ ਵਿਰੁੱਧ ਇਕਜੁੱਟ ਜਮਹੂਰੀ ਲਹਿਰ ਉਸਾਰਨ ਦਾ ਸੱਦਾ ਦਿੱਤਾ। ਸਰਕਾਰ ਦੀਆਂ ਨੀਤੀਆਂ ਦਾ ਪਰਦਾਫਾਸ਼ ਕਰਨ ਅਤੇ ਇਹਨਾਂ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਦੀ ਹਮਾਇਤ ਕਰਨ ਵਾਲੇ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ ਵਿਰੁੱਧ ਯੂ ਏ ਪੀ ਏ ਲਗਾ ਕੇ ਉਨ੍ਹਾਂ ਨੂੰ ਸਾਲਾਂ ਬੱਧੀ ਜੇਲਾਂ ਵਿੱਚ ਬੰਦ ਕਰਨ ਦੀ ਤਾਨਾਸ਼ਾਹੀ ਕਾਰਵਾਈਆਂ ਦੀ ਨਿਖੇਦੀ ਕੀਤੀ ਅਤੇ ਉਹਨਾਂ ਉਪਰ ਮੜੇ ਝੂਠੇ ਕੇਸ ਵਾਪਸ ਲੈਣ ਅਤੇ ਉਨ੍ਹਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਆਪਣੀ ਜਲ ਜੰਗਲ ਜ਼ਮੀਨ ਨੂੰ ਬਚਾਉਣ ਅਤੇ ਹੋਰ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਕਿਸਾਨਾਂ, ਮਜਦੂਰਾਂ, ਆਦਿਵਾਸੀਆਂ ਉਪਰ ਡ੍ਰੋਨ ਹਮਲੇ ਕਰਨ, ਬਹੁਤ ਹੀ ਜ਼ਾਲਮਾਨਾ ਤਰੀਕੇ ਨਾਲ ਅਥਰੂ ਗੈਸ, ਪੈਲੇਟ ਗੰਨਾ ਦੀ ਵਰਤੋਂ ਕਰਨ ਅਤੇ ਸਾਰਪ ਸ਼ੂਟਰਾਂ ਰਾਹੀਂ ਸਿੱਧੇ ਹਮਲੇ ਕਰਕੇ ਕਤਲ ਕਰਨ ਦੀਆਂ ਗੈਰ ਕਾਨੂੰਨੀ ਅਤੇ ਜ਼ਾਲਮਾਨਾ ਕਾਰਵਾਈਆਂ ਦੀ ਸਖ਼ਤ ਨਿੰਦਾ ਕਰਦੇ ਹੋਏ ਇਹਨਾਂ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ। ਪੰਜਾਬ ਵਿੱਚ ਗੈਂਗਸਟਰਵਾਦ ਨੂੰ ਖਤਮ ਕਰਨ ਦੇ ਨਾਂ ਹੇਠ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾ ਕੇ ਉਨ੍ਹਾਂ ਨੂੰ ਜ਼ਖ਼ਮੀ ਕਰਨ ਜਾਂ ਕਤਲ ਕਰਨ ਦੀਆਂ ਘਟਨਾਵਾਂ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਵਰਤਾਰੇ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ। ਸਜ਼ਾ ਪੂਰੀ ਕਰ ਚੁੱਕੇ ਸਮੂਹ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਅਤੇ ਉਹਨਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ। ਦੇਸ਼ ਦੇ ਹਾਕਮਾਂ ਵਲੋਂ ਦੇਸ਼ ਦੇ ਧਰਮ ਨਿਰਪੱਖ ਖ਼ਾਸੇ ਨੂੰ ਤਹਿਸ ਨਹਿਸ਼ ਕਰਕੇ ਹਿੰਦੂਤਵੀ ਸਭਿਆਚਾਰ ਪੈਦਾ ਕਰਨ, ਘੱਟ ਗਿਣਤੀਆਂ ਨੂੰ ਦਹਿਸ਼ਤਜ਼ਦਾ ਕਰਨ, ਬਲਡੋਜਰ ਚਲਾਉਣ ਵਰ–ਗੀਆਂ ਗੈਰ ਕਾਨੂੰਨੀ ਕਾਰਵਾਈਆਂ ਕਰਨ, ਸੀ ਏ ਏ ਲਾਗੂ ਕਰਨ ਵਰਗੀਆਂ ਕਾਰਵਾਈਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਅਤੇ ਦੇਸ਼ ਦੇ ਜਮਹੂਰੀਅਤ ਪਸੰਦ ਲੋਕਾਂ ਨੂੰ ਸਰਕਾਰ ਦੀਆਂ ਇਹਨਾਂ ਕਾਰਵਾਈਆਂ ਦਾ ਇਕਜੁੱਟ ਵਿਰੋਧ ਕਰਨ ਦਾ ਸੱਦਾ ਦਿੱਤਾ।



ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਅਤੇ ਸੁਨਾਮ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਤਕਰੀਬਨ ਦੋ ਦਰਜਨ ਗਰੀਬ ਲੋਕਾਂ ਦੀ ਮੌਤ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਇਸ ਵਰਤਾਰੇ ਦੀ ਅਦਾਲਤੀ ਜਾਂਚ ਕਰਵਾ ਕੇ ਇਹਨਾਂ ਮੌਤਾਂ ਲਈ ਜ਼ਿੰਮੇਵਾਰ ਵਿਅਕਤੀਆਂ ਅਤੇ ਅਧਿਕਾਰੀਆਂ ਖਿਲਾਫ ਕਤਲ ਦੇ ਮੁਕੱਦਮੇ ਦਰਜ ਕਰਨ ਤੇ ਪੀੜਤ ਪਰਿਵਾਰਾਂ ਲਈ ਮੁਆਵਜ਼ਾ ਦੇਣ, ਉਹਨਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ।

# ਬੇਗ਼ਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਦੀ ਤੀਸਰੀ ਵਰ੍ਹੇਗੰਢ 'ਤੇ ਜ਼ਰੂਰਤਮੰਦਾਂ ਨੂੰ ਛਕਾਇਆ ਭੋਜਨ – ਭਾਈ ਰਾਮ ਸਿੰਘ ਮੈਂਗੜਾ



**ਫਗਵਾੜਾ 22 ਮਾਰਚ (ਬੀ.ਕੇ. ਰੱਤੂ)** ਬੇਗ਼ਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਦੇ ਮੁੱਖ ਸੇਵਾਦਾਰ ਭਾਈ ਰਾਮ ਮੈਂਗੜਾ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਦੀ ਤੀਸਰੀ ਵਰ੍ਹੇਗੰਢ ਸੰਸਥਾ ਦੇ ਮੈਬਰਾਂ ਤੇ ਸਹਿਯੋਗੀਆ ਨੇ ਰਲਮਿਲ ਕੇ ਮਨਾਈ। ਸੰਸਥਾ ਦੀ ਵਰ੍ਹੇਗੰਢ ਦੀ ਖੁਸ਼ੀ ਵਿੱਚ ਯੂਰਪ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਰਹਿ ਰਹੇ ਬੇ–ਘਰੇ ਲੋਕਾਂ ਜਾਂ ਸੜਕਾਂ ਤੇ ਪੁਲਾ ਥੱਲੇ ਕਿਸੇ ਵੀ ਕਾਰਨ ਰਹਿ ਰਹੇ ਜਰੂਰਤਮੰਦ ਲੋਕਾਂ ਨੂੰ ਖਾਣਾ ਖਵਾਇਆ। ਇਸ ਕਾਰਜ ਲਈ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਟੀਮ ਦੇ ਸਾਰੇ ਸਾਥੀਆਂ ਅਤੇ ਸਹਿਯੋਗੀਆਂ ਨੇ ਸਹਿਯੋਗ ਕਰਦੇ ਹੋਏ ਖਾਣਾ ਡੱਬਿਆਂ ਵਿੱਚ ਪੈਕ ਕਰਕੇ ਜ਼ਰੂਰਤਮੰਦਾਂ ਤੱਕ ਪਹੁੰਚਾਇਆ । ਸੰਸਥਾ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਨੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਦਿਆਂ ਦੱਸਿਆਂ ਕਿ ਜਿਸ ਦਿਨ ਸੰਸਥਾ ਦਾ ਜਨਮ ਸੀ ਉਸੇ ਦਿਨ ਹੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਬਦ ' ਹਮ ਸਰ ਦੀਨ ਦਿਆਲ ਨਾ ਤੁਮ ਸਰ ' ਦਾ ਆਇਆ ਸੀ, ਹੁਣ ਸੰਸਥਾ ਦੀ ਤੀਸਰੀ ਵਰ੍ਹੇਗੰਢ 'ਤੇ ਵੀ ਗੁਰੂ ਮਹਾਰਾਜ ਜੀ ਦਾ ਉਹੀ ਹੀ ਹੁਕਮਨਾਮਾ ਆਇਆ ਹੈਂ ਜਿਸ ਨੂੰ ਮੈਂ ਸਮਝਦਾ ਹਾਂ ਕਿ ਇਹ ਗੁਰੂ ਸਾਹਿਬ ਜੀ ਦਾ ਅਸ਼ੀਰਵਾਦ ਹੀ ਹੈ। ਭਾਈ ਮੈਂਗੜਾ ਨੇ ਬੇਗਮਪੁਰਾ ਏਡ ਇੰਟਰਨੈਸ਼ਨਲ ਦੀ ਤੀਸਰੀ ਵਰ੍ਹੇਗੰਢ ਦੀ ਮੈਬਰਾਂ, ਸਹਿਯੋਗੀਆਂ ਅਤੇ ਦਾਨੀ ਸੱਜਣਾ ਨੂੰ ਵਧਾਈ ਦਿੰਦਿਆ ਸਹਿਯੋਗ ਕਰਨ ਲਈ ਸਾਰਿਆ ਦਾ ਦਿਲ ਦੀਆਂ ਗਹਿਰਾਈਆ ਤੋਂ ਧੰਨਵਾਦ ਕੀਤਾ। ਭਾਈ ਮੈਂਗੜਾ ਨੇ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਸਮਾਜ ਸੇਵਾ ਦੇ ਕਾਰਜ ਨਿਰੰਤਰ ਜਾਰੀ ਰਹਿਣਗੇ। ਇਸ ਸ਼ੁਭ ਮੌਕੇ 'ਤੇ ਸੰਸਥਾ ਦੇ ਸਹਿਯੋਗੀ ਅਮਿਤ ਪ੍ਰਿੰਸ, ਰੋਹਿਤ ਗੁਰੂ, ਅਜ਼ੀਮ, ਮਰਵਾਨ, ਜ਼ਿਆਦ, ਰੌਸ਼ਨ ਗੁਰੂ, ਪ੍ਰਮਜੀਤ ਸਿੰਘ ਮਾਨ ਪ੍ਰਮਿੰਦਰ ਸਿੰਘ ਕੈਲੇ ਵੀ ਮੌਜੂਦ ਸਨ।

# ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦਾ ਹਿਸਾਬ ਲੋਕ ਸਭਾ ਚੋਣਾਂ ਵਿੱਚ ਲਿਆ ਜਾਵੇਗਾ – ਡਾ. ਮੱਖਣ ਸਿੰਘ



**ਫਗਵਾੜਾ (ਬੀ.ਕੇ. ਰੱਤੂ)–**ਜਿਲ੍ਹਾ ਸੰਗਰੂਰ ਦੇ ਪਿੰਡ ਗੁੱਜਰਾਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ 5 ਦਲਿਤ ਵਿਅਕਤੀਆਂ ਦੀਆਂ ਮੌਤਾਂ ਦਾ ਹਿਸਾਬ ਕਿਤਾਬ ਭਗਵੰਤ ਮਾਨ ਸਰਕਾਰ ਤੋਂ ਆਉਣ ਵਾਲੀਆ ਲੋਕ ਸਭਾ ਚੋਣਾਂ ਵਿੱਚ ਲਿਆ ਜਾਵੇਗਾ। ਉਕਤ ਵਿਚਾਰਾ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰ.ਲ ਸਕੱਤਰ ਡਾਕਟਰ ਮੱਖਣ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਦਿਆ ਕੀਤਾ। ਉਨ੍ਹਾ ਕਿਹਾ ਕਿ ਇਹ ਜ਼ਹਿਰੀਲੀ ਸ਼ਰਾਬ ਪੀਣ ਨਾਲ ਹਮੇਸ਼ਾਂ ਗਰੀਬ, ਮਜ਼ਦੂਰ, ਦਲਿਤ ਹੀ ਕਿਉਂ ਮਰਦੇ ਨੇ। ਡਾ. ਮੱਖਣ ਸਿੰਘ ਨੇ ਕਿਹਾ ਕਿ ਝਾੜੂ ਵਾਲੀ ਭਗਵੰਤ ਮਾਨ ਦੀ ਇਨਕਲਾਬੀ ਤੇ ਇਮਾਨਦਾਰ ਪਾਰਟੀ ਦੇ ਰਾਜ ਵਿੱਚ ਗਰੀਬਾਂ ਦੇ ਮੁਹੱਲਿਆਂ ਵਿਚ ਇਹ ਜ਼ਹਿਰੀਲੀ ਸ਼ਰਾਬ ਵਿਕਦੀ ਹੀ ਕਿਉਂ ਹੈ । ਇਸ ਤੋਂ ਇਹ ਸਾਫ ਹੁੰਦਾ ਹੈ ਕਿ ਜ਼ਹਿਰੀਲੀ ਸ਼ਰਾਬ ਵੇਚਣ ਦਾ ਧੰਦਾ ਸਰਕਾਰ ਤੇ ਪ੍ਰਸ਼ਾਸਨ ਦੀ ਮਿਲੀ ਭੁਗਤ ਨਾਲ ਹੋ ਰਿਹਾ ਹੈ।

ਦੂਜੇ ਪਾਸੇ ਭਗਵੰਤ ਮਾਨ ਸਰਕਾਰ ਦਾ ਇਹ ਕਹਿਣਾ ਕਿ ਸਾਡੀ ਐਕਸਾਇਜ ਪੋਲਸੀ ਬਹੁਤ ਉੱਤਮ ਹੈ ਤੇ ਭਾਰਤ ਵਿੱਚ ਸੱਭ ਤੋਂ ਵੱਧ ਮੁਨਾਫ਼ਾ ਸ਼ਰਾਬ ਵੇਚ ਕੇ ਪੰਜਾਬ ਨੂੰ ਹੋ ਰਿਹਾ ਹੈ। ਡਾ. ਮੱਖਣ ਸਿੰਘ ਨੇ ਬਹੁਜਨ ਸਮਾਜ ਪਾਰਟੀ ਪੰਜਾਬ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕਿ ਸ਼ਰਾਬ ਤੇ ਹੋਰ ਨਸ਼ਿਆਂ ਦੇ ਵੱਡੇ ਵੱਡੇ ਤਸਕਰਾਂ ਨੂੰ ਨੱਥ ਪਾਏ ਅਤੇ ਪਿੰਡ ਗੁਜਰਾਂ ਦੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਰੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਪੀੜਤ ਪਰਿਵਾਰਾਂ ਨੂੰ 50–50 ਲੱਖ ਰੁਪਏ ਦਾ ਮੁਆਵਜ਼ਾ ਤੇ ਪਰਿਵਾਰ ਦੇ ਇਕ ਮੈਂਬਰ ਸਰਕਾਰੀ ਨੌਕਰੀ ਦਿੱਤੀ ਜਾਵੇ।

ਉਨ੍ਹਾ ਗਰੀਬਾਂ, ਮਜ਼ਦੂਰਾਂ ਅਤੇ ਦਲਿਤਾਂ ਨੂੰ ਅਪੀਲ ਕੀਤੀ ਕਿ ਬਸਪਾ ਦੇ ਹਾਥੀ ਵਾਲੇ ਨੀਲੇ ਝੰਡੇ ਹੇਠ ਇਕੱਠੇ ਹੋਕੇ ਆਪਣੀ ਸਰਕਾਰ ਬਣਾਉ ਤਾਂ ਜੋ ਆਪਣੇ ਦੁੱਖਾਂ ਤਕਲੀਫ਼ਾਂ ਦਾ ਅੰਤ ਹੋ ਸਕੇ।

# ਥਾਣਾ ਦਿੜ੍ਹਬਾ, ਸੁਨਾਮ ਤੇ ਚੀਮਾ ਦੇ ਇਲਾਕੇ 'ਚ ਨਕਲੀ ਸ਼ਰਾਬ ਵੇਚਣ ਵਾਲੇ ਗਿਰੋਹ ਦਾ ਪਰਦਾਫਾਸ਼, 10 ਮੁਲਜ਼ਮ ਗ੍ਰਿਫ਼ਤਾਰ

**ਸੰਗਰੂਰ, (ਦਲਜੀਤ ਕੌਰ)** ਸ. ਹਰਚਰਨ ਸਿੰਘ ਭੁੱਲਰ ਡੀ.ਆਈ.ਜੀ., ਪਟਿਆਲਾ ਰੇਂਜ, ਪਟਿਆਲਾ ਨੇ ਇੱਕ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਸ਼ ਜਤਿੰਦਰ ਜੋਰਵਾਲ ਆਈ।ਏ।ਐਸ।, ਡੀ।ਸੀ।, ਸੰਗਰੂਰ ਅਤੇ ਸ। ਸਰਤਾਜ ਸਿੰਘ ਚਾਹਲ, ਐਸ.ਐਸ.ਪੀ, ਸੰਗਰੂਰ, ਜ਼ਿਲ੍ਹਾ ਪੁਲਿਸ ਸੰਗਰੂਰ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਪੁਲਿਸ ਥਾਣਾ ਦਿੜ੍ਹਬਾ, ਥਾਣਾ ਸਿਟੀ ਸੁਨਾਮ ਅਤੇ ਥਾਣਾ ਚੀਮਾ ਦੇ ਖੇਤਰਾਂ ਵਿੱਚ ਨਕਲੀ ਸ਼ਰਾਬ ਵੇਚਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਨਕਲੀ ਸ਼ਰਾਬ ਅਤੇ ਨਕਲੀ ਸ਼ਰਾਬ ਦੇ ਨਿਰਮਾਣ ਅਤੇ ਲੇਬਲਿੰਗ ਲਈ ਵਰਤੇ ਜਾਣ ਵਾਲੇ ਹੋਰ ਸਾਜ਼ੋ–ਸਾਮਾਨ ਦੀ ਵੱਡੀ ਰਿਕਵਰੀ ਦੇ ਨਾਲ ਇਸ ਗੈਰ–ਕਾਨੂੰਨੀ ਧੰਦੇ ਵਿੱਚ ਸ਼ਾਮਲ ਗਿਰੋਹ ਦਾ ਨਾਮ ਹੈ। ਸ਼. ਹਰਚਰਨ ਸਿੰਘ ਭੁੱਲਰ, ਡੀ.ਆਈ.ਜੀ., ਪਟਿਆਲਾ ਰੇਂਜ, ਪਟਿਆਲਾ ਨੇ ਦੱਸਿਆ ਕਿ ਮਿਤੀ 20–03–2024 ਨੂੰ ਸੰਗਰੂਰ ਪੁਲਿਸ ਨੂੰ ਪਿੰਡ ਗੁੱਜਰਾਂ (ਥਾਣਾ ਦਿੜ੍ਹਬਾ) ਤੋਂ ਘਟਨਾ ਸਬੰਧੀ ਸੂਚਨਾ ਮਿਲੀ ਸੀ। ਸੂਚਨਾ ਮਿਲਣ ਦੇ ਤੁਰੰਤ ਬਾਅਦ ਮੌਕੇ 'ਤੇ ਪਹੁੰਚੀ ਪੁਲਿਸ ਟੀਮ ਨੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਐਫ।ਆਈ।ਆਰ ਨੰ। ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰ ਅਮਰੀਕ ਸਿੰਘ ਅਤੇ ਸੁਖਵਿੰਦਰ ਸਿੰਘ ਉਰਫ ਸੁੱਖੀ ਪੁੱਤਰ ਅਵਤਾਰ ਸਿੰਘ ਦੋਵੇਂ ਵਾਸੀ ਪਿੰਡ ਗੁੱਜਰਾਂ ਦੇ ਖਿਲਾਫ 25 ਮਿਤੀ 20–03–2024 ਅਧੀਨ 302, 34 ਆਈ.ਪੀ.ਸੀ। ਅਤੇ 61/01/14 ਆਬਕਾਰੀ ਐਕਟ ਥਾਣਾ ਦਿੜ੍ਹਬਾ ਵਿਖੇ ਦਰਜ ਪੁਲਿਸ ਥਾਣਾ ਦਿ–ੜ੍ਹਬਾ)। ਉਕਤ ਮਾਮਲੇ ਦੀ ਤਫ਼ਤੀਸ਼ ਦੌਰਾਨ ਮੁਲਜ਼ਮ ਮਨਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਗੁਰਲਾਲ ਸਿੰਘ ਪੁੱਤਰ ਮੇਵਾ ਸਿੰਘ ਵਾਸੀ ਉਭਾਵਾਲ ਅਤੇ ਇਸ ਪੂਰੇ ਕਾਂਡ ਦੇ ਮਾਸਟਰ ਮਾਈਂਡ ਹਰਮਨਪ੍ਰੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਤਾਈਪੁਰ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਭਾਰੀ ਮਾਤਰਾ ਵਿੱਚ ਨਕਲੀ ਸ਼ਰਾਬ ਅਤੇ ਇਸ ਨਕਲੀ ਸ਼ਰਾਬ ਦੇ ਨਿਰਮਾਣ ਲਈ ਵਰਤੇ ਜਾਂਦੇ ਹੋਰ ਸਮਾਨ ਦੀ ਬਰਾਮਦਗੀ ਦੇ ਨਾਲ ਗ੍ਰਿਫਤਾਰ ਕੀਤਾ ਗਿਆ।



ਮਿਤੀ 22–03–2024 ਨੂੰ ਪੁਲਿਸ ਥਾਣਾ ਸਿਟੀ ਸੁਨਾਮ ਅਤੇ ਥਾਣਾ ਚੀਮਾ ਵਿਖੇ ਸੂਚਨਾ ਮਿਲੀ ਸੀ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਦੇ ਕੁੱਝ ਵਿਅਕਤੀ ਵੀ ਨਕਲੀ ਸ਼ਰਾਬ ਪੀਣ ਨਾਲ ਬਿਮਾਰ ਹੋ ਗਏ ਸਨ ਅਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਸੂਚਨਾ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਪੂਰੇ ਮਾਮਲੇ ਦੀ ਜਾਂਚ ਕੀਤੀ। ਤਫਤੀਸ਼ ਕਰਨ 'ਤੇ ਪਤਾ ਲੱਗਾ ਕਿ ਇਹ ਘਟਨਾ ਵੀ ਉਸੇ ਨਕਲੀ ਸ਼ਰਾਬ ਦੇ ਸੇਵਨ ਕਾਰਨ ਵਾਪਰੀ ਸੀ, ਜਿਸ ਕਾਰਨ ਥਾਣਾ ਦਿੜ੍ਹਬਾ ਦੇ ਖੇਤਰ 'ਚ ਮਿਤੀ 20–03–2024 ਨੂੰ ਇਹ ਘਟਨਾ ਵਾਪਰੀ ਸੀ ਕਿਉਂਕਿ ਉਕਤ ਨਕਲੀ ਸ਼ਰਾਬ ਦੀ ਕੁਝ ਖੇਪ ਵੀ ਇਨ੍ਹਾਂ ਕੋਲ ਪਹੁੰਚੀ ਸੀ। ਖੇਤਰ। ਇਸ ਗੈਰ–ਕਾਨੂੰਨੀ ਧੰਦੇ ਦਾ ਪਰਦਾਫਾਸ਼ ਕਰਨ ਅਤੇ ਖਤਰੇ ਦੀਆਂ ਜੜ੍ਹਾਂ ਤੱਕ ਪਹੁੰਚਣ ਲਈ, 22–03–2024 ਨੂੰ, ਸੰਗਰੂਰ ਪੁਲਿਸ ਨੇ ਦੋ ਹੋਰ ਐਫ.ਆਈ.ਆਰ।

FIR ਨੰ. 18 ਮਿਤੀ 22–03–2024 ਅ/ਧ 302, 120–ਬੀ ਆਈ।ਪੀ।ਸੀ। ਅਤੇ 61–ਏ ਆਬਕਾਰੀ ਐਕਟ, ਥਾਣਾ ਚੀਮਾ, ਸੰਗਰੂਰ ਵਿਖੇ 7 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ।

FIR ਨੰ. 44 ਮਿਤੀ 22–03–2024 ਅ/ਧ 302, 34 ਆਈ.ਪੀ.ਸੀ। ਅਤੇ 61–ਏ ਆਬਕਾਰੀ ਐਕਟ ਥਾਣਾ ਸਿਟੀ ਸੁਨਾਮ, ਸੰਗਰੂਰ ਵਿਖੇ 6 ਵਿਅਕਤੀਆਂ ਖਿਲਾਫ ਦਰਜ ਕੀਤਾ ਗਿਆ।

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਵਲੋਂ ਖਟਕੜ ਕਲਾਂ 'ਚ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੱਤੀ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਦੇ ਐਨ. ਸੀ. ਸੀ. ਤੇ ਐਨ. ਐਸ. ਐਸ ਯੂਨਿਟ ਦੇ ਵਿਦਿਆਰਥੀਆਂ ਨੂੰ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਬਣਾਏ ਗਏ ਸ਼ਹੀਦ ਭਗਤ ਸਿੰਘ ਯਾਦਗਾਰੀ ਸਮਾਰਕ ਦਾ ਦੌਰਾ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਰਵਾਨਾ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ। ਤਰਸੇਮ ਸਿੰਘ ਭਿੰਡਰ ਨੇ ਸੰਬੋਧਨ ਹੋ ਕੇ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਸਮੁੱਚਾ ਜੀਵਨ ਉੱਚੇ ਆਦਰਸ਼ਾਂ ਨਾਲ ਭਰਪੂਰ ਹੈ ਜਿਸ ਤੋਂ ਹਰ ਨੌਜਵਾਨ ਨੂੰ ਪ੍ਰੇਰਣਾ ਲੈਣੀ ਚਾਹੀਦੀ ਹੈ।

ਸਮਾਰਕ ਤੇ ਪਹੁੰਚ ਕੇ ਵਿਦਿਆਰਥੀਆਂ ਨੇ ਸ਼ਹੀਦ ਭਗਤ ਸਿੰਘ ਦੀ ਪ੍ਰਤਿਮਾ ਨੂੰ ਸਿਜਦਾ ਕੀਤਾ। ਇਸ ਮੌਕੇ ਐਨ.ਸੀ.ਸੀ. ਇੰਚਾਰਜ ਲੈਫਟੀਨੈਂਟ ਡਾ. ਗੁਰਵਿੰਦਰ ਸਿੰਘ ਤੇ ਐਨ.ਐਸ.ਐਸ ਇੰਚਾਰਜ ਪ੍ਰੋ. ਵਿਪਨ ਤੇ ਡਾ. ਨਿਰਮਲਜੀਤ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਵੀ ਵਿਖਾਇਆ ਗਿਆ ਇਸ ਮੌਕੇ ਅਧਿਆਪਕ ਸਾਹਿਬਾਨ ਨੇ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਜੀਵਨ, ਫ਼ਲਸਫ਼ੇ ਸਮੇਤ ਇਤਿਹਾਸਕ ਜਾਣਕਾਰੀ ਵੀ ਪ੍ਰਦਾਨ ਕੀਤੀ। ਇਸ ਮੌਕੇ ਡਾ। ਦਵਿੰਦਰ ਕੌਰ, ਮਨਮੰਤ ਸਿੰਘ ਲਾਇਬ੍ਰੇਰੀਅਨ, ਪ੍ਰੋ. ਚਰਨਜੀਤ ਕੁਮਾਰ, ਪ੍ਰੋ. ਗੁਰਪ੍ਰੀਤ ਸਿੰਘ ਆਦਿ ਵੀ ਹਾਜ਼ਰ ਸਨ।



ਭਗਤ ਸਿੰਘ ਦਾ ਜੱਦੀ ਘਰ

# ਡੀਟੀਐੱਫ ਵੱਲੋਂ ਨਵੀਂ ਸਿੱਖਿਆ ਨੀਤੀ-2020 ਨੂੰ ਰੱਦ ਕਰਨ ਦੀ ਮੰਗ



**ਲੁਧਿਆਣਾ, (ਦਲਜੀਤ ਕੌਰ)** ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਜਿਲ੍ਹਾ ਲੁਧਿਆਣਾ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਵੀਂ ਸਿੱਖਿਆ ਨੀਤੀ 2020 ਉੱਪਰ ਪ੍ਰਕਾਸ਼ਿਤ ਕਿਤਾਬਚਾ' ਸਿਲੇਬਸ ਦੀ ਛਾਂਗ-ਛੰਗਾਈ: ਤਰਕ-ਵਿਰੋਧੀ ਅਤੇ ਵਿਵੇਕ - ਵਿਰੋਧੀ 'ਉੱਪਰ ਜਿਲ੍ਹਾ ਪ੍ਰਧਾਨ ਰਮਨਜੀਤ ਸਿੰਘ ਸੰਧੂ ਦੀ ਅਗਵਾਈ ਵਿੱਚ ਲੁਧਿਆਣਾ ਦੇ ਚੋਣਵੇਂ ਕਾਰਕੁਨਾਂ ਨੂੰ ਸਕੂਲਿੰਗ ਦੇ ਤੌਰ ਤੇ ਵਿਚਾਰ ਚਰਚਾ ਦਾ ਅਯੋਜਨ ਕੀਤਾ ਗਿਆ, ਜਿਸ ਵਿੱਚ ਡੀ ਟੀ ਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਇਸ ਮੌਕੇ ਵਿਚਾਰ ਚਰਚਾ ਵਿੱਚ ਵੱਖ-ਵੱਖ ਬੁਲਾਰਿਆਂ ਵਲੋਂ ਭਾਜਪਾ ਦੀ ਕੇਂਦਰ ਸਰਕਾਰ ਵਲੋਂ ਆਰ ਐਸ ਐਸ ਦੇ ਇਸਾਰਿਆ ਤੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਸਿਲੇਬਸਾਂ ਵਿੱਚੋਂ ਤਰਕ ਅਧਾਰਿਤ, ਲੋਕ ਲਹਿਰਾ, ਜਾਤ-ਪਾਤ ਤੋਂ ਨਿਰਲੇਪ ਸਮਾਜ ਦੀ ਉਸਾਰੀ ਨੂੰ ਉਤਸਾਹਿਤ ਕਰਦੇ ਇਤਿਹਾਸਕ ਸ਼ਬਦਾਂ ਨਾਲ ਛੇੜਛਾੜ ਕਰਕੇ ਉਨਾਂ ਨੂੰ ਸਿਲੇਬਸ ਵਿੱਚੋਂ ਬਾਹਰ ਕਰਨ ਅਤੇ ਮਿਥਹਾਸਕ ਗੱਲਾਂ ਬਾਤਾਂ ਆਧਾਰਿਤ ਨਾਲ ਜੋੜਨ ਅਤੇ ਤਰਕ ਵਿਹੂਣੇ ਤੱਤਾਂ ਨੂੰ ਸਾਮਲ ਕਰਨ ਦੀ ਸਖਤ ਸਬਦਾਂ ਵਿੱਚ ਨਿਖੇਧੀ ਕੀਤੀ ਗਈ। ਆਗੂਆਂ ਨੇ ਚਿੰਤਾ ਜਾਹਰ ਕੀਤੀ ਕਿ ਸਿੱਖਿਆ ਦਾ ਉਦੇਸ਼ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕਰਨਾ ਹੁੰਦਾ ਹੈ ਜਦੋਂਕਿ ਜੋ ਸਿਲੇਬਸ ਵਿਦਿਆਰਥੀਆਂ ਨੂੰ ਸਰਕਾਰ ਪਰੋਸਣ ਜਾ ਰਹੀ ਹੈ, ਇਸ ਨਾਲ ਤਾਂ ਅੰਧ ਵਿਸ਼ਵਾਸੀ ਸਮਾਜ ਅਤੇ ਕਮਜ਼ੋਰ ਮਾਨਸਿਕਤਾ ਵਾਲਾ ਸਮਾਜ ਪੈਦਾ ਹੋਵੇਗਾ।

ਬੁਲਾਰਿਆਂ ਨੇ ਕਿਹਾ ਸਰਕਾਰ ਸਿਲੇਬਸ ਵਿੱਚੋਂ ਬਹੁਤ ਹੀ ਮਹੱਤਵਪੂਰਣ ਪੂਰਨ ਇਤਿਹਾਸ ਦਾ ਸਮਾਂ ਮੁਗਲ ਕਾਲ ਨੂੰ ਕੱਢਣ ਜਾ ਰਹੀ ਹੈ। ਵਿਗਿਆਨ ਵਿੱਚੋਂ ਵਿਕਾਸ ਵਾਦ ਸਬੰਧ ਰੱਖਦਾ ਡਾਰਵਿਨ ਦਾ ਸਿਧਾਂਤ ਦੇ ਵਿਕਾਸਵਾਦ ਵਾਲੇ ਪੱਖ ਨੂੰ ਕੱਢ ਕਿ ਵਿਦਿਆਰਥੀਆਂ ਨੂੰ ਗਿਆਨ ਤੋਂ ਵਿਹੂਣੇ ਕਰਨਾ ਚਾਹੁੰਦੀ ਹੈ। ਬੁਲਾਰਿਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਨਵੀਂ ਸਿੱਖਿਆ ਨੀਤੀ 2020 ਅਨੁਸਾਰ ਸਕੂਲਾਂ ਅੰਦਰ ਵਿਦਿਆਰਥੀਆਂ ਦੇ ਜਮਾਤ ਪਾਠ ਪੁਸਤਕਾਂ ਵਿੱਚ ਉਹ ਪਾਠ ਸਾਮਲ ਕੀਤੇ ਜਾਣ ਜੋ ਵਿਦਿਆਰਥੀਆਂ ਦੀ ਤਰਕ ਸਕਤੀ ਦਾ ਵਿਕਾਸ ਕਰਨ, ਵਿਦਿਆਰਥੀਆਂ ਵਿੱਚ ਭਰਾਤਰੀ ਭਾਵ, ਸਹਿਣਸੀਲਤਾ, ਧਰਮ ਨਿਰਪੱਖਤਾ ਅਤੇ ਚੰਗੀਆਂ ਕਦਰਾਂ ਕੀਮਤਾਂ ਦਾ ਵਿਕਾਸ ਕਰੇ।

ਅਖੀਰ ਵਿੱਚ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਨੇ ਸਾਰੀ ਚਰਚਾ ਉੱਪਰ ਨਵੀਂ ਸਿੱਖਿਆ ਨੀਤੀ ਬਾਰੇ ਵਿਸਥਾਰਪੂਰਵਕ ਚਰਚਾ ਕਰਦਿਆਂ ਅਧਿਆਪਕਾਂ ਵਰਗ ਨੂੰ ਅਪੀਲ ਕੀਤੀ ਕਿ ਉਹ ਆਪਣੇ ਫਰਜ ਸਮਝਦੇ ਹੋਏ, ਸਿਲੇਬਸ ਵਿੱਚ ਆ ਰਹੇ ਗਲਤ ਰੁਝਾਨਾ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਪਿਛਾਂਹਖਿੱਚੂ ਰੁਝਾਨ ਨੂੰ ਰੋਕਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਦਾ ਹੋਕਾ ਦਿੱਤਾ।

ਇਸ ਵਿਚਾਰ ਚਰਚਾ ਵਿੱਚ ਡੀਟੀਐੱਫ ਦੇ ਜ਼ਿਲ੍ਹਾ ਪ੍ਰਧਾਨ ਰਮਨਜੀਤ ਸਿੰਘ ਸੰਧੂ, ਜਨਰਲ ਸਕੱਤਰ ਰੁਪਿੰਦਰ ਪਾਲ ਸਿੰਘ ਜੰਡਿਆਲੀ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਲੀਲ ਤੋਂ ਇਲਾਵਾ ਮਨਪ੍ਰੀਤ ਸਿੰਘ ਸਮਰਾਲਾ, ਜ਼ਿਲ੍ਹਾ ਵਿੱਤ ਸਕੱਤਰ ਜੰਗਪਾਲ ਸਿੰਘ ਰਾਏਕੋਟ, ਪ੍ਰਭਜੋਤ ਸਿੰਘ ਤਲਵੰਡੀ, ਅਵਤਾਰ ਸਿੰਘ ਖਾਲਸਾ, ਰਜਿੰਦਰ ਜੰਡਿਆਲੀ, 6635 ਈ ਟੀ ਟੀ ਯੂਨੀਅਨ ਦੇ ਸੁਰਿੰਦਰਪਾਲ ਸਿੰਘ, 4161 ਮਾਸਟਰ ਕਾਡਰ ਯੂਨੀਅਨ ਦੇ ਜਸਵਿੰਦਰ ਸਿੰਘ ਐਤੀਆਣਾ, ਸਤਿਕਰਤਾਰ ਸਿੰਘ, ਵਿਜੇ ਕੁਮਾਰ, ਰੇਸ਼ਮ ਸਿੰਘ, ਅਮਨਦੀਪ ਵਰਮਾ, ਪਰਵੀਨ ਕੁਮਾਰੀ, ਪਿੰਕੀ ਰਾਣੀ ਆਦਿ ਆਗੂਆਂ ਨੇ ਭਾਗ ਲਿਆ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪੇਂਡੂ ਮਜਦੂਰ ਯੂਨੀਅਨ ਨੇ ਸ਼ਹੀਦਾਂ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਵਿਚਾਰ ਚਰਚਾ ਕੀਤੀ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਅੱਜ ਪਿੰਡ ਭੂੰਦੜੀ, ਜਿਲ੍ਹਾ ਲੁਧਿਆਣਾ ਵਿਖੇ ਪੇਂਡੂ ਮਜਦੂਰ ਯੂਨੀਅਨ (ਮਸ਼ਾਲ) ਵੱਲੋਂ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਯਾਦ ਵਿੱਚ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ। ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਸ਼ਹੀਦਾਂ ਦੀਆਂ ਤਸਵੀਰਾਂ 'ਤੇ ਫੁੱਲ ਭੇਂਟ ਕਰ ਕੇ ਇਨਕਲਾਬੀ ਨਾਅਰੇ ਬੁਲੰਦ ਕਰਦੇ



ਹੋਏ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਸਾਥੀ ਰਾਜਵਿੰਦਰ ਨੇ ਸ਼ਹੀਦਾਂ ਦੇ ਜੀਵਨ ਅਤੇ ਸੰਘਰਸ਼ ਬਾਰੇ ਅਤੇ ਕਾਰਖਾਨਾ ਮਜਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਨੇ ਮਜੂਦਾ ਹਾਲਤਾਂ ਬਾਰੇ ਗੱਲਬਾਤ ਕੀਤੀ। ਸਾਥੀ ਰਾਜਵਿੰਦਰ ਨੇ 'ਮੇਰੀ ਮੌਤ 'ਤੇ ਨਾ ਰੋਇਓ' ਅਤੇ 'ਮਸ਼ਾਲਾਂ ਬਾਲ ਕੇ ਚੱਲਣਾ' ਇਨਕਲਾਬੀ ਗੀਤ ਪੇਸ਼ ਕੀਤੇ। ਅੰਤ ਵਿੱਚ ਯੂਨੀਅਨ ਆਗੂ ਜਗਸੀਰ ਨੇ ਪ੍ਰੋਗਰਾਮ 'ਚ ਸ਼ਾਮਲ ਲੋਕਾਂ ਦਾ ਧੰਨਵਾਦ ਕੀਤਾ। ਪ੍ਰਧਾਨ ਸੁਖਦੇਵ ਭੂੰਦੜੀ ਨੇ ਮੰਚ ਸੰਚਾਲਨ ਕੀਤਾ।

# ਸ਼ਹੀਦ-ਏ-ਆਜਮ ਦਾ ਸੁਪਨਾ ਦੇਸ਼ ਨੂੰ ਬੁਲੰਦੀਆਂ ਤੇ ਲੈ ਕੇ ਜਾਣ ਦਾ ਸੀ – ਬੇਗਮਪੁਰਾ ਟਾਇਗਰ ਫੋਰਸ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸ਼ਹੀਦ ਭਗਤ ਸਿੰਘ ਦਾ ਸੁਪਨਾ ਦੇਸ਼ ਨੂੰ ਬੁਲੰਦੀਆਂ ਤੇ ਲੈ ਕੇ ਜਾਣ ਦਾ ਸੀ ਅਤੇ ਉਹਨਾਂ ਨੇ ਇਸ ਸੁਪਨੇ ਨੂੰ ਪੂਰਾ ਕਰਨ ਲਈ ਸ਼ਹਾਦਤ ਦਾ ਜਾਮ ਪੀਤਾ । ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਸਮਾਨਤਾ ਵਾਲੇ ਸਮਾਜ ਅਤੇ ਸਿਧਾਂਤਾਂ ਦੇ ਅਧਾਰਤ ਸੀ। ਜਿਸ ਤੋਂ ਨੌਜਵਾਨਾਂ ਨੂੰ ਪ੍ਰੇਰਨਾ ਲੈਣ ਦੀ ਲੋੜ ਹੈ। ਇਹਨਾ ਵਿਚਾਰਾ ਦਾ ਪ੍ਰਗਟਾਵਾ ਬੇਗਮਪੁਰਾ ਟਾਇਗਰ ਫੋਰਸ ਦੇ ਜੁਝਾਰੂ ਅਤੇ ਧਾਕੜ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਨੇ ਇੱਕ ਸੰਖੇਪ ਜਿਹੀ ਮਿਲਣੀ ਦੌਰਾਨ ਕੁਝ ਚੋਣਵੇ ਪੱਤਰਕਾਰਾ ਨਾਲ ਕੀਤਾ । ਉਹਨਾ ਕਿ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਜੀ ਦੀ ਸ਼ਹਾਦਤ ਸਾਨੂੰ ਬੇਇਨਸਾਫੀ ਅਤੇ ਜ਼ੁਲਮ ਦੇ ਖਿਲਾਫ ਡੱਟ ਕੇ ਪਹਿਰਾ ਦੇਣ ਲਈ ਪ੍ਰੇਰਦੀ ਰਹੇਗੀ। ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਕੋਈ ਵੀ ਭਾਰਤ ਦਾ ਵਸਨੀਕ ਭੁਲਾ ਨਹੀਂ ਸਕਦਾ। ਉਹਨਾ ਕਿਹਾ ਕਿ ਇਹਨਾਂ ਸ਼ਹੀਦਾਂ ਦੀ ਕੁਰਬਾਨੀ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ ਅਸੀਂ ਸਾਰੇ ਰਲ ਕੇ ਗਰੀਬੀ ਬੇਰੁਜ਼ਗਾਰੀ ਭ੍ਰਿਸ਼ਟਾਚਾਰੀ ਬੇਇਨਸਾਫੀ ਭਰੂਣ ਹੱਤਿਆ ਅਤੇ ਨਸ਼ਿਆਂ ਵਰਗੀਆਂ ਭੈੜੀਆਂ ਕੁਰੀਤੀਆਂ ਤੋਂ ਦੇਸ਼ ਨੂੰ ਆਜ਼ਾਦ ਕਰਵਾਈਏ। ਉਹਨਾ ਕਿਹਾ ਕਿ ਆਜ਼ਾਦੀ ਦੇ ਅੰਦੋਲਨ ਦੌਰਾਨ ਇਹਨਾਂ ਸ਼ਹੀਦਾਂ ਨੇ ਛੋਟੀ ਉਮਰ ਵਿੱਚ ਹੀ ਸ਼ਹਾਦਤ ਦੇ ਕੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਤੋਂ ਮੁਕਤ ਕਰਵਾਇਆ ਸੀ। ਉਹਨਾਂ ਕਿਹਾ ਕਿ ਸਮੁੱਚਾ ਦੇਸ਼ ਆਪਣੇ ਇਸ ਸੱਚੇ ਸਪੂਤ ਦਾ ਹਮੇਸ਼ਾ ਕਾਰਜਦਾਰ ਰਹੇਗਾ । ਬਿਨਾਂ



ਸਵਾਰਥ ਦੇਸ਼ ਦੀ ਸੇਵਾ ਕਰਨ ਲਈ ਸ਼ਹੀਦ ਭਗਤ ਸਿੰਘ , ਰਾਜਗੁਰੂ ਤੇ ਸੁਖਦੇਵ ਜੀ ਹਮੇਸ਼ਾ ਨੌਜਵਾਨਾ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਉਨਾਂ ਦੇ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ, ਤਾਂ ਜੋ ਸਮਾਜ ਨੂੰ ਸਮਾਜਿਕ ਅਲਾਮਤਾਂ ਤੋਂ ਮੁਕਤ ਕਰਕੇ ਸ਼ਹੀਦਾ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਸ਼ਹੀਦਾਂ ਦੀ ਸ਼ਹਾਦਤ ਨੂੰ ਭੁਲਾਇਆ ਨਹੀਂ ਜਾ ਸਕਦਾ ਅਤੇ ਜੇਕਰ ਸਮਾਜ ਨੂੰ ਸ਼ਹੀਦ ਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸਿੰਘ ਦੇ ਸੁਪਨਿਆਂ ਦਾ ਸਮਾਜ ਬਣਾਉਣਾ ਹੈ ਤਾਂ ਫਿਰ ਸ਼ਹੀਦਾਂ ਵਲੋਂ ਦਰਸਾਏ ਮਾਰਗ ਤੇ ਚੱਲਣਾ ਹੀ ਪਵੇਗਾ। ਉਹਨਾਂ ਕਿਹਾ ਕਿ ਸ਼ਹੀਦ ਏ ਆਜ਼ਮ ਭਗਤ ਸਿੰਘ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਛੋਟੀ ਉਮਰ ਵਿੱਚ ਹੀ ਸ਼ਹਾਦਤ ਦਿੱਤੀ ਸੀ। ਜਿਸ ਤੋਂ ਉਹਨਾਂ ਦੇ ਦਿਲ ਵਿੱਚ ਭਾਰਤ ਦੇਸ਼ ਪ੍ਰਤੀ ਅਥਾਹ ਪਿਆਰ ਅਤੇ ਸਤਿਕਾਰ ਦਾ ਪ੍ਰਗਟਾਵਾ ਹੁੰਦਾ ਸੀ। ਉਹਨਾਂ ਅੰਤ ਵਿੱਚ ਕਿਹਾ ਕਿ ਅੱਜ ਸਮਾਜ ਵਿੱਚ ਨਸ਼ਾਖੋਰੀ ਅਤੇ ਅਪਰਾਧ ਵਰਗੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਜੋ ਕਿ ਚਿੰਤਾ ਦਾ ਵਿਸ਼ਾ ਹੈ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਚਾਹੀਦਾ ਹੈ, ਕਿ ਉਹ ਸ਼ਹੀਦਾਂ ਨੂੰ ਆਪਣਾ ਰੋਲ ਮਾਡਲ ਸਮਝ ਕੇ ਸਮਾਜ ਨੂੰ ਬੁਰਾਈਆਂ ਤੋਂ ਮੁਕਤ ਕਰਨ ਵਿੱਚ ਯੋਗਦਾਨ ਪਾਉਣ, ਤਾਂ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ।

# ਸ਼ਹੀਦਾਂ ਦੇ ਨਾਮ ਤੇ ਬਣੀ ਸਰਕਾਰ ਨੇ ਸ਼ਹੀਦਾਂ ਦੀ ਸੋਚ ਨੂੰ ਵਿਸਾਰਿਆ - ਸੁਖਬੀਰ ਸਿੰਘ ਬਾਦਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਪਾਰਟੀ ਉਸਦੇ ਤਰੀਕੇ ਦੇਸ਼, ਪੰਜਾਬ ਤੇ ਫਿਰਕੂ ਸਦਭਾਵਨਾ ਲਈ ਵਚਨਬੱਧ ਹੈ ਜਿਵੇਂ ਮਹਾਨ ਸ਼ਹੀਦ, ਸਰਦਾਰ ਭਗਤ ਸਿੰਘ ਸਨ ਅਤੇ ਉਹਨਾਂ ਨੇ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਚ ਸਰਕਾਰ ਬਣਾਉਣ ਲਈ ਸ਼ਹੀਦ ਦੇ ਨਾਂ ਦੀ ਦੁਰਵਰਤੋਂ ਕਰਨ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਆਪ ਨੇ ਸ਼ਹੀਦ ਨੂੰ ਜਿਹੜੇ ਸਿਧਾਂਤ ਪਿਆਰੇ ਸਨ, ਉਹਨਾਂ ਸਾਰਿਆਂ ਦਾ ਅਪਮਾਨ ਕੀਤਾ ਹੈ। ਉਹਨਾਂ ਨੇ ਇਹ ਵੀ ਸਵਾਲ ਕੀਤਾ ਕਿ ਪੰਜਾਬ ਸ਼ਰਾਬ ਘੁਟਾਲੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ ਤੇ ਕਿਹਾ ਕਿ ਕੀ ਇਸ ਮਾਮਲੇ 'ਤੇ ਫਿਕਸ ਮੈਚ ਖੇਡਿਆ ਜਾ ਰਿਹਾ ਹੈ।

ਅਕਾਲੀ ਦਲ ਦੇ ਪ੍ਰਧਾਨ ਜਿਹਨਾਂ ਨੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖੱਟਕੜ ਕਲਾਂ ਵਿਖੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਇਕ ਸੈਮੀਨਾਰ ਵਿਚ ਸ਼ਮੂਲੀਅਤ ਕੀਤੀ। ਜਿਥੇ ਸ਼ਹੀਦ ਭਗਤ ਸਿੰਘ ਨੂੰ ਪਿਆਰੇ ਆਦਰਸ਼ਾਂ 'ਤੇ ਚਰਚਾ ਕੀਤੀ ਗਈ ਤੇ ਇਹ ਵੀ ਦੱਸਿਆ ਗਿਆ ਕਿ ਕਿਵੇਂ ਇਹਨਾਂ ਨੂੰ ਖੋਰਾ ਲਗਾਇਆ ਗਿਆ। ਅਕਾਲੀ ਦਲ ਦੇ ਪ੍ਰਧਾਨ ਨੇ ਸ਼ਹੀਦ ਦੀ ਯਾਦਗਾਰ 'ਤੇ ਸ਼ਰਧਾਂਜਲੀ ਦੇਣ ਦੀ ਥਾਂ 'ਤੇ ਅਰਵਿੰਦ ਕੇਜਰੀਵਾਲ ਦੇ ਹੱਕ ਵਿਚ ਡੱਟਣ ਵਾਸਤੇ ਦਿੱਲੀ ਜਾ ਪਹੁੰਚਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਨਿਖੇਧੀ ਕੀਤੀ। ਅਕਾਲੀ ਦਲ ਦੇ ਪ੍ਰਧਾਨ, ਨੇ ਇਸ ਮੌਕੇ ਸੈਮੀਨਾਰ ਵਿਚ ਸ਼ਮੂਲੀਅਤ ਕਰਦਿਆਂ ਕਿਹਾ ਕਿ ਅਕਾਲੀ ਦਲ ਸਿਰਫ ਇਕ ਸਿਆਸੀ ਪਾਰਟੀ ਨਹੀਂ ਬਲਕਿ ਇਕ ਸੋਚ ਹੈ। ਉਹਨਾਂ ਕਿਹਾ ਕਿ ਅਸੀਂ ਜ਼ਬਰ ਤੇ ਜ਼ੁਲਮ ਦੇ ਖਿਲਾਫ ਡੱਟਣ ਲਈ ਦ੍ਰਿੜ੍ਹ ਸੰਕਲਪ ਹਾਂ ਤੇ ਅਸੀਂ ਆਜ਼ਾਦੀ ਤੋਂ ਪਹਿਲਾਂ ਅੰਗੇਰਜ਼ਾਂ ਦੇ ਰਾਜ ਵਿਚ ਤੇ ਆਜ਼ਾਦੀ ਮਗਰੋਂ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੰਸੀ ਵੇਲੇ ਅਜਿਹਾ ਕੀਤਾ ਹੈ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਦਲ ਆਪਣੇ ਸਿਧਾਂਤਾਂ 'ਤੇ ਕਾਇਮ ਹੈ। ਉਹਨਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਅੱਜ ਪਾਰਟੀਆਂ ਵੋਟ ਬੈਂਕ ਦੀ



ਰਾਜਨੀਤੀ ਖੇਡ ਰਹੀਆਂ ਹਨ ਤੇ ਉਹਨਾਂ ਇਕ ਭਾਈਚਾਰੇ ਨੂੰ ਦੂਜੇ ਭਾਈਚਾਰੇ ਖਿਲਾਫ ਡਟਾ ਦਿੱਤਾ ਹੈ। ਉਹਨਾਂ ਕਿਹਾ ਕਿ ਇਹ ਪਾਰਟੀਆਂ ਭਗਤ ਸਿੰਘ ਦੀ ਸੋਚ 'ਤੇ ਨਹੀਂ ਚਲ ਰਹੀਆਂ। ਉਹਨਾਂ ਕਿਹਾ ਕਿ ਅਕਾਲੀ ਦਲ ਨੇ ਕਦੇ ਵੀ ਆਪਣੇ ਸਿਧਾਂਤਾਂ 'ਤੇ ਸਮਝੌਤਾ ਨਹੀਂ ਕੀਤਾ ਤੇ ਨਾ ਹੀ ਕਰੇਗਾ। ਸਰਦਾਰ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਆਪ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਉਹਨਾਂ ਕਿਹਾ ਕਿ ਸ੍ਰੀ ਭਗਵੰਤ ਮਾਨ ਪਹਿਲਾਂ ਸ਼ਹੀਦਾਂ ਵਾਂਗੂ ਹੀ ਦਸਤਾਰ ਸਜਾਉਂਦੇ ਸਨ ਪਰ ਸੱਤਾ ਮਿਲਦਿਆਂ ਹੀ ਉਹਨਾਂ ਨੇ ਸ਼ਹੀਦਾਂ ਨੂੰ ਵਿਸਾਰ ਦਿੱਤਾ। ਉਹਨਾਂ ਕਿਹਾ ਕਿ ਆਪ ਵਿਧਾਇਕਾਂ ਵੱਲੋਂ ਖੁਲ੍ਹੇ ਆਮ ਕੀਤੀ ਜਾ ਰਹੀ ਲੁੱਟ ਖਸੁੱਟ ਸ਼ਹੀਦ ਭਗਤ ਦੇ ਉੱਚੇ ਸੁੱਚੇ ਆਦਰਸ਼ਾਂ ਦੇ ਉਲਟ ਹੈ। ਉਹਨਾਂ ਨੇ ਕਾਂਗਰਸ ਪਾਰਟੀ ਵੱਲੋਂ ਸ਼ਹੀਦਾਂ ਦੇ ਨਾਂ 'ਤੇ ਝੂਠੀਆਂ ਸਹੁੰਆਂ ਖਾ ਕੇ ਪੰਜਾਬੀਆਂ ਨੂੰ ਗੁੰਮਰਾਹ ਕਰਨ ਦੀ ਵੀ ਨਿਖੇਧੀ ਕੀਤੀ। ਖੱਟਕੜ ਕਲਾਂ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਬਾਦਲ ਨੇ ਸਵਾਲ ਕੀਤਾ ਕਿ ਪੰਜਾਬ ਸ਼ਰਾਬ ਘੁਟਾਲੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਹੋ ਰਹੀ ? ਉਹਨਾਂ ਕਿਹਾ ਕਿ ਪੰਜਾਬ ਆਬਕਾਰੀ ਨੀਤੀ ਵੀ ਦਿੱਲੀ ਦੀ ਨੀਤੀ ਦੇ ਆਧਾਰ 'ਤੇ ਤਿਆਰ ਕੀਤੀ ਗਈ ਸੀ। ਉਹਨਾਂ ਕਿਹਾ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਇਹਨਾਂ ਹੀ ਲੋਕਾਂ ਨੇ ਪੰਜਾਬ ਆਬਕਾਰੀ ਨੀਤੀ ਘੜੀ ਸੀ। ਉਹਨਾਂ ਕਿਹਾ ਕਿ ਮੈਂ ਦਿੱਲੀ ਵਿਚ ਪੰਜਾਬ ਆਬਕਾਰੀ ਨੀਤੀ ਘੜਨ ਵੇਲੇ ਹੋਈਆਂ ਮੀਟਿੰਗਾਂ ਦੇ ਵੇਰਵੇ ਵੀ ਸਾਂਝੇ ਕੀਤੇ ਸਨ। ਉਹਨਾਂ ਕਿਹਾ ਕਿ ਇਸ ਨੀਤੀ ਦੇ ਨਤੀਜੇ ਵਜੋਂ ਆਪ ਨੇ ਪੰਜਾਬ ਦੇ ਖ਼ਜ਼ਾਨੇ ਵਿਚੋਂ ਸੈਂਕੜੇ ਕਰੋੜਾਂ ਰੁਪਏ ਲੁੱਟੇ ਹਨ।ਉਹਨਾਂ ਕਿਹਾ ਕਿ ਲੋਕ ਸਵਾਲ ਕਰ ਰਹੇ ਹਨ ਕਿ ਕੇਸ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਹੋ ਰਹੀ ਅਤੇ ਇਹ ਕਿਆਸ ਅਰਾਈਆਂ ਹਨ ਕਿ ਇਸ ਕੇਸ ਵਿਚ ਫਿਕਸ ਮੈਚ ਖੇਡਿਆ ਜਾ ਰਿਹਾ ਹੈ। ਇਕ ਹੋਰ ਸਵਾਲ ਦੇ ਜਵਾਬ ਵਿਚ ਸਰਦਾਰ ਬਾਦਲ ਨੇ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਗੱਲ ਹੈ ਕਿ ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਨਾਲ 21 ਮੌਤਾਂ ਹੋ ਚੁੱਕੀਆਂ ਹਨ ਪਰ ਇਸ ਲਈ ਜ਼ਿੰਮੇਵਾਰ ਅਨਸਰ ਹਾਲੇ ਵੀ ਫਰਾਰ ਹਨ। ਉਹਨਾਂ ਕਿਹਾ ਕਿ ਇਹ ਹੋਰ ਵੀ ਨਿੰਦਣਯੋਗ ਗੱਲ ਹੈ ਕਿ ਲੋਕਾਂ ਕੋਲ ਪਹੁੰਚਣ ਦੀ ਥਾਂ 'ਤੇ ਭਗਵੰਤ ਮਾਨ ਦਿੱਲੀ ਵਿਚ ਕੇਜਰੀਵਾਲ ਦੇ ਹਿੱਤਾਂ ਵਾਸਤੇ ਸੇਵਾ ਕਰ ਰਹੇ ਹਨ। ਇਸ ਤੋਂ ਪਹਿਲਾਂ ਸੈਮੀਨਾਰ ਵਿਚ ਪ੍ਰਸਿੱਧ ਬੁੱਧੀਜੀਵੀ ਡਾ। ਪਿਆਰੇ ਲਾਲ ਗਰਗ ਨੇ ਕਿਹਾ ਕਿ ਇਹ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਲਈ ਢੁਕਵਾਂ ਸਮਾਂ ਹੈ ਕਿ ਉਹ ਅੱਗੇ ਆਵੇ ਤੇ ਸੂਬੇ ਦੇ ਮੁੱਦੇ ਜ਼ੋਰਦਾਰ ਢੰਗ ਨਾਲ ਚੁੱਕੇ। ਬੁੱਧੀਜੀਵੀ ਡਾ। ਗੁਰਮੀਤ ਸਿੰਘ ਸਿੱਧੂ ਨੇ ਕਿਹਾ ਕਿ ਸਿਰਫ ਅਕਾਲੀ ਦਲ ਹੀ ਸੂਬੇ ਦੇ ਹਿੱਤਾਂ ਦੀ ਰਾਖੀ ਕਰ ਸਕਦਾ ਹੈ ਕਿਉਂਕਿ ਲੋਕਾਂ ਨੇ ਹੋਰ ਪਾਰਟੀਆਂ ਤੋਂ ਆਸ ਗੁਆ ਲਈ ਹੈ। ਇਸ ਮੌਕੇ ਸੀਨੀਅਰ ਆਗੂ ਪ੍ਰੋ। ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਦੇ ਰਾਜ ਵਿਚ ਵਿਵਸਥਾ ਢਹਿ ਢੇਰੀ ਹੋ ਰਹੀ ਹੈ ਅਤੇ ਪ੍ਰਮੁੱਖ ਵਿਰੋਧੀ ਧਿਰ ਸੱਤਾਧਾਰੀ ਧਿਰ ਨਾਲ ਰਲ ਗਈ ਹੈ। ਸੀਨੀਅਰ ਆਗੂ ਡਾ। ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਗਰੀਬਾਂ, ਮਜ਼ਲੂਮਾਂ, ਦਬੇ ਕੁਚਲਿਆਂ, ਘੱਟ ਗਿਣਤੀਆਂ ਤੇ ਕਿਸਾਨਾਂ ਦੀ ਆਵਾਜ਼ ਹੈ। ਇਸ ਮੌਕੇ ਬੰਗਾ ਹਲਕੇ ਦੇ ਵਿਧਾਇਕ ਡਾ। ਸੁਖਵਿੰਦਰ ਸੁੱਖੀ ਤੇ ਜ਼ਿਲ੍ਹਾ ਅਕਾਲੀ ਦਲ ਪ੍ਰਧਾਨ ਸੁਖਦੀਪ ਸਿੰਘ ਵੀ ਹਾਜ਼ਰ ਸਨ।

# ਛੋਟੀ ਉਮਰ 'ਚ ਦਿੱਤੀਆਂ ਕੁਰਬਾਨੀਆਂ ਨਾਲ ਦੇਸ਼ ਅਜਾਦ ਹੋਇਆ - ਮਨੀਸ਼ ਤਿਵਾੜੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਕੁਰਬਾਨੀ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ਉਹਨਾਂ ਦੇਸ਼ ਦੀ ਅਜਾਦੀ ਲਈ ਛੋਟੀ ਉਮਰ ਵਿੱਚ ਹੀ ਬਹੁਤ ਵੱਡੀ ਕੁਰਬਾਨੀ ਦੇ ਕੇ ਦੇਸ਼ਵਾ-ਸੀਆਂ ਦਾ ਮਾਣ ਵਧਾਇਆ ਤੇ ਦੇਸ਼ ਨੂੰ ਅਜਾਦ ਕਰਵ-ਾਉਣ ਵਿਚ ਅਹਿਮ ਰੋਲ ਨਿਭਾਇਆ। ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਸ਼੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਇਹ ਸ਼ਬਦ ਪ੍ਰਗਟ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉਹਨਾਂ ਕਿਹਾ ਕਿ ਸਾਨੂੰ ਇਸ ਸਮੇਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਵਰਗੇ ਯੋਧਿਆਂ ਦੀ ਸੋਚ ਨੂੰ ਅਪਨਾਉਣ ਦੀ ਲੋੜ ਹੈ। ਜਿਹਨਾਂ ਦੇਸ਼ ਦੀ ਅਜਾਦੀ ਵਾਸਤੇ ਆਪਣੀਆਂ ਜਾਨਾਂ ਵਾਰ ਦਿੱਤੀਆਂ। ਉਹਨਾਂ ਕਿਹਾ ਕਿ ਸਾਨੂੰ ਅਜਾਦੀ ਘੁਲਾਟੀਆਂ ਦੀ ਸੋਚ ਤੇ ਅਮਲ ਕਰਨਾ ਚਾਹੀਦਾ ਹੈ। ਜਿਸ ਨਾਲ ਸਾਮਰਾਜਵਾਦ ਤੇ ਪੂੰਜੀਵਾਦ ਦਾ ਖਾਤਮਾ ਹੋਵੇਗਾ। ਉਹਨਾਂ ਦੇਸ਼ ਨੂੰ ਅਜਾਦ ਕਰਵਾਉਣ ਵਾਲੇ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਯਾਦ ਕੀਤਾ। ਜਿਹਨਾਂ ਦੇ ਬਲਿਦਾਨ ਸਦਕਾ ਅੱਜ ਅਸੀਂ ਅਜਾਦੀ ਦਾ ਸਾਹ ਲੈ ਰਹੇ ਹਾਂ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਸ਼ਹੀਦਾਂ ਦੇ ਵਿਚਾਰਾਂ ਤੇ ਚੱਲ ਕੇ ਸਮਾਜ ਦੀ ਭਲਾਈ ਲਈ ਕੰਮ ਕਰਨ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਸ਼ਹੀਦਾਂ ਨੂੰ ਸੱਚੀ ਸ਼ਰਧ-ਾਂਜਲੀ ਉਹਨਾਂ ਦੇ ਸੁਪਨਿਆਂ ਦੇ ਭਾਰਤ ਦੀ ਉਸਾਰੀ ਨਾਲ ਹੀ ਮਿਲੇਗੀ। ਇਸ ਮੌਕੇ ਤੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਸਾਬਕਾ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਸਤਵੀਰ ਸਿੰਘ ਪੱਲੀ ਝਿੱਕੀ, ਸਾਬਕਾ ਵਿਧਾਇਕ ਅੰਗਦ ਸਿੰਘ ਸੈਣੀ, ਜਿਲ੍ਹਾ ਪ੍ਰਧਾਨ ਅਜੈ ਮੰਗੂਪੁਰ, ਜਿਲ੍ਹਾ ਯੂਥ ਪ੍ਰਧਾਨ ਸੁਖਮਨਪ੍ਰੀਤ ਸਿੰਘ, ਜਿਲ੍ਹਾ ਪ੍ਰੀਸ਼ਦ ਮੈਂਬਰ ਕਮਲਜੀਤ ਸਿੰਘ, ਪ੍ਰਧਾਨ ਕੁਲਵਰਨ ਸਿੰਘ ਬੰਗਾ ਬਲਾਕ, ਪ੍ਰਧਾਨ ਰਾਮ ਦਾਸ ਸਿੰਘ ਔੜ ਬਲਾਕ, ਚੇਅਰਮੈਨ ਕੇਂਦਰੀ ਸਹਿਕਾਰੀ ਬੈਂਕ ਨਵਾਂਸ਼ਹਿਰ ਹਰਜੀਤ ਸਿੰਘ ਜਾਡਲੀ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਦਰਬਜੀਤ ਪੂਨੀਆਂ, ਰਜਿੰਦਰ ਛਿੰਦੀ, ਰਜਿੰਦਰ ਸ਼ਰਮਾ, ਕਲਸੀ ਬਹਿਰਾਮ, ਚੇਅਰਮੈਨ ਨਗਰ ਕੌਂਸਲ ਰਾਹੋਂ ਅਮਰਜੀਤ ਸਿੰਘ ਬਿੱਟਾ, ਸੁਰਜੀਤ ਸਿੰਘ ਸੋਇਤਾ, ਨਵੀਨ ਆਦੋਆਣਾ, ਉਪਕਾਰ ਸਿੰਘ, ਅਮਰੀਕ ਸਿੰਘ, ਕੇਵਲ ਕ੍ਰਿਸ਼ਨ, ਚੌਧਰੀ ਰਾਮ, ਸਰਪੰਚ ਮਲਕੀਤ ਸਿੰਘ ਧੌਲ, ਤਰਲੋਚਨ ਰੱਕੜ, ਸਰਪੰਚ ਬਲਵਿੰਦਰ ਸਿੰਘ, ਹੇਮੰਤ ਕੁਮਾਰ, ਪ੍ਰਧਾਨ ਟਿੰਕੂ ਬਲਾਚੌਰ, ਸੋਮਨਾਥ ਤਕਲਾ, ਮਨਦੀਪ ਨੀਲੇਵਾੜਾ, ਰਿੱਕੀ ਬਜਾਜ, ਹਰਪਾਲ ਸਿੰਘ ਪਠਲਾਵਾ, ਡਾਕਟਰ ਅਮਰੀਕ ਸਿੰਘ ਸੋਢੀ, ਨਿਰਮਲਜੀਤ ਸਿੰਘ ਸੋਨੂੰ, ਸਾਬੀ ਕੰਗਰੋੜ, ਰਾਜ ਕੁਮਾਰ, ਯੁੱਧਵੀਰ ਸਿੰਘ ਤੇ ਬਲਵੀਰ ਖਮਾਚੋਂ ਸਮੇਤ ਵੱਡੀ ਗਿਣਤੀ ਵਿੱਚ ਹੋਰ ਸਾਥੀ ਵੀ ਮੌਜੂਦ ਸਨ।



# ਮੈਡੀਕਲ ਪ੍ਰੈਕਟੀਸ਼ਨਰਜ ਐਸ਼ੋਸੀਏਸ਼ਨ ਪੰਜਾਬ (ਰਜਿ:295) ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ 295 ਦੇ ਸੱਦੇ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੈਂਕੜੇ ਮੈਡੀਕਲ ਪ੍ਰੈਕਟੀਸ਼ਨਰਜ਼ ਮੋਟਰ ਸਾਈਕਲਾਂ, ਕਾਰਾਂ, ਜੀਪਾਂ ਦੁਆਰਾ ਕਾਹਮਾ ਸਕੂਲ ਵਿੱਚ ਇਕੱਠੇ ਹੋਏ ਤੇ ਸ਼ਹੀਦ ਭਗਤ ਸਿੰਘ ਨੂੰ ਸਾਡਾ ਲਾਲ ਸਲਾਮ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿੰਦਾਬਾਦ ਦੇ ਨਾਅਰੇ ਮਾਰਦਾ ਹੋਇਆ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਪਿੰਡ ਖਟਕੜ ਕਲਾਂ ਵਿਖੇ ਪਹੁੰਚਿਆ ਤੇ ਸਮਾਰਕ ਤੇ ਪਹੁੰਚ ਕੇ ਸੈਂਕੜੇ ਹੀ ਡਾਕਟਰਾਂ ਨੇ ਸ਼ਹੀਦ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮੇਂ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਡਾ ਰਾਮੇਸ਼ ਬਾਲੀ ਨੇ ਕਿਹਾ ਕਿ ਸ਼ਹੀਦਾਂ ਦੀ ਵਿਚਾਰਧਾਰਾ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਨੂੰ ਖਤਮ ਕਰਕੇ ਬਰਾਬਰਤਾ ਦਾ ਸਮਾਜ ਸਿਰਜਣ ਦਾ ਸੁਪਨਾ ਸੀ। ਡਜ਼ਿਲ੍ਹਾ ਚੇਅਰਮੈਨ ਡਾ ਸੁਰਿੰਦਰ ਪਾਲ ਜੈਨਪੁਰ, ਡਾ ਪ੍ਰੇਮ ਸਲੋਹ ਜ਼ਿਲ੍ਹਾ ਸਕੱਤਰ, ਡਾ ਕਸ਼ਮੀਰ ਸਿੰਘ ਬਛੋੜੀ ਜ਼ਿਲ੍ਹਾ ਵਿੱਤ ਸਕੱਤਰ, ਇਸ ਤੋਂ ਇਲਾਵਾ ਡਾ ਬਲਬੀਰ ਸਿੰਘ ਸੂਬਾ ਕਮੇਟੀ ਮੈਂਬਰ ਸਾਰਿਆਂ ਦਾ ਧੰਨਵਾਦ ਕੀਤਾ। ਡਾ ਪਰਮਜੀਤ ਬੱਧਣ, ਡਾ ਜਸਵੀਰ ਸਿੰਘ ਗੜ੍ਹੀ, ਡਾ ਅੰਮ੍ਰਿਤ ਲਾਲ ਫਰਾਲਾ,



ਡਾ ਮੰਗਤ ਰਾਏ ਸਾਰੇ ਬਲਾਕ ਪ੍ਰਧਾਨ, ਡਾ ਅਨੁਪਿੰਦਰ ਸੂੰਢ, ਡਾ ਅਸ਼ੋਕ ਕੁਮਾਰ, ਡਾ ਗੁਰਨਾਮ ਸਿੰਘ, ਡਾ ਸਤਨਾਮ ਸਿੰਘ, ਡਾ ਦਿਲਬਾਗ ਸਿੰਘ, ਡਾ ਜਗੀਰ ਸਿੰਘ, ਡਾ ਪ੍ਰਵੀਨ ਜਾਡਲਾ, ਜ਼ਿਲ੍ਹਾ ਪ੍ਰੈਸ ਮੀਡੀਆ ਇੰਚਾਰਜ ਡਾਕਟਰ ਮਨਜਿੰਦਰ ਸੱਲਣ, ਡਾ ਬਲਵੀਰ ਮਾਨ ਪ੍ਰੈਸ ਮੀਡੀਆ ਸਕੱਤਰ ਡਾਕਟਰ ਬਲਵਿੰਦਰ ਬੈਂਸ, ਡਾ ਧਰਮਪਾਲ ਹੀਓ, ਡਾ ਮੱਖਣ ਲਾਲ ਹੀਓ, ਡਾ ਸੁਨੀਤਾ ਰਾਣੀ, ਡਾ ਗੀਤਾਂ, ਡਾ ਊਸ਼ਾ ਰਾਣੀ, ਡਾ ਗੁਰਮੇਲ ਮਜਾਰੀ, ਡਾ ਸਤਨਾਮ ਜੋਹਲ, ਡਾ ਸੁਖਵਿੰਦਰ ਨੋਰਦ, ਡਾ ਚਰਨਜੀਤ ਸੱਲ੍ਹਾ ਅਤੇ ਡਾ ਜੁਗਿੰਦਰ ਪਾਲ ਆਦਿ ਹਾਜ਼ਰ ਸਨ।

# ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਖਿਲਾਫ ਫਗਵਾੜਾ 'ਚ 'ਆਪ' ਆਗੂਆਂ ਨੇ ਕੀਤਾ ਰੋਸ ਮੁਜਾਹਰਾ

## ਭਾਜਪਾ ਦੀ ਧੱਕੇਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਦੇਵਾਂਗੇ - ਅਸ਼ੋਕ ਭਾਟੀਆ

**ਫਗਵਾੜਾ (ਬੀ.ਕੇ. ਰੱਤੂ)** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਅੱਜ 'ਆਪ' ਵਰਕਰਾਂ ਨੇ ਜ਼ਿਲ੍ਹਾ ਕਪੂਰਥਲਾ ਦੇ ਸਕੱਤਰ ਅਸ਼ੋਕ ਭਾਟੀਆ ਦੀ ਅਗਵਾਈ ਹੇਠ ਸਥਾਨਕ ਹੁਸ਼ਿਆਰਪੁਰ ਰੋਡ 'ਤੇ ਕੇਂਦਰੀ ਏਜੰਸੀ ਈ।ਡੀ। ਅਤੇ ਮੋਦੀ ਸਰਕਾਰ ਖਿਲਾਫ ਜਬਰਦਸਤ ਰੋਸ਼ ਮੁਜਾਹਰਾ ਕੀਤਾ। 'ਆਪ' ਆਗੂਆਂ ਨੇ ਹੱਥਾਂ 'ਚ ਤਖਤੀਆਂ ਫੜੀਆਂ ਸਨ, ਜਿਨ੍ਹਾਂ 'ਤੇ ਲਿਖਿਆ ਸੀ ਕਿ 'ਮੈਂ ਵੀ ਕੇਜਰੀਵਾਲ ਹਾਂ, ਮੈਨੂੰ ਗ੍ਰਿਫਤਾਰ ਕਰੋ।' ਇਸ ਦੌਰਾਨ ਅਸ਼ੋਕ ਭਾਟੀਆ ਨੇ ਕਿਹਾ ਕਿ ਇਸ ਸਮੇਂ ਦੇਸ਼ ਵਿੱਚ ਐਮਰ-ਜੈਂਸੀ ਵਰਗੇ ਹਾਲਾਤ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਲੋਕ ਸਭਾ ਚੋਣਾਂ ਜਿੱਤਣ ਲਈ ਸਾਰੀਆਂ ਹੱਦਾਂ ਪਾਰ ਕਰ ਰਹੀ ਹੈ। ਵਿਰੋਧੀ ਧਿਰ ਦੇ ਆਗੂਆਂ ਨੂੰ ਝੂਠੇ ਦੋਸ਼ਾਂ ਵਿੱਚ ਫਸਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕੇਜਰੀਵਾਲ ਦੀ ਗ੍ਰਿਫ਼ਤਾਰੀ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਹੈ ਕਿਉਂਕਿ ਭਾਜਪਾ ਨੂੰ ਦਿੱਲੀ ਦੀਆਂ ਸੱਤ ਲੋਕ ਸਭਾ ਸੀਟਾਂ 'ਤੇ ਆਪਣੀ ਹਾਰ ਸਾਫ਼ ਨਜ਼ਰ ਆ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਅਰਵਿੰਦ ਕੇਜਰੀਵਾਲ ਤੋਂ ਡਰੇ ਹੋਏ ਹਨ। ਇਹੀ ਕਾਰਨ ਹੈ ਕਿ ਮਾਮਲਾ ਅਦਾਲਤ 'ਚ ਹੋਣ ਦੇ ਬਾਵਜੂਦ ਉਹਨਾਂ ਨੂੰ ਜੇਲ੍ਹ 'ਚ ਡੱਕਣ 'ਚ ਏਨੀ ਜਲਦਬਾਜ਼ੀ ਦਿਖਾਈ ਗਈ ਜਦਕਿ ਕਲ ਹੀ ਅਦਾਲਤ ਵੱਲੋਂ ਅਗਲੇ ਮਹੀਨੇ ਸੁਣਵਾਈ ਦੀ ਤਰੀਕ ਤੈਅ ਕੀਤੀ ਗਈ ਸੀ। 'ਆਪ' ਆਗੂਆਂ ਨੇ ਕਿਹਾ ਕਿ ਭਾਜਪਾ ਦੀ ਧੱਕੇਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ ਅਤੇ ਇਸ ਮੁੱਦੇ ਨੂੰ ਲੋਕ ਸਭਾ ਚੋਣਾਂ ਵਿੱਚ ਲੋਕਾਂ ਸਾਹਮਣੇ ਪ੍ਰਮੁੱਖਤਾ ਨਾਲ ਉਠਾਇਆ ਜਾਵੇਗਾ। ਉਹਨਾਂ ਕਿਹਾ ਕਿ ਕੇਜਰੀਵਾਲ ਦੀ ਗ੍ਰਿਫਤਾਰੀ ਮੋਦੀ ਸਰਕਾਰ ਦੇ ਪਤਨ ਦਾ ਕਾਰਨ ਬਣੇਗੀ। ਇਸ ਮੌਕੇ ਇੰਪਰੂਵਮੈਂਟ ਟਰੱਸਟ ਫਗਵਾੜਾ ਦੇ ਚੇਅਰਮੈਨ ਕਸ਼ਮੀਰ ਸਿੰਘ ਮੱਲੀ ਐਡਵੋਕੇਟ, ਵਪਾਰ ਸੈਲ ਫਗਵਾੜਾ ਦੇ ਕਨਵੀਨਰ ਗੁਰਦੀਪ ਸਿੰਘ ਤੁਲੀ, ਜਿਲ੍ਹਾ ਵਿੱਤ ਸਕੱਤਰ ਹਰੀਓਮ ਗੁਪਤਾ, ਮਨਮੋਹਨ ਸਿੰਘ, ਮੱਖਣ ਸਿੰਘ, ਹਰਜਿੰਦਰ ਸਿੰਘ ਖਾਲਸਾ, ਸੁਭਾਸ਼ ਕਵਾਤਰਾ ਆਦਿ ਹਾਜ਼ਰ ਸਨ।



# ਅਰਪਨ ਸੰਸਥਾ ਵਲੋਂ ਪਿੰਡ ਮੇਘਪੁਰ ਵਿੱਚ ਲੜਕੀਆਂ ਅਤੇ ਮਹਿਲਾਵਾਂ ਲਈ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਖੋਲਿਆ

## ਸੈਂਟਰ ਦਾ ਉਦਘਾਟਨ ਸਮਾਜ ਸੇਵਕ ਅਤੇ ਰੋਟੇਰੀਅਨ ਪ੍ਰਦੀਪ ਸੋਨੀ ਅਤੇ ਪ੍ਰਵੇਸ਼ ਸੋਨੀ ਨੇ ਕੀਤਾ



ਅਰਪਨ ਸੰਸਥਾ ਵਲੋਂ ਸੋਸਵਾ ਨਾਰਥ ਪੰਜਾਬ ਦੀ ਮੱਦਦ ਨਾਲ ਪਿੰਡ ਮੇਘਪੁਰ ਵਿੱਚ ਲੜਕੀਆਂ ਅਤੇ ਮਹਿਲਾਵਾਂ ਲਈ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਖੋਲਿਆ ਗਿਆ। ਇਸ ਸੈਂਟਰ ਦਾ ਉਦਘਾਟਨ ਸਮਾਜ ਸੇਵਕ ਅਤੇ ਰੋਟੇਰੀਅਨ ਪ੍ਰਦੀਪ ਸੋਨੀ ਅਤੇ ਪ੍ਰਵੇਸ਼ ਸੋਨੀ ਨੇ ਰੀਬਨ ਕੱਟਕੇ ਕੀਤਾ। ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਯੂਥ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਇਸ ਸੈਂਟਰ ਲਈ ਅਪਣੇ ਵਲੋਂ ਹਰ ਤਰਾਂ ਦੀ ਮੱਦਦ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਮੁੱਖ ਮਹਿਮਾਨ ਪ੍ਰਦੀਪ ਸੋਨੀ ਨੇ ਕਿਹਾ ਕਿ ਪਿੰਡਾਂ ਵਿੱਚ ਲੜਕੀਆਂ ਅਤੇ ਮਹਿਲਾਵਾਂ ਲਈ ਇਸ ਤਰਾਂ ਦੇ ਸਿਖਲਾਈ ਪ੍ਰੋਗਰਾਮਾਂ ਦੀ ਬਹੁਤ ਜਰੂਰਤ ਹੈ ਤਾਂ ਜੋ ਇਸ ਤਰਾਂ ਦੀ ਸਿਖਲਾਈ ਮੁਕੰਮਲ ਕਰਨ ਤੋਂ ਬਾਦ ਲੜਕੀਆਂ ਆਰਥਿਕ ਤੋਰ ਤੇ ਆਤਮ ਨਿਰਭਰ ਹੋ ਸਕਣ। ਰੋਟੇਰੀਅਨ ਪ੍ਰਵੇਸ਼ ਸੋਨੀ ਨੇ ਕਿਹਾ ਕਿ ਸਮਾਜਿਕ ਸੰਸਥਾਵਾਂ ਸਰਕਾਰ ਦੁਆਰਾ ਚੱਲ ਰਹੀਆਂ ਵਿਕਾਸ ਸਕੀਮਾਂ ਦਾ ਲਾਭ ਅਸਲੀ ਜਰੂਰਤਮੰਦ ਲੋਕਾਂ ਤੱਕ ਪਹੁੰਚਾਣ ਲਈ ਕੰਮ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਰੋਟਰੀ ਕਲੱਬ ਵਲੋ ਵੱਖ ਵੱਖ ਸਮਾਜਿਕ ਸੰਸਥਾਵਾਂ ਨਾਲ ਮਿਲਕੇ ਕਈ ਵਿਕਾਸ ਪ੍ਰੋਜੈਕਟਾਂ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਅਰਪਨ ਵਲੋਂ ਚਲਾਏ ਜਾ ਰਹੇ ਵੱਖ ਵੱਖ ਸਿਖਲਾਈ ਪ੍ਰੋਗਰਾਮਾਂ ਸਬੰਧੀ ਦੱਸਿਆ।

ਉਨ੍ਹਾਂ ਕਿਹਾ ਕਿ ਅਜਿਹੇ ਸੈਂਟਰਾਂ ਵਿੱਚ ਹਰੇਕ ਸਿਖਿਆਰਥਣ ਨੂੰ ਸਿਖਲਾਈ ਕੋਰਸ ਮੁਕੰਮਲ ਕਰਨ ਤੋਂ ਬਾਦ ਇੱਕ ਨਵੀਂ ਸਿਲਾਈ ਮਸ਼ੀਨ ਦਿੱਤੀ ਜਾਂਦੀ ਹੈ ਤਾਂ ਜੋ ਲੜਕੀਆਂ ਸਿਖਲਾਈ ਦਾ ਕੰਮ ਕਰਕੇ ਆਰਥਿਕ ਤੋਰ ਤੇ ਆਤਮ ਨਿਰਭਰ ਹੋ ਸਕਣ ਅਤੇ ਪਰਿਵਾਰ ਦੀ ਆਮਦਨ ਵਧਾਉਣ ਵਿੱਚ ਯੋਗਦਾਨ ਪਾ ਸਕਣ। ਇਸ ਮੌਕੇ ਸਮਾਜ ਸੇਵਕ ਸਤੀਸ਼ ਮੱਲੀ ਨੇ ਕਿਹਾ ਕਿ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਮੁਹਿੰਮ ਅਧੀਨ ਸਮਾਜਿਕ-ਆਰਥਿਕ ਤੋਰ ਤੇ ਪੱਛੜੇ ਲੋਕਾਂ ਦੇ ਵਿਕਾਸ ਲਈ ਕੰਮ ਕੀਤਾ ਜਾ ਰਿਹਾ ਅਤੇ ਇਸ ਲਈ ਵੱਖ ਵੱਖ ਪਿੰਡਾਂ ਵਿੱਚ ਬੱਚਿਆਂ ਲਈ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ। ਸਰਪੰਚ ਗਿਆਨ ਚੰਦ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਇਸ ਸਿਲਾਈ ਸੈਂਟਰ ਨੂੰ ਸਫਲਤਾ ਪੂਰਬਕ ਚਲਾਉਣ ਲਈ ਹਰ ਤਰਾਂ ਦੀ ਮੱਦਦ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸਰਪੰਚ ਸੁਦੇਸ਼ ਕੁਮਾਰੀ ਅਤੇ ਯੂਥ ਕਲੱਬ ਮੈਂਬਰਾਂ ਬਲਵਿੰਦਰ ਲਾਖਾ, ਨਰਾਇਣ, ਅਮਰੀਕ ਸਿੰਘ, ਕਰਮ ਚੰਦ, ਮਨਜੀਤ ਕੁਮਾਰ ਵਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਕਟਰ ਤਾਰਾ ਚੰਦ, ਪਵਨ ਕੁਮਾਰ, ਤੇਜ ਕੁਮਾਰ, ਸਿਖਿਆਰਥਣਾਂ ਰੀਨਾ ਕੁਮਾਰੀ, ਸੁਨੀਤਾ, ਸ਼ਿਲਪਾ, ਰਜਨੀ ਬਾਲਾ, ਸੰਤੋਸ ਕੁਮਾਰੀ, ਊਸ਼ਾ, ਪੂਨਮ, ਨੇਹਾ, ਰੀਤੂ, ਚੰਦਰ ਕਾਂਤਾ, ਸਿਮਰਜੀਤ ਕੌਰ, ਨੇਹਾ, ਰੀਨਾ, ਰਿੰਕੀ, ਸੁਨੀਤਾ ਦੇਵੀ ਆਦਿ ਹਾਜਰ ਸਨ।

**ਕੁਲਦੀਪ ਚੰਦ 9417563054**

# ਭਾਕਿਯੂ ਡਕੌਂਦਾ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਵਸ ਸਾਮਰਾਜਵਾਦ ਵਿਰੋਧੀ ਕਾਨਫਰੰਸਾਂ ਕਰਕੇ ਮਨਾਇਆ

**ਚੰਡੀਗੜ੍ਹ, (ਦਲਜੀਤ ਕੌਰ)** ਮਨਜੀਤ ਸਿੰਘ ਧਨੇਰ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਪੰਜਾਬ ਦੇ 13 ਜ਼ਿਲ੍ਹਿਆਂ ਖਾਸ ਕਰ ਡੱਬਵਾਲੀ ਪੱਕੇ ਮੋਰਚੇ, ਡੀਐੱਸਪੀ ਬੁਢਲਾਡਾ ਦੇ ਦਫ਼ਤਰ ਅੱਗੇ ਕੁੱਲਰੀਆਂ ਦੇ ਕਿਸਾਨਾਂ ਦੀ ਜ਼ਮੀਨ ਦੀ ਰਾਖੀ ਲਈ ਚੱਲ ਰਹੇ ਪੱਕੇ ਮੋਰਚੇ ਅਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਸਥਲ ਹੁਸੈਨੀਵਾਲਾ ਵਿਖੇ ਸਾਮਰਾਜ ਵਿਰੋਧੀ ਸ਼ਹੀਦੀ ਕਾਨਫਰੰਸਾਂ ਕਰਕੇ ਮਨਾਇਆ ਗਿਆ। ਇਨ੍ਹਾਂ ਸ਼ਹੀਦੀ ਕਾਨਫਰੰਸਾਂ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਮਰਦ-ਔਰਤਾਂ ਦੇ ਕਾਫ਼ਲਿਆਂ ਨੇ ਪੂਰੇ ਇਨਕਲਾਬੀ ਜੋਸ਼ ਨਾਲ ਭਾਗ ਲਿਆ।

ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਦੱਸਿਆ ਕਿ ਸ਼ਹੀਦਾਂ ਵੱਲੋਂ ਲਾਇਆ 'ਇਨਕਲਾਬ- ਜ਼ਿੰਦਾਬਾਦ' ਅਤੇ 'ਸਾਮਰਾਜਵਾਦ- ਮੁਰਦਾਬਾਦ' ਦਾ ਨਾਹਰਾ ਅੱਜ ਵੀ ਉਸ ਸਮੇਂ ਜਿੰਨੀ ਹੀ ਮਹੱਤਤਾ ਰੱਖਦਾ ਹੈ। ਸਾਮਰਾਜ ਅਤੇ ਭਾਰਤੀ ਦਲਾਲ ਹਾਕਮ ਜਮਾਤਾਂ, ਸੰਸਾਰ ਵਪਾਰ ਸੰਸਥਾ ਅਤੇ ਹੋਰ ਸਾਮਰਾਜੀ ਸੰਸਥਾਵਾਂ ਰਾਹੀਂ ਭਾਰਤ ਦੇ ਖੇਤੀ/ਪੇਂਡੂ ਖੇਤਰ ਨੂੰ ਸਾਮਰਾਜੀ ਬਹੁ ਕੰਪਨੀਆਂ ਦੇ ਹਵਾਲੇ ਕਰਨਾ ਚਾਹੁੰਦੀਆਂ ਹਨ।

ਅੱਜ ਵੱਖ-ਵੱਖ ਥਾਵਾਂ ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਸੂਬਾ ਪ੍ਰਧਾਨ ਮਨਜੀਤ ਧਨੇਰ, ਸੀਨੀਅਰ ਮੀਤ ਪ੍ਰਧਾਨ ਗੁਰਦੀਪ ਰਾਮਪੁਰਾ, ਮੀਤ ਪ੍ਰਧਾਨ ਹਰੀਸ਼ ਨੱਢਾ ਨੇ ਕਿਹਾ ਕਿ ਕਿਸਾਨਾਂ-ਮਜ਼ਦੂਰਾਂ ਅਤੇ ਹੋਰ ਕਿਰਤੀ ਲੋਕਾਂ ਨੂੰ ਆਪਣੇ ਘੋਲ ਲੁਟੇਰੀਆਂ ਸਾਮਰਾਜੀ ਸੰਸਥਾਵਾਂ ਖ਼ਿਲਾਫ਼ ਸੇਧਤ ਕਰਨ ਦੀ ਲੋੜ ਹੈ। ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਵਿਚਾਰ ਭਾਰਤ ਦੀ ਕਿਸਾਨੀ ਲਹਿਰ ਵਾਸਤੇ ਚਾਨਣ ਮੁਨਾਰਾ ਹਨ। ਹੋਰਨਾਂ ਬੁਲਾਰਿਆਂ ਅੰਗਰੇਜ਼ ਸਿੰਘ ਮੁਹਾਲੀ, ਬਲਵੰਤ ਸਿੰਘ ਉੱਪਲੀ, ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀਬਾਘਾ, ਅੰਮ੍ਰਿਤਪਾਲ ਕੌਰ ਅਤੇ ਮਹਿੰਦਰ ਸਿੰਘ ਦਿਆਲਪੁਰਾ ਨੇ ਸੰ-ਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਦਾ ਮਕਸਦ ਉਨ੍ਹਾਂ ਦੀ ਵਿ-ਗਿਆਨਕ ਵਿਚਾਰਧਾਰਾ ਨੂੰ ਲੋਕ ਮਨਾਂ ਦਾ ਹਿੱਸਾ ਬਣਾਉਣਾ ਹੈ।




ਵੱਖ-ਵੱਖ ਥਾਵਾਂ 'ਤੇ ਹੋਈਆਂ ਸ਼ਹੀਦੀ ਕਾਨਫ਼ਰੰਸਾਂ ਵਿੱਚ ਸਾਰੇ ਜ਼ਿਲ੍ਹਿਆਂ ਦੇ ਆਗੂਆਂ ਨੇ ਐੱਸਕੇਐੱਮ ਦੇ ਸੱਦੇ ਅਨੁਸਾਰ ਆਉਣ ਵਾਲੀਆਂ ਪਾਰਲੀਮੈਂਟ ਚੋਣਾਂ ਮੌਕੇ ਭਾਜਪਾ ਦੀ ਕਿਸਾਨ-ਮਜ਼ਦੂਰ ਵਿਰੋਧੀ ਨੀਤੀ ਅਤੇ ਫਿਰਕੂ ਫਾਸ਼ੀ ਹੱਲੇ ਦਾ ਹਰ ਸੰਭਵ ਢੰਗ ਨਾਲ ਵਿਰੋਧ ਕਰਨ ਦਾ ਸੱਦਾ ਦਿੱਤਾ। ਮੋਦੀ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕਰਨ ਅਤੇ ਕਿਸਾਨਾਂ ਦੇ ਕਾਤਲ ਅਜੈ ਮਿਸ਼ਰਾ ਟੈਣੀ ਨੂੰ ਲਖੀਮਪੁਰ ਖੀਰੀ ਤੋਂ ਟਿਕਟ ਦੇਣ ਬਦਲੇ ਭਾਜਪਾ ਨੂੰ ਸਜ਼ਾ ਦੇਣ ਦਾ ਐਲਾਨ ਕੀਤਾ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਚੋਣ ਬਾਂਡ ਘਪਲੇ ਨੇ ਭਾਜਪਾ ਦੀ ਅਸਲੀਅਤ ਜੱਗ ਜਾਹਰ ਕਰ ਦਿੱਤੀ ਹੈ। ਇਸ ਦੀ ਪੜਤਾਲ ਸੁਪਰੀਮ ਕੋਰਟ ਵੱਲੋਂ ਸਿੱਧੇ ਤੌਰ ਤੇ ਕਰਾਈ ਜਾਣੀ ਚਾਹੀਦੀ ਹੈ।

ਕਾਨਫਰੰਸਾਂ ਵਿੱਚ ਇਕੱਤਰ ਹੋਈਆਂ ਬੀਬੀਆਂ ਅਤੇ ਕਿਸਾਨਾਂ ਮਜ਼ਦੂਰਾਂ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਆਪਣੀਆਂ ਮੰਗਾਂ ਲਈ ਸੰਘਰਸ਼ ਮਘਾਉਣ ਦਾ ਪ੍ਰਣ ਲਿਆ।

# ਸੀ ਪੀ ਆਈ (ਮਾਲੇ) ਵਲੋਂ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ ਇਨਕਲਾਬੀ ਬਦਲ ਉਸਾਰਨ ਦਾ ਸੱਦਾ ਇਨਕਲਾਬੀ ਨਾਟਕਾਂ ਦੀ ਕੀਤੀ ਪੇਸ਼ਕਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕ੍ਰੇਸੀ ਵਲੋਂ ਖਟਕੜ ਕਲਾਂ ਵਿਖੇ ਸਿਆਸੀ ਕਾਨਫਰੰਸ ਕਰਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ 'ਤੇ ਫੁੱਲ ਪੱਤੀਆਂ ਭੇਟ ਕਰਨ ਉਪਰੰਤ ਕੀਤੀ ਗਈ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਆਗੂਆਂ ਨੇ ਲੋਕਾਂ ਨੂੰ ਇਨਕਲਾਬੀ ਬਦਲ ਉਸਾਰਨ ਦਾ ਸੱਦਾ ਦਿੱਤਾ। ਇਸ ਮੌਕੇ ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਆਗੂ ਕਾਮਰੇਡ ਦਰਸ਼ਨ ਖੱਟਕੜ ਨੇ ਕਿਹਾ ਲੋਕ ਲਹਿਰਾਂ ਅੱਗੇ ਵੱਡੀਆਂ ਵੱਡੀਆਂ ਜਾਬਰ ਹਕੂਮਤਾਂ ਰੇਤ ਦੀ ਕੰਧ ਦੀ ਤਰ੍ਹਾਂ ਧਾਰਾਸ਼ਾਹੀ ਹੋ ਗਈਆਂ। ਭਾਰਤੀ ਲੋਕਾਂ ਦੀ ਮਿਹਨਤਸ਼ਕਤੀ ਅਤੇ ਦੇਸ਼ ਦੀ ਸੰਪਤੀ ਦੀ ਲੁੱਟ ਕਰ ਰਹੇ ਦੇਸੀ ਵਿਦੇਸ਼ੀ ਕਾਰਪੋਰੇਟ ਭਾਰਤੀ ਲੋਕ ਲਹਿਰਾਂ ਅੱਗੇ ਟਿਕ ਨਹੀਂ ਸਕਦੇ। ਭਾਵੇਂ ਮੋਦੀ ਸਰਕਾਰ ਇਹਨਾਂ ਦੀ ਉਮਰ ਲੰਬੀ ਕਰਨ ਲਈ ਦੇਸ਼ ਵਾਸੀਆਂ ਨੂੰ ਗੁੰਮਰਾਹ ਕਰ ਰਹੀ ਹੈ। ਉਹਨਾਂ ਕਿਹਾ ਕਿ ਪੂੰਜੀਵਾਦ ਦਾ ਗਹਿਰਾ ਸੰਕਟ ਇਨਕਲਾਬਾਂ ਨੂੰ ਵੀ ਜਨਮ ਦੇ ਸਕਦਾ ਹੈ। ਪੂੰਜੀਵਾਦੀ ਸੰਕਟ ਚੋਂ ਨਿਕਲੀ ਪਹਿਲੀ ਸੰਸਾਰ ਜੰਗ ਵਿਚੋਂ ਰੂਸੀ ਇਨਕਲਾਬ ਨਿਕਲਿਆ ਅਤੇ ਦੂਸਰੀ ਸੰਸਾਰ ਜੰਗ ਵਿਚੋਂ ਚੀਨੀ ਇਨਕਲਾਬ ਨਿਕਲਿਆ। ਸ਼ਹੀਦੇ ਆਜਮ ਸ। ਭਗਤ ਸਿੰਘ ਨੇ ਜਿਸ ਸਾਮਰਾਜਵਾਦ ਨੂੰ ਮੁਰਦਾਬਾਦ ਕਿਹਾ ਸੀ ਇਹ ਸਾਮਰਾਜਵਾਦ ਦਰਅਸਲ ਕਾਗਜ਼ੀ ਬਾਘ ਹੈ। ਯੂਰਪ ਦੇ ਸਾਮ-ਰਾਜੀ ਦੇਸ਼ਾਂ ਵਿਚ ਕਿਸਾਨਾਂ ਮਜਦੂਰਾਂ ਅਤੇ ਮੁਲਾਜਮਾਂ ਦੇ ਵੱਡੇ ਵੱਡੇ ਘੋਲ ਫੁੱਟ ਰਹੇ ਹਨ। ਉਹਨਾਂ ਕਿਹਾ ਕਿ ਕਾਰੋਬਾਰੀਆਂ ਵਲੋਂ ਖ੍ਰੀਦੇ ਗਏ ਇਲੈਕਟਰੋਲ ਬਾਂਡਾਂ ਨੇ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੇ ਚਿਹਰਿਆਂ ਤੋਂ ਨਕਾਬ ਉਤਾਰ ਕੇ ਇਹਨਾਂ




ਕਾਰੋਬਾਰੀਆਂ ਅਤੇ ਸਿਆਸੀ ਪਾਰਟੀਆਂ ਦੇ ਅਸਲ ਰਿਸ਼ਤਿਆਂ ਦਾ ਸੱਚ ਦੇਸ਼ ਵਾਸੀਆਂ ਸਾਹਮਣੇ ਨੰਗਾ ਕਰ ਦਿੱਤਾ ਹੈ। ਪਾਰਟੀ ਦੇ ਜਿਲਾ ਆਗੂ ਕੁਲਵਿੰਦਰ ਸਿੰਘ ਵੜੈਚ, ਦਲਜੀਤ ਸਿੰਘ ਐਡਵੋਕੇਟ, ਗੁਰਬਖਸ਼ ਕੌਰ ਸੰਘਾ, ਹਰੀ ਰਾਮ ਰਸੂਲਪੁਰੀ, ਕਮਲਜੀਤ ਸਨਾਵਾ ਨੇ ਕਿਹਾ ਕਿ ਦੇਸ਼ ਦੇ ਨੇਤਾਵਾਂ ਦੇ ਚਿਹਰੇ ਬਦਲਣ ਨਾਲ ਦੇਸ਼ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ। ਇਸਦੇ ਲਈ ਬਰਾਬਰਤਾ ਵਾਲਾ ਨਵਾਂ ਸਿਆਸੀ-ਆਰਥਿਕ ਢਾਂਚਾ ਉਸਾਰਨ ਲਈ ਇਨਕਲਾਬ ਕਰਨਾ ਪਵੇਗਾ। ਸ਼ਹੀਦ ਭਗਤ ਸਿੰਘ ਦੀ ਸੋਚ ਅਨੁਸਾਰ ਭਾਰਤ ਵਿਚੋਂ ਸਾਮਰਾਜੀਆਂ ਦੀ ਦਖਲਅੰਦਾਜ਼ੀ ਪੂਰੀ ਤਰ੍ਹਾਂ ਖਤਮ ਕਰਨੀ ਹੋਵੇਗੀ।ਭਗਤ ਸਿੰਘ ਨੇ ਇਨਕਲਾਬ ਜ਼ਿੰਦਾਬਾਦ ਦੇ ਨਾਲ ਸਾਮਰਾਜਵਾਦ ਮੁਰਦਾਬਾਦ ਦਾ ਨਾਹਰਾ ਲਾਇਆ ਸੀ। ਆਗੂਆਂ ਨੇ ਕਿਹਾ ਕਿ ਹਾਕਮਾਂ ਵਲੋਂ ਸ਼ਹੀਦ ਭਗਤ ਸਿੰਘ ਅਤੇ ਡਾਕਟਰ ਬੀ ਆਰ ਅੰਬੇਡਕਰ ਨੂੰ ਹਾਈ ਜੈਕ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਜਦਕਿ ਸਰਕਾਰਾਂ ਦੀਆਂ ਨੀਤੀਆਂ ਵਿਚ ਇਹਨਾਂ ਦੀ ਸੋਚ ਕਿਧਰੇ ਵੀ ਨਜਰ ਨਹੀਂ ਆਉਂਦੀ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਫਾਸ਼ੀਵਾਦੀ ਅਤੇ ਦੇਸੀ ਵਿਦੇਸ਼ੀ ਕਾਰਪੋਰੇਟ ਪੱਖੀ ਸਰਕਾਰ ਹੈ। ਜੋ ਇਕ ਤੋਂ ਬਾਅਦ ਇਕ ਸਰਕਾਰੀ ਅਦਾਰੇ ਵੇਚ ਰਹੀ ਹੈ।ਉਹਨਾਂ ਕਿਹਾ ਕਿ ਇਹ ਸਰਕਾਰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਵਿਰੋਧੀ ਸਰਕਾਰ ਹੈ। ਮੋਦੀ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਰੋਲਣ ਦਾ ਕੰਮ ਕਰ ਰਹੀ ਹੈ। ਮੋਦੀ ਸਰਕਾਰ ਦਾ ਅਜੰਡਾ ਹਿੰਦੂਆਂ ਵਿਚ ਦਹਿਸ਼ਤ ਦਾ ਮਹੌਲ ਪੈਦਾ ਕਰਕੇ ਉਹਨਾਂ ਨੂੰ ਆਪਣੇ ਨਾਲ ਲਾਉਣਾ ਚਾਹੁੰਦੀ ਹੈ। ਮੋਦੀ ਸਰਕਾਰ ਸੰਸਦ ਵਿਚ ਵਿਰੋਧੀ ਪਾਰਟੀਆਂ ਨੂੰ ਬੋਲਣ ਨਹੀਂ ਦੇ ਰਹੀ। ਈ।ਡੀ ਅਤੇ ਸੀ ਬੀ ਆਈ ਦੀ ਵਰਤੋਂ ਕਰਕੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਸੁੱਟ ਰਹੀ ਹੈ ਅਤੇ ਮਜ-ਦੂਰਾਂ, ਕਿਸਾਨਾਂ ਅਤੇ ਮੁਲਾਜ਼ਮਾਂ ਦੇ ਸੰਘਰਸ਼ਾਂ ਨੂੰ ਜਬਰ ਦੇ ਸਹਾਰੇ ਦਬਾਉਣ ਲਈ ਯਤਨਸ਼ੀਲ ਹੈ।

ਦੇਸ਼ ਵਿਚ ਆਰਥਿਕ ਪਾੜਾ, ਗਰੀਬੀ, ਮਹਿੰਗਾਈ, ਭ੍ਰਿਸ਼ਟਾਚਾਰ ਤੇਜੀ ਨਾਲ ਵਧ ਰਿਹਾ ਹੈ। ਮੋਦੀ ਸਰਕਾਰ ਜਮਹੂਰੀ ਕਦਰਾਂ ਕੀਮਤਾਂ ਨੂੰ ਪੈਰਾਂ ਹੇਠ ਰੋਲ ਰਹੀ ਹੈ। ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਗੱਲਾਂ ਦਾ ਕੜਾਹ ਬਣਾ ਰਹੀ ਹੈ।ਇਹ ਸਰਕਾਰ ਵਿਦਿਆ ਦੇ ਚਾਨਣ ਦੀ ਥਾਂ ਹਨੇਰਾ ਫੈਲਾਅ ਰਹੀ ਹੈ। ਆਗੂਆਂ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਆਜਾਦੀ ਦੀ ਇਕ ਹੋਰ ਲੜਾਈ ਲੜਨੀ ਪਵੇਗੀ।

ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਉੱਤੇ ਵਰ੍ਹਦਿਆਂ ਉਹਨਾਂ ਕਿਹਾ ਕਿ ਮਾਨ ਸਰਕਾਰ ਨੇ 11 ਮਾਰਚ ਨੂੰ ਮਜਦੂਰਾਂ ਦੇ ਰੇਲ ਰੋਕੋ ਅੰਦੋਲਨ ਨੂੰ ਦਬਾਉਣ ਲਈ ਜਾਬਰਾਨਾ ਢੰਗ ਤਰੀਕੇ ਵਰਤੇ।ਸੰਗਰੂਰ ਵਿਚ ਮਜਦੂਰਾਂ ਦੇ ਦਫਤਰ ਅਤੇ ਜਲੰਧਰ ਵਿਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਦਫਤਰ ਤੇ ਛਾਪਾ ਮਾਰਕੇ ਦਫਤਰਾਂ ਦੇ ਸਟਾਫ ਨੂੰ ਗ੍ਰਿਫਤਾਰ ਕੀਤਾ। ਆਗੂਆਂ ਦੇ ਘਰੀਂ ਛਾਪੇਮਾਰੀ ਕਰਕੇ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਘਰਾਂ ਵਿਚ ਨਜਰਬੰਦ ਕੀਤਾ। ਜਿਸਨੇ ਮਾਨ ਸਰਕਾਰ ਦਾ ਮਜਦੂਰ ਤੇ ਕਿਸਾਨ ਵਿਰੋਧੀ ਚਿਹਰਾ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਇਸ ਮੌਕੇ ਏਕਤਾ ਕਲਾ ਮੰਚ ਲਸਾੜਾ ਵਲੋਂ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।

# ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਆਦਿ ਧਰਮ ਅੰਦੋਲਨ




ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਡਾ. ਅੰਬੇਡਕਰ ਨੇ ਕਿਹਾ ਸੀ ਕਿ ''ਸਾਡੇ ਸਮਾਜ ਦੇ ਦੋ ਮੁੱਖ ਭਾਗ ਰਹੇ ਹਨ। ਇਕ ਰਾਜ ਕਰਨ ਵਾਲਿਆਂ ਦਾ ਹੈ ਤੇ ਦੂਜਾ ਉਹਨਾਂ ਦੀ ਪਰਜਾ ਦਾ। ਸਦੀਆਂ ਤੋਂ ਇਹ ਵਿਵਸਥਾ ਚਲੀ ਆ ਰਹੀਹੈ ਪਰ ਇਹ ਸਦੀਵੀ ਨਹੀਂ ਰਹਿਣੀ ਚਾਹੀਦੀ।'' ਇਸ ਅਵਸਥਾ ਨੂੰ ਬਦਲਣ ਲਈ ਹੀ ਬਾਬਾ ਸਾਹਿਬ ਨੇ ਤਾ-ਉਮਰ ਸੰਘਰਸ਼ ਕੀਤਾ। ਰਾਜ ਕਰਨ ਵਾਲੀ ਸ਼੍ਰੇਣੀ ਨੇ ਆਪਣੇ ਨਿਜੀ ਘਟੀਆ ਸਵਾਰਥਾਂ ਕਾਰਨ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਜਾਤਪਾਤ ਤੇ ਊਚ-ਨੀਚ ਦੀਆਂ ਵੰਡੀਆਂ ਪਾ ਕੇ ਲੀਰੋ ਲੀਰ ਕਰੀ ਰੱਖਿਆ, ਜਿਸ ਕਰਕੇ ਕੁਦਰਤੀ ਸਾਧਨਾਂ ਵਿਚ ਸਰਵ ਸੰਪੰਨ ਇਹ ਦੇਸ਼ ਕਮਜ਼ੋਰ ਤੇ ਗਰੀਬ ਹੀ ਬਣਿਆ ਰਿਹਾ। ਸਦੀਆਂ ਤੱਕ ਸਮਾਜ ਦੇ ਇਸ ਹਿੱਸੇ ਨੂੰ ਸ਼ੂਦਰ ਦਾ ਨਾਂ ਦੇ ਕੇ ਰੱਬ ਅਤੇ ਧਰਮ ਦੇ ਅੰਧ ਵਿਸ਼ਵਾਸੀ ਕਰੂਰ ਡੰਡੇ ਦੇ ਜ਼ੋਰ ਨਾਲ ਅਜਿਹਾ ਲੁੱਟਿਆ ਅਤੇ ਨਿਚੋੜਿਆ ਗਿਆ ਕਿ ਇਸਦੇ ਵਾਸੀ ਭੁੱਲ ਹੀ ਗਏ ਕਿ ਉਹ ਵੀ ਮਨੁੱਖ ਹੀ ਹਨ। ਮਨੁੱਖਾਂ ਦੇ ਅਧਿਕਾਰ ਦੀ ਗੱਲ ਸੋਚਣੀ ਤਾਂ ਬਹੁਤ ਦੂਰ ਵੀ ਗੱਲ ਸੀ। ਅਜਿਹੀ ਹਾਲਤ ਦੇ ਝੰਬੇ ਸਮਾਜ ਦੇ ਲੋਕਾਂ ਨੂੰ ਅੱਜ ਵੀ ਆਜ਼ਾਦੀ ਤੇ ਲੋਕਰਾਜ ਸਥਾਪਤੀ ਦੀ ਲਗਭਗ ਪੌਣੀ ਸਦੀ ਆਜ਼ਾਦੀ ਜਾਂ ਮਨੁੱਖੀ ਅਧਿਕਾਰਾਂ ਦਾ ਪੂਰਨ ਅਹਿਸਾਸ ਕਰਵਾਉਣ ਵਿਚ ਅਸਫਲ ਰਹੀ ਹੈ। ਅਜਿਹੀ ਵਿਵਸਥਾ ਦੀਆਂ ਸਥਾਪਤ ਕੀਤੀਆਂ ਗਲਤ ਕਦਰਾਂ ਕੀਮਤਾਂ ਦੇ ਖਿਲਾਫ ਜਦੋਂ ਬਾਬਾ ਸਾਹਿਬ ਸਾਰੇ ਦੇਸ਼ ਵਿਚ ਆਪਣੇ ਘੋਲ ਦੀਆਂ ਜੜ੍ਹਾਂ ਫੈਲਾ ਰਹੇ ਸਨ ਤਾਂ ਉਹਨਾਂ ਦੇ ਹੀ ਸਮਕਾਲੀ ਬਾਬੂ ਮੰਗੂ ਰਾਮ ਮੂਗੋਵਾਲੀਆ ਪੰਜਾਬ ਵਿਚ ਆਪਣੇ ਆਦਿ ਧਰਮ ਅੰਦੋਲਨ ਦੇ ਜ਼ਰੀਏ ਇਸ ਵਿਵਸਥਾ ਵਿਰੁੱਧ ਜੰਗ ਲੜ ਰਹੇ ਸਨ। ਉਹਨਾਂ ਨੇ ਬਾਬੂ ਸਾਹਿਬ ਦੇ ਘੋਲ ਦਾ ਸਮਰਥਨ ਕੀਤਾ ਤੇ ਸਮੇਂ-ਸਮੇਂ 'ਤੇ ਡਟਕੇ ਪੂਰਾ ਸਹਿਯੋਗ ਵੀ ਦਿੱਤਾ। ਇਹ ਉਹਨਾਂ ਵੱਲੋਂ ਤਿਆਰ ਕੀਤੀ ਹੋਈ ਜ਼ਮੀਨ ਹੀ ਸੀ, ਜਿਸ ਵਿਚ ਬਾਬਾ ਸਾਹਿਬ ਦਾ ਅੰਦੋਲਨ ਪੰਜਾਬ ਵਿਚ ਠਾਠਾਂ ਮਾਰ ਵਧਣ ਲੱਗਾ ਸੀ।

ਇਸ ਸੰਘਰਸ਼ਸ਼ੀਲ ਸ਼ਖਸੀਅਤ ਬਾਬੂ ਮੰਗੂ ਰਾਮ ਮੂਗੋਵਾਲੀਆ ਨੇ 14 ਜਨਵਰੀ 1886 ਨੂੰ ਮੂਗੋਵਾਲ (ਹੁਸ਼ਿਆਰਪੁਰ) ਵਿਚ ਸ੍ਰੀ ਹਰਨਾਮ ਦਾਸ ਇਕ ਦਲਿਤ ਦੇ ਘਰ ਜਨਮ ਲਿਆ। ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਬਾਕੀ ਦੇਸ਼ ਨਾਲੋਂ ਬਹੁਤ ਦੇਰ ਬਾਅਦ ਹੋਇਆ ਸੀ। ਅੰਗਰੇਜ਼ਾਂ ਦੇ ਆਉਣ ਨਾਲ ਜੋ ਵਿਦਿਆ ਸਦੀਆਂ ਤੱਕ ਅਛੂਤ ਸਮਾਜ ਤੋਂ ਦੂਰ ਰਹੀ, ਉਹ ਅੰਗਰੇਜ਼ਾਂ ਕਾਰਨ ਸ਼ੁਰੂ ਤਾਂ ਹੋ ਗਈ ਪਰ ਛੂਤਛਾਤ ਦਾ ਪਰਛਾਵਾਂ ਸਕੂਲਾਂ ਤੇ ਵੀ ਬੁਰੀ ਤਰ੍ਹਾਂ ਛਾਇਆ ਹੋਇਆ ਸੀ। ਬੁਰੇ ਵਿਵਹਾਰ ਦੇ ਹੁੰਦਿਆਂ ਵੀ ਬਾਬੂ ਮੰਗੂ ਰਾਮ ਵਰਗੇ ਵਿਰਲੇ ਟਾਂਵੇ ਸਕੂਲਾਂ ਵਿਚ ਦਾਖਲ ਹੋ ਹੀ ਰਹੇ ਸਨ। ਛੂਤਛਾਤ ਦਾ ਇਹ ਹਾਲ ਸੀ ਕਿ ਬਾਬੂ ਜੀ ਆਪਣਾ ਵੱਖਰਾ ਟਾਟ ਅਤੇ ਇਕ ਛਤਰੀ ਨਾਲ ਲੈ ਕੇ ਜਾਂਦੇ ਸਨ। ਗਰਮੀਆਂ ਵਿਚ ਬਾਕੀ ਵਿਦਿਆਰਥੀ ਛਾਵੇਂ ਬੈਠੇ ਹੁੰਦੇ ਪਰ ਬਾਬੂ ਮੰਗੂ ਰਾਮ ਧੁੱਪ ਵਿਚ ਆਪਣੀ ਛਤਰੀ ਲੈ ਕੇ ਬੈਠਣ ਲਈ ਮਜਬੂਰ ਹੁੰਦੇ। ਸਰਦੀਆਂ ਵਿਚ ਬਾਕੀ ਧੁੱਪ ਵਿਚ ਬੈਠਦੇ ਤਾਂ ਇਹਨਾਂ ਨੂੰ ਛਾਂ ਵਿਚ ਗਰਮ ਕੱਪੜਿਆਂ ਦੀ ਅਣਹੋਂਦ ਕਾਰਨ ਠੁਰ ਠੁਰ ਕਰਦਿਆਂ ਪੜ੍ਹਨਾ ਪੈਂਦਾ। ਫਿਰ ਇਕ ਦਿਨ ਤਾਂ ਇੰਤਹਾ ਹੀ ਹੋ ਗਈ ਜਦੋਂ ਤੂਫਾਨ ਤੇ ਗੜ੍ਹਿਆਂ ਕਾਰਨ ਛਤਰੀ ਟੁੱਟ ਗਈ। ਇਹ ਦੌੜ ਕੇ ਕਮਰੇ ਅੰਦਰ ਮਨਾਹੀ ਦੇ ਬਾਵਜੂਦ ਵੀ ਜਾ ਵੜੇ। ਮਾਸਟਰ ਨੇ ਇਸ ਅਵੱਗਿਆ ਕਾਰਨ ਬਹੁਤ ਬੁਰੀ ਤਰ੍ਹਾਂ ਕੁੱਟਿਆ ਤੇ ਨਾਲ ਹੀ ਆਖ ਰਿਹਾ ਸੀ ਕਿ ਜੇ ਇਹ ਚਮਾਰ-ਚੂਹੜੇ ਪੜ੍ਹਨ ਲੱਗ ਪਏ ਤਾਂ ਸਾਡੀਆਂ ਬੁੱਤੀਆਂ ਕੌਣ ਕਰੇਗਾ? ਅਗਲੇ ਦਿਨ ਸਾਰੇ ਕਮਰੇ ਨੂੰ ਗੰਗਾਜਲ ਨਾਲ ਪਵਿੱਤਰ ਕੀਤਾ ਗਿਆ। ਬਾਬੂ ਮੰਗੂ ਰਾਮ ਦੇ ਦਿਲ 'ਤੇ ਗਹਿਰੀ ਸੱਟ ਲੱਗੀ। ਸਕੂਲ ਜਾਣਾ ਬੰਦ ਕਰ ਦਿੱਤਾ ਤੇ ਨਿਰਾਸ਼ ਰਹਿਣ ਲੱਗ ਪਏ।

ਉਹਨਾਂ ਦਿਨਾਂ ਵਿਚ ਬਾਹਰ ਜਾਣ ਲਈ ਪਾਸਪੋਰਟ ਜਾਂ ਵੀਜ਼ੇ ਦੀ ਲੋੜ ਨਹੀਂ ਸੀ ਹੁੰਦੀ। ਰੁਜ਼ਗਾਰ ਲਈ ਲੋਕੀ ਦੂਰ-ਦੂਰ ਤੱਕ ਦੂਜੇ ਦੇਸ਼ਾਂ ਵਿਚ ਚਲੇ ਜਾਂਦੇ ਸਨ। ਬਾਬੂ ਜੀ ਵੀ 1909 ਵਿਚ ਅਮਰੀਕਾ ਚਲੇ ਗਏ। ਉਥੇ ਲਾਲਾ ਹਰਦਿਆਲ ਨਾਲ ਮੇਲ ਹੋਇਆ ਤਾਂ ਉਹਨਾਂ ਦੀ ਗਦਰ ਪਾਰਟੀ ਲਈ ਕੰਮ ਕਰਦੇ ਰਹੇ। ਉਥੋਂ ਦੇ ਜਾਤਪਾਤ ਰਹਿਤ ਸਮਾਜ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਫਿਰ 1915 ਵਿਚ ਲਾਲਾ ਹਰਦਿਆਲ ਤੇ ਸੋਹਨ ਸਿੰਘ ਭਕਨਾ ਦੀ ਸਲਾਹ ਨਾਲ ਆਜ਼ਾਦੀ ਦੀ ਜੰਗ ਤੇਜ਼ ਕਰਨ ਲਈ ਉਹ ਚਾਰ ਸਾਥੀਆਂ ਸਮੇਤ ਜਹਾਜ਼ ਵਿਚ ਹਥਿਆਰ ਭਰ ਕੇ ਭਾਰਤ ਲਿਆ ਰਹੇ ਸਨ ਕਿ ਅਮਰੀਕਨਾਂ ਨੇ ਛਾਪਾ ਮਾਰ ਕੇ ਫੜ ਲਿਆ। ਮੌਤ ਦੀ ਸਜ਼ਾ ਹੋ ਗਈ ਪਰ ਰਾਜ ਬਿਹਾਰੀ ਬੋਸ ਅਤੇ ਕੁਝ ਜਰਮਨਾਂ ਦੀ ਮਦਦ ਨਾਲ ਜੇਲ੍ਹ ਵਿਚੋਂ ਭੱਜ ਨਿਕਲੇ। ਮਨੀਲਾ ਤੇ ਫਿਲਪਾਈਨ ਆਦਿ ਤੋਂ ਹੁੰਦੇ ਹੋਏ ਲੁਕਦੇ ਛਿਪਦੇ 1925 ਵਿਚ ਭਾਰਤ ਪੁੱਜ ਗਏ। ਇੱਥੇ ਜਾਤਪਾਤੀ ਵਿਤਕਰਾ ਜਿਉਂ ਦੀ ਤਿਉਂ ਵੇਖ ਕੇ ਉਹ ਹੋਰ ਉਦਾਸ ਹੋ ਗਏ। ਫਿਰ ਇਕ ਦਿਨ ਇਹਨਾਂ ਦੇ ਸਾਹਮਣੇ ਇਕ ਜ਼ਿੰਮੀਦਾਰ ਦੇ ਖੇਤ ਦੇ ਲਾਗਿਉਂ ਇਕ ਅਛੂਤ ਨੂੰ ਖਾਲ ਵਿਚੋਂ ਪੱਠੇ ਵੱਢਣ ਕਾਰਨ ਜ਼ਿੰਮੀਦਾਰ ਵੱਲੋਂ ਉਸਨੂੰ ਬਹੁਤ ਮਾਰ ਪਈ ਜੋ ਉਹਨਾਂ ਦਿਨਾਂ ਵਿਚ ਆਮ ਹੋ ਗਈ ਸੀ। ਬਾਬੂ ਜੀ ਦਾ ਦਿਲ ਸਹਾਰ ਨਾ ਸਕਿਆ। ਨਿਰਾਸ਼ਤਾ ਵਿਚ ਪੰਜਾਬ ਤਿਆਗ ਦਿੱਤਾ। ਲਾਲਾ ਹਰਦਿਆਲ ਨੂੰ ਲਿਖਿਆ ਕਿ ਜਦੋਂ ਤੱਕ ਸਮਾਜ ਵਿਚ ਛੂਤਛਾਤ ਦਾ ਬੋਲਬਾਲਾ ਰਹੇਗਾ ਦੇਸ਼ ਕਦੇ ਵੀ ਆਜ਼ਾਦ ਨਹੀਂ ਹੋ ਸਕੇਗਾ। ਫਿਰ ਬੰਬਈ, ਸਿਤਾਰਾ, ਪੂਨਾ, ਨਾਗਪੁਰ, ਮਦਰਾਸ, ਕਲਕੱਤਾ, ਮਥਰਾ, ਦੇਹਰਾਦੂਨ ਆਦਿ ਥਾਵਾਂ ਤੇ ਗਏ ਅਤੇ ਵੇਖਿਆ ਕਿ ਦੇਸ਼ ਦੇ ਕਈ ਹਿੱਸਿਆਂ ਵਿਚ ਅਛੂਤ ਉਧਾਰ ਦੇ ਅੰਦੋਲਨ ਚੱਲ ਰਹੇ ਹਨ। ਮਹਾਂਰਾਸ਼ਟਰ ਵਿਚ ਡਾ. ਅੰਬੇਡਕਰ ਦੀ 'ਬਹਿਸ਼ਕ੍ਰਿਤ ਹਿਤਕਾਰਨੀ ਸਭਾ'ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਏ। ਸਭਾ ਵੱਲੋਂ ਅਛੂਤ ਵਿਦਿਆਰਥੀਆਂ ਲਈ ਇਕ ਹੋਸਟਲ ਚਲਾਇਆ ਜਾ ਰਿਹਾ ਸੀ, ਜਿਸ ਵਿਚ ਰਿਹਾਇਸ਼, ਖਾਣਾ ਤੇ ਕੱਪੜਾ ਮੁਫਤ ਦਿੱਤਾ ਜਾਂਦਾ ਸੀ। ਇਸ ਤੋਂ ਉਹ ਹੋਰ ਵੀ ਪ੍ਰਭਾਵਿਤ ਹੋ ਗਏ।

ਇਸ ਉਪਰੰਤ ਵਾਪਸ ਘਰ ਪਰਤ ਆਏ। ਪਿੰਡ ਪਿੰਡ ਘੁੰਮ ਕੇ ਅਛੂਤ ਉਧਾਰ ਦੇ ਪ੍ਰੋਗਰਾਮ ਸ਼ੁਰੂ ਕੀਤੇ। ਇਹਨਾਂ ਦੀ ਸਿਖਰ ਇਹ ਸੀ ਕਿ 11-12 ਜੂਨ 1926 ਨੂੰ ਸਾਰੀਆਂ ਅਛੂਤ ਜਾਤੀਆਂ ਨਾਲ ਸਬੰਧਤ ਲੋਕਾਂ ਦੀ ਇਕ ਬਹੁਤ ਵੱਡੀ ਕਾਨਫਰੰਸ ਪਿੰਡ ਮੂਗੋਵਾਲ (ਹੁਸ਼ਿਆਰਪੁਰ) ਵਿਚ ਸੱਦੀ ਗਈ। ਇਹ ਇਕ ਨਿਵੇਕਲਾ ਤੇ ਇਨਕਲਾਬੀ ਕਦਮ ਸੀ। ਇਸ ਵਿਚ ਹਿੰਦੂ ਧਰਮ ਦੇ ਜਾਤਪਾਤੀ ਵਿਤਕਰੇ ਤੋਂ ਛੁਟਕਾਰਾ ਪਾਉਣ ਲਈ ਇਕ ਵੱਖਰੇ ਧਰਮ 'ਆਦਿ ਧਰਮ' ਦੀ ਨੀਂਹ ਰੱਖੀ ਗਈ। ਸਾਰੀਆਂ ਅਛੂਤ ਜਾਤੀਆਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਆਪਣੇ ਹੋਰ ਧਰਮ ਭੁਲਾ ਕੇ ਇਸ ਇਕੋ ਧਰਮ ਨੂੰ ਅਪਣਾਉਣ ਅਤੇ ਆਪਸ ਵਿਚ ਭਰਾਤਰੀ ਪ੍ਰੇਮ ਭਾਵ ਪੈਦਾ ਕਰਨ। ਹਿੰਦੂ ਧਰਮ ਵੱਲੋਂ ਫੈਲਾਏ ਅੰਧ ਵਿਸ਼ਵਾਸ, ਫਜ਼ੂਲ ਦੇ ਰਸਮੋ-ਰਿਵਾਜ਼ ਅਤੇ ਵਹਿਮਾਂ ਭਰਮਾਂ ਨੂੰ ਤਿਲਾਂਜਲੀ ਦੇ ਕੇ ਸਾਦਾ ਤੇ ਸਹੀ ਸੋਚ ਵਾਲਾ ਜੀਵਨ ਬਤੀਤ ਕੀਤਾ ਜਾਵੇ। ਉਸ ਵਿਚ ਪਾਸ ਕੀਤੇ ਕੁੱਲ 25 ਮਤਿਆਂ ਦਾ ਨਿਚੋੜ ਇਸ ਤਰ੍ਹਾਂ ਸੀ:



ਆਦਿ ਧਰਮ ਮੰਡਲ ਦੀ ਸਥਾਪਨਾ ਹੋ ਚੁੱਕੀ ਹੈ, ਜਿਸਦਾ ਗ੍ਰੰਥ 'ਆਦਿ ਪ੍ਰਕਾਸ਼', ਪਵਿੱਤਰ ਸ਼ਬਦ 'ਸੋਹੰ' ਹੈ। ਹੁਣ ਸਭ ਨੇ ਆਪਸ ਵਿਚ ਮਿਲਣ ਉਤੇ 'ਜੈ ਗੁਰਦੇਵ' ਹੀ ਕਹਿਣਾ ਹੈ। ਇਸਦਾ ਮੁੱਖ ਦਫਤਰ ਜਲੰਧਰ ਵਿਚ ਹੋਵੇਗਾ। ਇਸਦੇ ਬਾਨੀ ਵਾਲਮੀਕ ਜੀ, ਰਵਿਦਾਸ ਜੀ, ਕਬੀਰ ਜੀ, ਨਾਮਦੇਵ ਜੀ ਹਨ। ਆਦਿ-ਧਰਮ ਵਿਚ ਸਭ ਇਕਮੁੱਠ ਹੋ ਕੇ ਭੀੜ ਪੈਣ ਤੇ ਇਕ ਦੂਜੇ ਦੀ ਰੱਖਿਆ ਕਰਨਗੇ। ਜੋ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦੱਸਦੇ ਹਨ, ਉਹਨਾਂ ਦਾ ਬਾਈਕਾਟ ਕੀਤਾ ਜਾਵੇਗਾ। ਅਛੂਤ ਬੱਚੇ ਘੱਟੋ-ਘੱਟ ਪ੍ਰਾਇਮਰੀ ਵਿੱਦਿਆ ਜ਼ਰੂਰ ਗ੍ਰਹਿਣ ਕਰਨਗੇ। ਗਰੀਬੀ ਕਾਰਨ ਕਿਉਂਕਿ ਮਾਪੇ ਪੜ੍ਹਾਉਣਦੇ ਸਮਰੱਥ ਨਹੀਂ ਹਨ, ਇਸ ਲਈ ਸਿੱਖਿਆ ਮੰਤਰੀ ਲਾਹੌਰ ਨੂੰ ਵਜੀਫਿਆਂ ਅਤੇ ਗਰਾਂਟਾਂ ਆਦਿ ਦਾ ਪ੍ਰਬੰਧ ਕਰਨ ਲਈ ਆਖਿਆ ਜਾਵੇਗਾ। ਇਸੇ ਤਰ੍ਹਾਂ ਸਰਕਾਰ ਨੂੰ ਕਿਹਾ ਜਾਵੇਗਾ ਕਿ ਖਾਲੀ ਜ਼ਮੀਨ ਅਛੂਤਾਂ ਵਿਚ ਵੰਡਣ ਅਤੇ ਰਈਅਤਨਾਮਾ (ਜਿਸਦੇ ਅਧੀਨ ਅਛੂਤ ਦੇ ਮਕਾਨ ਦੀ ਜ਼ਮੀਨ 'ਤੇ ਉਸਦੀ ਮਲਕੀਅਤ ਨਹੀਂ ਸੀ ਹੁੰਦੀ), ਖਤਮ ਕਰਕੇ ਅਛੂਤਾਂ ਨੂੰ ਆਪਣੇ ਮਕਾਨਾਂ ਦੇ ਮਾਲਕ ਬਣਾਇਆ ਜਾਵੇ। ਜਨਗਣਨਾ ਵਿਚ 'ਆਦਿ ਧਰਮ' ਨੂੰ ਵੱਖ ਧਰਮ ਲਿਖਿਆ ਜਾਵੇ। ਨੌਕਰੀਆਂ, ਵਿਧਾਨ ਸਭਾਵਾਂ, ਪੁਲਿਸ ਅਤੇ ਫੌਜ ਵਿਚ ਬਣਦੀ ਨੁਮਾਇੰਦਗੀ ਦਿੱਤੀ ਜਾਵੇ। ਅਛੂਤਾਂ ਨੂੰ ਦੂਜਿਆਂ ਦੇ ਬਰਾਬਰ ਲਿਆਉਣ ਤੱਕ ਦੇਸ਼ ਨੂੰ ਸਵਰਾਜ ਨਾ ਦਿੱਤਾ ਜਾਵੇ। 'ਦਇਆ ਨੰਦ ਦਲਿਤ ਉਧਾਰ ਮੰਡਲ', 'ਪਤਿਤ ਉਧਾਰ ਮੰਡਲ', 'ਅੰਤਜ ਉਧਾਰ ਮੰਡਲ', 'ਅਛੂਤ ਉਧਾਰ ਮੰਡਲ' ਆਦਿ ਅਸਲ ਵਿਚ ਅਛੂਤਾਂ ਦੇ ਉਧਾਰ ਲਈ ਨਹੀਂ ਹਨ ਸਗੋਂ ਉਹਨਾਂ ਨਾਲ ਧੋਖਾ ਹੈ, ਇਸ ਲਈ ਇਹਨਾਂ ਨੂੰ ਸਰਕਾਰ ਸਾਡੇ ਨੁਮਾਇੰਦੇ ਨਾ ਸਮਝੇ। ਉਚ ਜਾਤੀਆਂ ਵੱਲੋਂ ਅਛੂਤਾ ਦੇ ਲਾਲ ਰੰਗ ਪਹਿਨਣ ਉਤੇ ਲੱਗੀ ਪਾਬੰਦੀ ਉਠਾਈ ਜਾਵੇ। ਮਨੂੰ ਸਿਮਰਤੀ ਵਰਗੇ ਅਛੂਤਾਂ ਨੂੰ ਗੁਲਾਮ ਮੰਨਦੇ ਗ੍ਰੰਥਾਂ ਉਤੇ ਪਾਬੰਦੀ ਲਗਾਈ ਜਾਵੇ। ਬੇਗਾਰ ਬੰਦ ਕੀਤੀ ਜਾਵੇ। ਅਜਿਹਾ ਕਰਨ ਵਾਲੀ ਸਰਕਾਰ ਦੇ ਹੀ ਅਛੂਤ ਸ਼ੁਭਚਿੰਤਕ ਰਹਿਣਗੇ।

ਇੰਝ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਦੀ ਅਗਵਾਈ ਵਿਚ 11-12 ਜੂਨ 1926 ਨੂੰ ਇਹ ਇਕ ਇਨਕਲਾਬੀ ਕਦਮ ਚੁੱਕਿਆ, ਜਿਸ ਕਰਕੇ ਆਦਿ ਧਰਮ ਇਕ ਧਰਮ ਨਾ ਹੋ ਕੇ ਜ਼ਬਰਦਸਤ ਅੰਦੋਲਨ ਦੀ ਸ਼ੁਰੂਆਤ ਹੋ ਨਿਬੜਿਆ। ਅਛੂਤਾਂ ਵਿਚ ਇਕ ਨਵਾਂ ਜੋਸ਼, ਨਵੀਂ ਉਮੰਗ ਠਾਠਾਂ ਮਾਰਨ ਲੱਗੀ। ਜਿੱਥੇ ਵੀ ਜਾਂਦੇ ਜਾਂ ਮੋਰਚਾ ਲਾਉਂਦੇ ਲਾਲ ਪੱਗਾਂ ਦਾ ਹੜ੍ਹ ਜਿਹਾ ਆ ਜਾਂਦਾ। ਵਿਰੋਧੀ ਬੁਰੀ ਤਰ੍ਹਾਂ ਘਬਰਾ ਗਏ। ਅੰਦੋਲਨ ਦੇ ਪ੍ਰਚਾਰ ਪ੍ਰਸਾਰ ਲਈ ਇਕ ਪੰਜਾਬੀ ਅਤੇ ਉਰਦੂ ਵਿਚ ਹਫਤਾਵਾਰੀ ਅਖਬਾਰ 'ਆਦਿ ਡੰਕਾ' ਸ਼ੁਰੂ ਕੀਤਾ, ਜਿਸਨੇ ਅਛੂਤਾਂ ਵਿਚ ਇਕ ਨਵੀਂ ਹੀ ਸੋਚ ਭਰ ਦਿੱਤੀ। ਅਛੂਤਾਂ ਦੀ ਬਗਾਰ ਵਿਰੁੱਧ ਧਰਮਸ਼ਾਲਾ (ਹਿਮਾਚਲ) ਵਿਚ ਮੋਰਚਾ ਲਾਇਆ ਗਿਆ, ਜਿਸਦੇ ਫਲਸਰੂਪ ਬੇਗਾਰ ਬੰਦ ਹੋਈ ਅਤੇ ਮਜ਼ਦੂਰੀ ਇਕ ਆਨੇ ਤੋਂ ਡੇਢ ਰੁਪਿਆ ਕਰ ਦਿੱਤੀ ਗਈ।

ਬਾਬੂ ਮੰਗੂ ਰਾਮ ਨੇ ਅਛੂਤਾਂ ਨਾਲ ਸਬੰਧਤ ਸਥਾਨਕ ਅਤੇ ਕੌਮੀ ਮੁੱਦਿਆਂ ਉਤੇ ਮੋਰਚੇ ਅਤੇ ਕਾਨਫਰੰਸਾਂ ਨਾਲ ਹਮਲਾ ਬੋਲ ਦਿੱਤਾ। 1928 ਵਿਚ ਸਾਈਮਨ ਕਮਿਸ਼ਨ ਅੱਗੇ ਡੈਪੂਟੇਸ਼ਨ ਲੈ ਕੇ ਪੇਸ਼ ਹੋਏ ਅਤੇ ਅਛੂਤਾਂ ਦੀਆਂ ਤਕਲੀਫਾਂ ਸਾਹਮਣੇ ਰੱਖੀਆਂ। ਉਹਨਾਂ ਨੇ ਕਮਿਸ਼ਨ ਨੂੰ ਅਹਿਸਾਸ ਕਰਵਾਇਆ ਕਿ ਅਛੂਤਾਂ ਨੂੰ ਕੋਈ ਹੱਕ ਨਹੀਂ ਦਿੱਤਾ ਗਿਆ। ਉਹਨਾਂ ਨੂੰ ਕੁੱਤੇ ਬਿੱਲਿਆਂ ਤੋਂ ਵੀ ਭੈੜਾ ਗਿਣਿਆ ਜਾਂਦਾ ਹੈ। ਅਛੂਤ ਵੱਖਰੇ ਧਰਮ ਦੇ ਅਨੁਯਾਈ ਹਨ, ਉਹਨਾਂ ਨੂੰ ਹਿੰਦੂ, ਮੁਸਲਿਮ ਜਾਂ ਇਸਾਈ ਨਾ ਸਮਝਿਆ ਜਾਵੇ ਅਤੇ ਵੱਖਰਿਆਂ ਰੱਖ ਕੇ ਹੀ ਬਰਾਬਰ ਦੇ ਅਧਿਕਾਰ ਦਿੱਤੇ ਜਾਣ। ਫਿਰ 1929 ਵਿਚ ਬਾਬੂ ਜੀ ਗਵਰਨਰ ਪੰਜਾਬ ਨੂੰ 300 ਦਾ ਜਥਾ ਲੈ ਕੇ ਉਹਨਾਂ ਨੂੰ ਜਲੰਧਰ ਆਉਣ 'ਤੇ ਮਿਲੇ ਅਤੇ ਅਛੂਤਾਂ ਨੂੰ ਦਰਪੇਸ਼ ਔਕੜਾਂ ਸਬੰਧੀ ਇਕ ਯਾਦਪੱਤਰ ਦਿੱਤਾ। 1931 ਦੀ ਮਰਦਮਸ਼ੁਮਾਰੀ ਵਿਚ ਬਾਬੂ ਜੀ ਦੇ ਅੰਦੋਲਨ ਕਰਕੇ ਵੱਖਰਾ ਧਰਮ 'ਆਦਿ ਧਰਮ' ਲਿਖਵਾਉਣ ਸਦਕਾ ਦੇਸ਼ ਦੇ 7 ਕਰੋੜ ਅਛੂਤ ਜਿਹਨਾਂ ਨੂੰ ਹਿੰਦੂ ਅਤੇ ਮੁਸਲਮਾਨਾਂ ਵਿਚ ਵੰਡਣ ਦੀ ਸਾਜਿਸ਼ ਰਚੀ ਗਈ ਸੀ, ਉਹ ਸਾਜਿਸ਼ ਫੇਲ੍ਹ ਹੋ ਗਈ।

ਬਾਬੂ ਮੰਗੂ ਰਾਮ ਨੇ ਹੁਣ ਉਹ ਮੁਕਾਮ ਹਾਸਲ ਕਰ ਲਿਆ ਸੀ ਕਿ ਪੰਜਾਬ ਦੇ ਅਛੂਤ ਉਹਨਾਂ 'ਤੇ ਅਥਾਹ ਵਿਸ਼ਵਾਸ ਕਰਨ ਲੱਗ ਪਏ, ਜਿਸ ਕਰਕੇ ਉਹ ਜਿੱਧਰ ਵੀ ਮੂੰਹ ਕਰਦੇ ਸਫਲਤਾ ਹੀ ਸਫਲਤਾ ਮਿਲਣ ਲੱਗੀ। ਉਹਨਾਂ ਦੀ ਇਕ ਬਹੁਤ ਵੱਡੀ ਪ੍ਰਾਪਤੀ ਇਹ ਵੀ ਸੀ ਕਿ ਉਹਨਾਂ ਨੇ ਡਾ. ਅੰਬੇਡਕਰ ਦੇ ਅੰਦੋਲਨ ਨੂੰ ਸਹੀ ਅਰਥਾਂ ਵਿਚ ਸਮਝ ਕੇ ਉਹਨਾਂ ਦਾ ਭਰਵਾਂ ਸਾਥ ਦਿੱਤਾ। ਅੰਗਰੇਜ਼ੀ ਸਰਕਾਰ ਵੱਲੋਂ ਭਾਰਤ ਦੇ ਹਕੂਮਤੀ ਢਾਂਚੇ ਵਿਚ ਕੁਝ ਵੱਡੀਆਂ ਤਬਦੀਲੀਆਂ ਕਰਨ ਦੇ ਇਰਾਦੇ ਨਾਲ ਲਾਰਡ ਲੋਥੀਅਨ ਦੀ ਪ੍ਰਧਾਨਗੀ ਹੇਠ ਫਰੈਂਚਾਈਜ਼ ਕਮੇਟੀ ਬਣਾਈ ਗਈ ਸੀ, ਜਿਸਨੇ ਹਿੰਦੂ, ਸਿੱਖ, ਇਸਾਈ, ਅਛੂਤ ਅਤੇ ਮੁਸਲਮਾਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਕੇ ਕੁਝ ਨਿਰਣੇ ਕਰਨੇ ਸਨ। ਅਛੂਤਾਂ ਵੱਲੋਂ ਡਾ. ਅੰਬੇਡਕਰ ਨੂੰ ਨੁਮਾਇੰਦਾ ਲਿਆ ਗਿਆ ਸੀ। ਜਦੋਂ ਇਹ ਕਮੇਟੀ ਪੰਜਾਬ ਆਈ ਤਾਂ ਅਛੂਤਾਂ ਦੀ ਨਿਘਰੀ ਹੋਈ ਭਿਆਨਕ ਹਾਲਤ ਬਿਆਨ ਕਰਨ ਲਈ 'ਆਦਿ ਧਰਮ ਮੰਡਲ' ਵੱਲੋਂ ਬਾਬੂ ਮੰਗੂ ਰਾਮ ਪ੍ਰਧਾਨ, ਉਪ ਪ੍ਰਧਾਨ ਬਾਬੂ ਹੰਸ ਰਾਜ ਤੇ ਜਨਰਲ ਸਕੱਤਰ ਹਜ਼ਾਰਾ ਰਾਮ ਦੀ ਰਹਿਨੁਮਾਈ ਵਿਚ ਮੁਲਾਕਾਤ ਲਈ ਗਏ, ਨਾਲ 10 ਮੈਂਬਰੀ ਕਮੇਟੀ ਵੀ ਸੀ। ਇਹਨਾਂ ਵੱਲੋਂ ਫਰੈਂਚਾਈਜ਼ ਕਮੇਟੀ ਦੇ ਸੁਆਲਾਂ ਦੇ ਬੜੀ ਦ੍ਰਿੜ੍ਹਤਾ ਨਾਲ ਵਿਸਥਾਰ ਵਿਚ ਢੁਕਵੇਂ ਜਵਾਬ ਦਿੱਤੇ ਗਏ ਅਤੇ ਕਮੇਟੀ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਕਿ ਅਛੂਤ ਅਸਲ ਵਿਚ ਹੀ ਹਿੰਦੂ ਧਰਮ ਦਾ ਅੰਗ ਨਹੀਂ ਹਨ। ਸਗੋਂ ਇਹ ਤਾਂ ਉਹ ਲੋਕ ਹਨ ਜੋ ਹਿੰਦੂਆਂ ਹੱਥੋਂ ਹੀ ਅਣਮਨੁੱਖੀ ਵਰਤਾਓ ਕਾਰਨ ਲਗਾਤਾਰ ਅਨਿਆ ਤੇ ਅਤਿਆਚਾਰ ਸਹਿੰਦੇ ਆ ਰਹੇ ਹਨ। ਉਹਨਾਂ ਨੇ ਆਦਿ ਧਰਮ ਮੰਡਲ ਦੀ ਵੀ ਵੱਖਰੇ ਰੀਤੀ-ਰਿਵਾਜ, ਵੱਖਰਾ ਧਾਰਮਿਕ ਗ੍ਰੰਥ, ਵੱਖਰੇ ਰਹਿਬਰ ਦਰਸਾ ਕੇ ਉਸਦੀ ਵੱਖਰੀ ਪਛਾਣ ਸਾਬਤ ਕਰ ਦਿੱਤੀ। ਉਹਨਾਂ ਨੇ ਅਸੈਂਬਲੀ ਦੀ ਚੋਣ ਲਈ ਵੋਟਰ ਦੀਆਂ ਅਛੂਤਾਂ ਦੇ ਪ੍ਰਤੀਕੂਲ ਮੁਸ਼ਕਿਲ ਸ਼ਰਤਾਂ ਬਦਲ ਕੇ ਅਛੂਤਾਂ ਦੇ ਅਨੁਕੂਲ ਬਣਾਉਣ ਲਈ ਨਵੀਆਂ ਸ਼ਰਤਾਂ ਪੇਸ਼ ਕੀਤੀਆਂ। ਪਹਿਲੀਆਂ ਸ਼ਰਤਾਂ ਅਨੁਸਾਰ ਜ਼ੈਲਦਾਰ, ਸਫੈਦਪੋਸ਼ ਜਾਂ ਘੱਟੋ ਘੱਟ ਦਸ ਏਕੜ ਦਾ ਮਾਲਕ ਜ਼ਿੰਮੀਦਾਰ ਜਾਂ ਦਸਵੀਂ ਪਾਸ ਜਾਂ ਤਿੰਨ ਹਜ਼ਾਰ ਰਿਹਾਇਬੀ ਮਕਾਲ ਦੀ ਮਲਕੀਅਤ ਵਾਲਾ ਜਾਂ ਟੈਕਸ ਭਰਨ ਵਾਲਾ ਹੀ ਵੋਟਰ ਬਣ ਸਕਦਾ ਸੀ। ਇਹਨਾਂ ਵਿਚੋਂ ਅਛੂਤ ਕੋਈ ਵੀ ਸ਼ਰਤ ਪੂਰੀ ਨਹੀਂ ਸੀ ਕਰਦਾ, ਜਿਸ ਕਰਕੇ ਉਸਨੂੰ ਵੋਟ ਪਾਉਣ ਦਾ ਅਧਿਕਾਰ ਹੀ ਨਹੀਂ ਸੀ। ਨਵੀਆਂ ਸ਼ਰਤਾਂ ਵਿਚ ਪੇਸ਼ ਕੀਤਾ ਗਿਆ ਕਿ ਜਿਸਦੇ ਮਕਾਨ ਦਾ ਮਲਬਾ ਘੱਟੋ ਘੱਟ ਪੰਜਾਹ ਰੁਪਏ ਦਾ ਹੋਵੇ ਜਾਂ ਜੋ ਆਪਣੇ ਦਸਤਖਤ ਕਰ ਸਕਦਾ ਹੋਵੇ ਜਾਂ ਜੋ ਹੈਸੀਅਤ ਟੈਕਸ ਦਿੰਦਾ ਹੋਵੇ ਉਹ ਵੋਟਰ ਬਣ ਸਕਦਾ ਹੈ।

ਬਾਬੂ ਮੰਗੂ ਰਾਮ ਦੀ ਇਹ ਗੱਲ ਹਮੇਸ਼ਾ ਯਾਦ ਰੱਖਣਯੋਗ ਹੋਵੇਗੀ ਕਿ ਜਦੋਂ 1931 ਵਿਚ ਅਛੂਤਾਂ ਨੂੰ ਹੱਕ ਦਿੱਤੇ ਜਾਣ ਲਈ ਲੰਡਨ ਵਿਚ ਦੂਜੀ ਗੋਲਮੇਜ਼ ਕਾਨਰੰਸ ਹੋਣ ਵਾਲੀ ਸੀ ਤ ਅਛੂਤਾਂ ਦੇ ਨੁਮਾਇੰਦੇ ਦੇ ਸਵਾਲ ਤੇ ਹੋਏ ਬਵਾਲ ਵਿਚ ਬਾਬੂ ਜੀ ਨੇ ਡਾ. ਅੰਬੇਡਕਰ ਦਾ ਡਟ ਕੇ ਸਾਥ ਦਿੱਤਾ। ਕਾਂਗਰਸ ਵੱਲੋਂ ਮਹਾਤਮਾ ਗਾਂਧੀ ਨੂੰ ਅਛੂਤਾਂ ਦਾ ਨੁਮਾਇੰਦਾ ਬਣਾ ਕੇ ਭੇਜਿਆ ਗਿਆ ਸੀ, ਜਦੋਂ ਕਿ ਡਾ. ਅੰਬੇਡਕਰ ਪਹਿਲੀ ਕਾਨਫਰੰਸ ਵਿਚ ਅਛੂਤਾਂ ਦੀ ਵਧੀਆ ਨੁਮਾਇੰਦਗੀ ਕਰ ਚੁੱਕੇ ਸਨ ਤੇ ਹੁਣ ਫਿਰ ਅਛੂਤਾਂ ਦੇ ਨੁਮਾਇੰਦੇ ਵਜੋਂ ਪੇਸ਼ ਹੋ ਰਹੇ ਸਨ ਤੇ ਹੁਣ ਫਿਰ ਅਛੂਤਾਂ ਦੇ ਨੁਮਾਇੰਦੇ ਵਜੋਂ ਪੇਸ਼ ਹੋ ਰਹੇ ਸਨ। ਝਗੜੇ ਕਾਰਨ ਫੈਸਲਾ ਵੋਟਾਂ ਤੇ ਰੱਖਿਆ ਗਿਆ। ਬਾਬੂ ਜੀ ਵੱਲੋਂ ਤੁਰੰਤ ਕਾਰਵਾਈ ਕਰਕੇ 'ਆਦਿ ਧਰਮ ਮੰਡਲ' ਵੱਲੋਂ ਥਾਂ-ਥਾਂ ਤੋਂ ਡਾ. ਅੰਬੇਡਕਰ ਦੇ ਹੱਕ ਵਿਚ ਤਾਰਾਂ ਭਿਜਵਾਈਆਂ ਗਈਆਂ ਕਿ ਸਾਡਾ ਨੁਮਾਇੰਦਾ ਡਾ. ਅੰਬੇਡਕਰ ਹੀ ਹੈ। ਨਤੀਜੇ ਵਜੋਂ ਹੋਰ ਵੋਟਾਂ ਦੇ ਨਾਲ ਨਾਲ 'ਆਦਿ ਧਰਮ' ਦੀਆਂ ਵੋਟਾਂ ਵੀ ਪੈਣ ਕਰਕੇ ਡਾ. ਅੰਬੇਡਕਰ ਜਿੱਤ ਗਏ ਅਤੇ ਉਹਨਾਂ ਨੇ ਹੀ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ। ਗਾਂਧੀ ਅੱਗ ਬਬੂਲਾ ਹੋ ਕੇ ਭਾਰਤ ਵਾਪਸ ਪਰਤ ਆਏ। ਇਹਨਾਂ ਕਾਨਫਰੰਸਾਂ ਵਿਚ ਹੀ ਡਾ. ਅੰਬੇਡਕਰ ਨੇ ਅੰਗਰੇਜ਼ਾਂ ਨੂੰ ਆਪਣੀਆਂ ਅਕੱਟ ਦਲੀਲਾਂ ਨਾਲ ਮਨਵਾ ਕੇ ਅਛੂਤਾਂ ਲਈ ਕਮਿਊਨਲ ਐਵਾਰਡ ਪ੍ਰਾਪਤ ਕੀਤਾ। ਇਸ ਸੰਘਰਸ਼ ਵਿਚ ਬਾਬੂ ਜੀ ਦੇ ਇਸ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਕਮਿਊਨਲ ਐਵਾਰਡ ਦੇ ਵਿਰੁੱਧ ਗਾਂਧੀ ਨੇ ਮਰਨ ਵਰਤ ਰੱਖ ਦਿੱਤਾ ਕਿ ਉਹ ਅਛੂਤਾਂ ਨੂੰ ਵੱਖਰੇ ਅਧਿਕਾਰ ਨਹੀਂ ਲੈਣ ਦੇਣਗੇ ਕਿਉਂਕਿ ਉਹ ਹਿੰਦੂ ਸਮਾਜ ਦਾ ਹੀ ਇਕ ਅੰਗ ਹਨ। ਪਰ ਡਾ. ਅੰਬੇਡਕਰ ਨੇ ਅੰਗਰੇਜ਼ਾਂ ਤੋਂ ਇਹ ਗੱਲ ਮਨਵਾ ਲਈ ਸੀ ਕਿ ਅਛੂਤ ਹਿੰਦੂ ਨਹੀਂ ਹਨ, ਇਹਨਾਂ ਨੂੰ ਵੱਖਰੇ ਅਧਿਕਾਰ ਦਿੱਤੇ ਜਾਣ ਕਿਉਂਕਿ ਇਹ ਇਕ ਲੰਬੇ ਸਮੇਂ ਤੋਂ ਹਿੰਦੂਆਂ ਦੇ ਹੱਥੋਂ ਹੀ ਅੱਤਿਆਚਾਰਾਂ ਦੇ ਸ਼ਿਕਾਰ ਹੁੰਦੇ ਆ ਰਹੇ ਹਨ।

ਗਾਂਧੀ ਦੇ ਮਰਨ ਵਰਤ ਦੇ ਐਲਾਨ ਦੇ ਵਿਰੋਧ ਵਿਚ ਬਾਬੂ ਮੰਗੂ ਰਾਮ ਨੇ ਵੀ ਮਰਨ ਵਰਤ ਦੀ ਧਮਕੀ ਦੇ ਦਿੱਤੀ। ਬਹੁਤ ਦੇਰ ਦੀ ਜੱਦੋ-ਜਹਿਦ ਤੋਂ ਬਾਅਦ ਉਪਜੇ ਅਣਸੁਖਾਵੇਂ ਹਾਲਾਤ ਕਾਰਨ ਡਾ. ਅੰਬੇਡਕਰ ਨੂੰ ਕੁਝ ਮਜਬੂਰੀਆਂ ਕਾਰਨ ਗਾਂਧੀ ਨਾਲ 'ਪੂਨਾ ਪੈਕਟ' ਕਰਨਾ ਪਿਆ। ਇਸਦੇ ਅਧੀਨ ਪੰਜਾਬ ਦੇ ਹਿੱਸੇ 8 ਰਾਖਵੀਆਂ ਸੀਟਾਂ ਆਈਆਂ ਜੋ ਸਾਰੀਆਂ 'ਆਦਿ ਧਰਮ' ਵੱਲੋਂ ਜਿੱਤ ਲਈਆਂ ਗਈਆਂ।

ਬਾਬੂ ਮੰਗੂ ਰਾਮ ਜੀ ਦੀਆਂ ਘਾਲਣਾਵਾਂ ਦਾ ਜ਼ਿਕਰ ਕਰਦਿਆਂ ਬਹੁਜਨ ਨੇਤਾ ਕਾਂਸ਼ੀ ਰਾਮ ਜੀ ਨੇ ਵੀ ਇਕ ਵਾਰ ਆਖਿਆ ਸੀ ਕਿ ''ਬਾਬੂ ਜੀ ਵੱਲੋਂ ਚਲਾਈ ਆਦਿ ਧਰਮ ਲਹਿਰ ਦੀ ਸਮਾਜ ਨੂੰ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਮੈਨੂੰ ਉਹਨਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਪਰ ਬਾਅਦ ਵਿਚ ਪਤਾ ਚੱਲਿਆ ਕਿ ਉਹਨਾਂ ਨੇ ਜੰਗਲਾਂ, ਸਮੁੰਦਰਾਂ ਵਿਚ ਭੁੱਖੇ ਪਿਆਸੇ ਰਹਿ ਕੇ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਨਾਲ ਸਾਹਮਣਾ ਕੀਤਾ। ਜਦੋਂ ਬਾਬਾ ਸਾਹਿਬ ਡਾ. ਅੰਬੇਡਕਰ ਗੋਲਮੇਜ ਕਾਨਫਰੰਸਾਂ ਵਿਚ ਸਾਡੇ ਹੱਕਾਂ ਦੀ ਲੜਾਈ ਲੜ ਰਹੇ ਸਨ ਤਾਂ ਬਾਬੂ ਮੰਗੂ ਰਾਮ ਜੀ ਪੰਜਾਬ ਤੋਂ ਇਸ ਸੰਘਰਸ਼ ਵਿਚ ਆਪਣੀ ਲਹਿਰ ਰਾਹੀਂ ਪੂਰਾ ਯੋਗਦਾਨ ਪਾ ਰਹੇ ਸਨ।'' ਕਾਂਸ਼ੀ ਰਾਮ ਜੀ ਨੇ ਇਕ ਮੌਕੇ ਤੇ ਗੱਲ ਕਰਦਿਆਂ 'ਕੌਮੀ ਉਡਾਰੀਆਂ' ਦੇ ਸੰਪਾਦਕ ਸ੍ਰੀ ਸੀ. ਐਲ. ਚੁੰਬਰ (ਹੁਣ ਜਿਉਂਦੇ ਨਹੀਂ) ਅਤੇ 'ਦੇਸ਼ ਦੁਆਬਾ' ਦੇ ਹੁਣ ਦੇ ਸੰਪਾਦਕ ਸ੍ਰੀ ਪੀ. ਕੇ. ਚੁੰਬਰ ਨੂੰ ਇਹ ਵੀ ਦੱਸਿਆ ਸੀ ਕਿ ''ਜੇ ਮੈਨੂੰ ਬਾਬੂ ਮੰਗੂ ਰਾਮ ਜੀ ਬਾਰੇ ਜ਼ਿਆਦਾ ਜਾਣਕਾਰੀ ਪਹਿਲਾਂ ਹੀ ਹੁੰਦੀ ਤਾਂ ਮੈਂ ਉਹਨਾਂ ਦਾ ਜ਼ਿਕਰ ਬੜੇ ਆਦਰ ਸਹਿਤ ਆਪਣੀ ਪੁਸਤਕ 'ਚਮਚਾ ਯੁੱਗ' ਵਿਚ ਜ਼ਰੂਰ ਕਰਨਾ ਸੀ।''

(ਹਵਾਲਾ ਪੰਮੀ ਲਾਲੋਮਜਾਰਾ ਦੀ ਪੁਸਤਕ 'ਮੈਂ ਕਾਂਸ਼ੀ ਰਾਮ ਬੋਲਦਾ ਹਾਂ- ਸਫਾ 173)

ਇਸ ਤਰ੍ਹਾਂ ਬਾਬੂ ਮੰਗੂ ਰਾਮ ਜੀ ਸਾਰੀ ਉਮਰ ਸੰਘਰਸ਼ ਕਰਦਿਆਂ ਆਪਣੇ ਸਮਾਜ ਨੂੰ ਜਾਗ੍ਰਿਤ ਕਰਦਿਆਂ, ਇਕ ਸਦੀਵੀ ਸੇਧ ਦਿੰਦਿਆਂ 94 ਸਾਲ ਦੀ ਉਮਰ ਵਿਚ 22 ਅਪ੍ਰੈਲ 1980 ਨੂੰ ਸਦੀਵੀ ਵਿਛੋੜਾ ਦੇ ਗਏ। ਪਰ ਉਹਨਾਂ ਵੱਲੋਂ ਪਾਈਆਂ ਗਈਆਂ ਪੈੜਾਂ ਮਿਟਾਈਆਂ ਨਹੀਂ ਜਾ ਸਕਣਗੀਆਂ, ਜੋ ਆਉਣ ਵਾਲੇ ਪਾਂਧੀ ਨੂੰ ਹਮੇਸ਼ਾ ਦਿਸ਼ਾ ਨਿਰਦੇਸ਼ ਦਿੰਦੀਆਂ ਰਹਿਣਗੀਆਂ।

# ਕੇਜਰੀਵਾਲ ਦੀ ਗ੍ਰਿਫ਼ਤਾਰੀ ਭਰਿਸ਼ਟਾਚਾਰ ਵਿਰੁੱਧ ਮੁਹਿੰਮ ਜਾਂ ਬਦਲਾਖ਼ੋਰੀ



ਉਜਾਗਰ ਸਿੰਘ
91-94178 13072

ਪਿਛਲੇ 10 ਸਾਲਾਂ ਤੋਂ ਸਾਰੀਆਂ ਸਿਆਸੀ ਪਾਰਟੀਆਂ ਆਪਣੇ ਵਿਰੋਧੀਆਂ ਨੂੰ ਨੀਵਾਂ ਵਿਖਾਉਣ ਲਈ ਕੇਸ ਦਰਜ ਕਰਦੀਆਂ ਰਹਿੰਦੀਆਂ ਹਨ। ਇਸੇ ਸੰਧਰਵ ਵਿੱਚ ਆਮ ਆਦਮੀ ਪਾਰਟੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਬਦਲਾਖ਼ੋਰੀ ਅਤੇ ਕੇਂਦਰ ਸਰਕਾਰ ਭਰਿਸ਼ਟਾਚਾਰ ਵਿਰੁੱਧ ਕਾਰਵਾਈ ਕਹਿ ਰਹੀ ਹੈ। ਇਸ ਦਾ ਫ਼ੈਸਲਾ ਕੋਰਟ ਕਰੇਗੀ, ਪ੍ਰੰਤੂ ਸਾਡਾ ਜੁਡੀਸ਼ੀਅਲ ਸਿਸਟਮ ਜਲਦੀ ਫ਼ੈਸਲੇ ਨਹੀਂ ਕਰਦਾ, ਜਿਸ ਕਰਕੇ ਪੀੜਤ ਦਾ ਨੁਕਸਾਨ ਹੋ ਜਾਂਦਾ ਹੈ। 10- 15 ਸਾਲ ਬਾਅਦ ਬਰੀ ਹੋਣ ਦਾ ਕੋਈ ਲਾਭ ਨਹੀਂ ਹੁੰਦਾ। ਮਨੀ ਲਾਂਡਰਿੰਗ ਦੀ ਧਾਰਾ 19 ਵਿੱਚ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨਾਲ ਆਮ ਆਦਮੀ ਪਾਰਟੀ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇਸ ਤੋਂ ਪਹਿਲਾਂ ਇਸ ਸ਼ਰਾਬ ਘੁਟਾਲੇ ਵਿੱਚ ਗ੍ਰਿਫ਼ਤਾਰ ਹੋਏ ਮਨੀਸ਼ ਸਿਸੋਦੀਆਂ ਅਤੇ ਸੰਜੇ ਸਿੰਘ ਨੂੰ ਸੁਪਰੀਮ ਕੋਰਟ ਨੇ ਵੀ ਜ਼ਮਾਨਤ ਨਹੀਂ ਦਿੱਤੀ। ਮਨੀਸ਼ ਸਿਸੋਦੀਆ ਨੂੰ ਤਾਂ ਗ੍ਰਿਫ਼ਤਾਰ ਹੋਏ ਨੂੰ ਇਕ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਸ ਤੋਂ ਲੱਗਦਾ ਹੈ ਕਿ ਇਹ ਕੇਸ ਮਜ਼ਬੂਤ ਹੈ, ਜਿਸ ਕਰਕੇ ਜ਼ਮਾਨਤ ਨਹੀਂ ਮਿਲ ਰਹੀ। ਇਹ ਵੀ ਸਾਫ਼ ਹੋ ਗਿਆ ਹੈ ਕਿ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਦੀ ਤਰ੍ਹਾਂ ਅਰਵਿੰਦ ਕੇਜਰੀਵਾਲ ਨੂੰ ਵੀ ਜਲਦੀ ਕੀਤਿਆਂ ਜ਼ਮਾਨਤ ਨਹੀਂ ਮਿਲੇਗੀ। ਕਿਉਂਕਿ ਇੱਕ ਵਰਤਮਾਨ ਮੁੱਖ ਮੰਤਰੀ ਨੂੰ ਈ।ਡੀ।ਨੇ ਪੱਕੇ ਪੈਰੀਂ ਹੱਥ ਪਾਇਆ ਹੋਵੇਗਾ। ਕੇਜਰੀਵਾਲ ਤੋਂ ਪਹਿਲਾਂ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਨੂੰ ਈ।ਡੀ।ਨੇ ਗ੍ਰਿਫ਼ਤਾਰ ਕੀਤਾ ਸੀ, ਉਸ ਨੂੰ ਵੀ ਅਸਤੀਫ਼ਾ ਦੇਣਾ ਪਿਆ ਸੀ ਪ੍ਰੰਤੂ ਕੇਜਰੀਵਾਲ ਨੇ ਅਸਤੀਫ਼ਾ ਨਹੀਂ ਦਿੱਤਾ। ਆਮ ਆਦਮੀ ਨਵੀਂ ਪਾਰਟੀ ਹੈ, ਸਿਰਫ਼ ਪੰਜਾਬ ਅਤੇ ਦਿੱਲੀ ਤੱਕ ਹੀ ਸੀਮਤ ਹੈ। ਆਮ ਆਦਮੀ ਪਾਰਟੀ ਵਿਚਲੇ ਨੇਤਾ ਡੱਡੂਆਂ ਦੀ ਪੰਸੇਰੀ ਦੀ ਤਰ੍ਹਾਂ ਹਨ, ਜਿਹੜੇ ਵੱਖ ਵੱਖ ਪਾਰਟੀਆਂ ਵਿੱਚੋਂ ਨਿਕਲ ਕੇ ਆਏ ਹਨ। ਉਹ ਵਾਪਸ ਆਪੋ ਆਪਣੀਆਂ ਪਾਰਟੀਆਂ ਵਿੱਚ ਜਾ ਸਕਦੇ ਹਨ। ਸਿਆਸੀ ਮਾਹਿਰਾਂ ਅਨੁਸਾਰ ਇਹ ਪਾਰਟੀ ਜਲਦੀ ਹੀ ਖਖੜੀਆਂ ਖੱਖੜੀਆਂ ਹੋ ਜਾਵੇਗੀ। ਲੋਕ ਸਭਾ ਦੀ ਚੋਣ ਸਿਰ 'ਤੇ ਖੜ੍ਹੀ ਹੈ। ਉਮੀਦਵਾਰਾਂ ਦੀ ਚੋਣ ਕਰਨੀ ਹੈ, ਫਿਰ ਉਨ੍ਹਾਂ ਦੇ ਪ੍ਰਚਾਰ ਕਰਨ ਵਾਲਾ ਕੌਮੀ ਪੱਧਰ ਦਾ ਭਗਵੰਤ ਸਿੰਘ ਮਾਨ ਤੋਂ ਸਿਵਾਏ ਹੋਰ ਕੋਈ ਨੇਤਾ ਮੌਜੂਦ ਨਹੀਂ ਹੈ। ਅਖੌਤੀ ਇਮਾਨਦਾਰੀ ਦੀਆਂ ਨੀਂਹਾਂ 'ਤੇ ਖੜ੍ਹੀ ਕੀਤੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸ਼ਰਾਬ ਘੁਟਾਲੇ ਵਿੱਚ ਗ੍ਰਿਫ਼ਤਾਰ ਹੋਣਾ, ਉਸ ਦੇ ਕਿਰਦਾਰ ਤੇ ਧੱਬਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਆਪਣੇ ਆਪ ਨੂੰ ਇਮਾਨਦਾਰੀ ਦਾ ਬਾਦਸ਼ਾਹ ਸਮਝਣ ਵਾਲਾ ਭਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਕਿਉਂ ਗ੍ਰਿਫ਼ਤਾਰ ਹੋਇਆ ਹੈ? ਭਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਆਪਣੇ ਆਪ ਨੂੰ ਜਨਮਦਾਤਾ ਕਹਾਉਣ ਵਾਲਾ ਨੇਤਾ ਭਰਿਸ਼ਟਾਚਾਰ ਦੇ ਇਲਜ਼ਾਮ ਨਾਲ ਹੀ ਗ੍ਰਿਫ਼ਤਾਰ ਹੋ ਗਿਆ ਹੈ। ਵੈਸੇ ਤਾਂ ਹਰ ਸਿਆਸਤਦਾਨ ਆਪਣੇ ਆਪ ਨੂੰ ਸਭ ਤੋਂ ਇਮਾਨਦਾਰ ਕਹਿੰਦਾ ਹੈ, ਇਮਾਨਦਾਰ ਹੋਣਾ ਵੀ ਚਾਹੀਦਾ। ਆਪਣੇ ਆਪ ਨੂੰ ਇਮਾਨਦਾਰ ਕਹਿਣਾ ਚੰਗੀ ਗੱਲ ਹੈ ਪ੍ਰੰਤੂ ਆਪਣੇ ਤੋਂ ਬਿਨਾ ਸਾਰਿਆਂ ਨੂੰ ਭਰਿਸ਼ਟ ਕਹਿਣਾ ਚੰਗੀ ਸੋਚ ਨਹੀਂ। ਸਿਆਸਤਦਾਨ ਕਹਿਣ ਨਾਲ ਇਮਾਨਦਾਰ ਨਹੀਂ ਬਣ ਜਾਂਦਾ, ਪ੍ਰੰਤੂ ਉਸ ਦੇ ਫ਼ੈਸਲਿਆਂ ਤੇ ਵਿਵਹਾਰ ਤੋਂ ਇਮਾਨਦਾਰੀ ਪ੍ਰਤੱਖ ਵਿਖਾਈ ਵੀ ਦੇਣੀ ਚਾਹੀਦੀ ਹੈ। ਜੇ ਲੋਕਾਈ ਇਮਾਨਦਾਰ ਕਹੇ ਤਾਂ ਗੱਲ ਬਣਦੀ ਹੈ। ਜਦੋਂ ਸਿਆਸਤਦਾਨ ਆਪਣੀ ਮਰਜੀ ਅਨੁਸਾਰ ਕਾਨੂੰਨਾ ਦੀ ਵਿਆਖਿਆ ਕਰਨ ਲੱਗਦੇ ਹਨ ਤਾਂ ਉਨ੍ਹਾਂ ਦੀ ਇਮਾਨਦਾਰੀ ਸ਼ੱਕ ਦੇ ਘੇਰੇ ਵਿੱਚ ਆ ਜਾਂਦੀ ਹੈ ਅਤੇ ਇਕ ਨਾ ਇਕ ਦਿਨ ਇਮਾਨਦਾਰੀ ਪਰਦਾ ਫਾਸ਼



ਹੋ ਜਾਂਦਾ ਹੈ। ਜਿਸ ਸ਼ਰਾਬ ਦੀ ਨੀਤੀ ਕਰਕੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਨੂੰ ਅਰਵਿੰਦ ਕੇਜਰੀਵਾਲ ਦਾ ਬਰੇਨ ਚਾਈਲਡ ਕਿਹਾ ਜਾਂਦਾ ਹੈ। ਇਹ ਪਾਲਿਸੀ ਬਣਾਉਣ ਲਈ ਅਰਵਿੰਦ ਕੇਜਰੀਵਾਲ ਦੇ ਘਰ ਮੀਟਿੰਗਾਂ ਹੁੰਦੀਆਂ ਰਹੀਆਂ। ਅਰਵਿੰਦ ਕੇਜਰੀਵਾਲ ਦੀ ਅੱਖ ਦਾ ਤਾਰਾ ਮਨੀਸ਼ ਸਿਸੋਦੀਆਂ ਉਪ ਮੁੱਖ ਮੰਤਰੀ ਦਿੱਲੀ ਆਬਕਾਰੀ ਤੇ ਕਰ ਵਿਭਾਗ ਦੇ ਮੰਤਰੀ ਸਨ। 17 ਨਵੰਬਰ 2021 ਨੂੰ ਅਰਵਿੰਦ ਕੇਜਰੀਵਾਲ ਦੀ ਦਿੱਲੀ ਸਰਕਾਰ ਨੇ 2021-22 ਦੀ ਨਵੀਂ ਆਬਕਾਰੀ ਨੀਤੀ ਲਿਆਂਦੀ ਸੀ। ਰਾਜਪਾਲ ਕੋਲ ਇਸ ਨੀਤੀ ਰਾਹੀਂ ਹੋਏ ਘਪਲੇ ਦੀ ਰਿਪੋਰਟ ਮੁੱਖ ਸਕੱਤਰ ਨੇ ਭੇਜੀ ਸੀ ਤਾਂ 20 ਜੁਲਾਈ 2022 ਨੂੰ ਦਿੱਲੀ ਦੇ ਲੈਫ਼ ਗਵਰਨਰ ਕੇ।ਕੇ।ਸਕਸੈਨਾ ਨੇ ਇਸ ਨੀਤੀ ਦੀ ਪੜਤਾਲ ਕਰਨ ਲਈ ਸੀ।ਬੀ।ਆਈ। ਨੂੰ ਹੁਕਮ ਕਰ ਦਿੱਤੇ। 17 ਅਗਸਤ 2022 ਨੂੰ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ 10 ਵਿਅਕਤੀਆਂ ਵਿਰੁੱਧ ਸੀ।ਬੀ।ਆਈ। ਨੇ ਕੇਸ ਰਜਿਸਟਰ ਕੀਤਾ ਸੀ। ਦਿੱਲੀ ਸਰਕਾਰ ਨੇ ਘਬਰਾਹਟ ਵਿੱਚ ਆ ਕੇ 31 ਅਗਸਤ 2022 ਨੂੰ 9 ਮਹੀਨੇ ਬਾਅਦ ਨਵੀਂ ਨੀਤੀ ਰੱਦ ਕਰਕੇ ਪੁਰਾਣੀ ਨੀਤੀ ਲਾਗੂ ਕਰ ਦਿੱਤੀ ਸੀ। ਜੇ ਨਵੀਂ ਨੀਤੀ ਠੀਕ ਸੀ, ਫਿਰ ਉਸ ਨੂੰ ਰੱਦ ਕਿਉਂ ਕੀਤਾ? ਏਥੇ ਹੀ ਸ਼ੱਕ ਪੈਦਾ ਹੋ ਜਾਂਦੀ ਹੈ। 25 ਨਵੰਬਰ 2022 ਨੂੰ ਸੀ।ਬੀ।ਆਈ। ਨੇ ਪੜਤਾਲ ਕਰਨ ਤੋਂ ਬਾਅਦ ਕੋਰਟ ਵਿੱਚ ਚਾਰਜਸ਼ੀਟ ਦਰਜ ਕਰ ਦਿੱਤੀ। 26 ਫ਼ਰਵਰੀ 2023 ਨੂੰ ਸੀ।ਬੀ।ਆਈ।ਨੇ ਮਨੀਸ਼ ਸਿਸੋਦੀਆ ਗ੍ਰਿਫ਼ਤਾਰ ਕਰ ਲਿਆ ਗਿਆ। 28 ਫ਼ਰਵਰੀ ਨੂੰ ਮਨੀਸ਼ ਸਿਸੋਦੀਆ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 9 ਮਾਰਚ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀਸ਼ ਸਿਸੋਦੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਕੇਸ ਵਿੱਚ 100 ਕਰੋੜ ਰੁਪਏ ਦੀ ਰਿਸ਼ਵਤ ਲੈਣ ਦਾ ਦੋਸ਼ ਹੈ। ਸ਼ਰਾਬ ਦੇ ਕਾਰੋਬਾਰੀ ਸਾਊਥ ਗਰੁਪ ਨੂੰ ਇਸ ਨੀਤੀ ਅਧੀਨ ਸ਼ਰਾਬ ਦੇ ਠੇਕੇ ਦੇਣ ਲਈ ਰਿਸ਼ਵਤ ਦੇਣ ਦਾ ਇਲਜ਼ਾਮ ਹੈ। ਹੁਣ ਤੱਕ ਇਸ ਕੇਸ ਵਿੱਚ 32 ਵਿਅਕਤੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 7 ਵਿਓਪਾਰੀ, ਅਰਵਿੰਦ ਕੇਜਰੀਵਾਲ ਤੋਂ ਇਲਾਵਾ ਤਿੰਨ ਪ੍ਰਮੁੱਖ ਵਿਅਕਤੀ ਸਿਆਸਤਦਾਨ ਮਨੀਸ਼ ਸਿਸੋਦੀਆ, ਸੰਜੇ ਸਿੰਘ ਮੈਂਬਰ ਰਾਜ ਸਭਾ ਅਤੇ ਤੇਲੰਗਨਾ ਦੇ ਸਾਬਕਾ ਮੁੱਖ ਮੰਤਰੀ ਕੇ। ਚੰਦਰਾਸ਼ੇਖ਼ਰ ਦੀ ਲੜਕੀ ਕੇ.ਕਵਿਥਾ, ਈ.ਡੀ. ਨੇ ਅਰਵਿੰਦ ਕੇਜਰੀਵਾਲ ਨੂੰ 9 ਵਾਰ ਸੰਮਨ ਭੇਜ ਕੇ ਪੜਤਾਲ ਵਿੱਚ ਸ਼ਾਮਲ ਹੋਣ ਲਈ ਕਿਹਾ। ਪ੍ਰੰਤੂ ਅਰਵਿੰਦ ਕੇਜਰੀਵਾਲ ਹਰ ਵਾਰ ਸੰਮਣਾਂ ਨੂੰ ਗ਼ੈਰ ਕਾਨੂੰਨੀ ਕਹਿੰਦਾ ਰਿਹਾ। ਇੱਕ ਮੁੱਖ ਮੰਤਰੀ ਵਰਗੇ ਜ਼ਿੰਮੇਵਾਰ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਤਾਂ ਕਾਨੂੰਨ ਦਾ ਪਾਬੰਦ ਹੋਣਾ ਬਣਦਾ ਹੈ। ਉਸ ਨੂੰ ਈ.ਡੀ. ਦੇ ਬੁਲਾਉਣ 'ਤੇ ਪੜਤਾਲ ਵਿੱਚ ਸ਼ਾਮਲ ਹੋਣਾ ਚਾਹੀਦਾ ਸੀ। ਜੇਕਰ ਉਹ ਸੱਚੇ ਸੁੱਚੇ ਸਨ ਹਨ ਤਾਂ ਪੜਤਾਲ ਵਿੱਚ ਸ਼ਾਮਲ ਹੋਣ ਤੋਂ ਆਨਾਕਾਨੀ ਕਰਨਾ ਉਨ੍ਹਾਂ ਨੂੰ ਸ਼ੋਭਦਾ ਨਹੀਂ ਸੀ। ਅਖ਼ੀਰ ਉਹ ਹਾਈ ਕੋਰਟ ਵਿੱਚ ਚਲਾ ਗਿਆ। ਹਾਈਕੋਰਟ ਤੋਂ ਰਾਹਤ ਨਾ ਮਿਲਣ ਤੋਂ ਬਾਅਦ ਈ।ਡੀ।ਨੇ ਮੁੱਖ ਮੰਤਰੀ ਦੀ ਰਹਾਇਸ਼ ਤੇ ਪਹੁੰਚਕੇ ਦੋ ਘੰਟੇ ਪੁੱਛ ਪੜਤਾਲ ਕੀਤੀ। ਅਰਵਿੰਦ ਕੇਜਰੀਵਾਲ ਆਪਣੇ ਜਵਾਬਾਂ ਵਿੱਚ ਈ।ਡੀ ਅਧਿਕਾਰੀਆਂ ਨੂੰ ਸੰਤੁਸ਼ਟ ਨਹੀਂ ਕਰ ਸਕੇ, ਜਿਸ ਕਰਕੇ ਗ੍ਰਿਫ਼ਤਾਰੀ ਹੋਈ। ਅਰਵਿੰਦ ਕੇਜਰੀਵਾਲ ਦੀ ਇਮਾਨਦਾਰੀ ਤਾਂ ਸ਼ੱਕ ਦੇ ਘੇਰੇ ਵਿੱਚ ਆ ਗਈ ਹੈ। ਅਰਵਿੰਦ ਕੇਜਰੀਵਾਲ ਦੇ ਗ੍ਰਿਫ਼ਤਾਰ ਹੋਣ ਨਾਲ ਆਮ ਆਦਮੀ ਪਾਰਟੀ ਵਿੱਚ ਹੜਕੰਪ ਮੱਚ ਗਿਆ ਹੈ। ਆਮ ਆਦਮੀ ਪਾਰਟੀ ਲਈ ਅਗਲਾ ਰਸਤਾ ਸੌਖਾ ਨਹੀਂ ਹੈ ਕਿਉਂਕਿ ਅਜੇ ਤੱਕ ਉਸਨੇ ਆਪਣੀ ਪਾਰਟੀ ਦੇ ਕਿਸੇ ਵੀ ਨੇਤਾ ਨੂੰ ਸਿਆਸੀ ਤੌਰ 'ਤੇ ਉਭਰਨ ਹੀ ਨਹੀਂ ਦਿੱਤਾ। ਪਾਰਟੀ ਵਿੱਚ ਕੇਜਰੀਵਾਲ ਦੀ ਗ਼ੈਰਹਾਜ਼ਰੀ ਵਿੱਚ ਪਾਰਟੀ ਦੀ ਵਾਗ ਡੋਰ ਕੌਣ ਸੰਭਾਲੇਗਾ, ਇਹ ਸਵਾਲੀਆ ਚਿੰਨ੍ਹ ਲੱਗਾ ਹੋਇਆ ਹੈ?

ਕੀ ਪੰਜਾਬ ਦੀ ਸਿਆਸਤ 'ਤੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਕੋਈ ਪ੍ਰਭਾਵ ਪੈ ਸਕਦਾ ਹੈ? ਸਿਆਸੀ ਹਲਕਿਆ ਵਿੱਚ ਇਹ ਚਰਚਾ ਦਾ ਵਿਸ਼ਾ ਬਣਿਆਂ ਹੋਇਆ ਹੈ। ਕਿਹਾਜਾਂਦਾਹੈ ਕਿ ਦਿੱਲੀ ਦੀ ਆਬਕਾਰੀ ਪਾਲਿਸੀ ਪੰਜਾਬ ਵਿੱਚ ਵੀ ਲਾਗੂ ਕੀਤੀ ਹੋਈ ਹੈ। ਇਥੋਂ ਤੱਕ ਕਿ ਪੰਜਾਬ ਦੇ ਅਧਿਕਾਰੀਆਂ ਨੂੰ ਦਿੱਲੀ ਬੁਲਾ ਕੇ ਪੰਜਾਬ ਦੀ ਪਾਲਿਸੀ ਸੰਬੰਧੀ ਹਦਾਇਤਾਂ ਦਿੱਤੀਆਂ ਗਈਆਂ ਸਨ। ਇਸ ਲਈ ਪੰਜਾਬ ਦੇ ਤਿੰਨ ਆਈ. ਏ. ਐਸ. ਅਧਿਕਾਰੀਆਂ ਤੋਂ ਪੁੱਛ ਪੜਤਾਲ ਵੀ ਕੀਤੀ ਗਈ ਸੀ। ਸੀ.ਬੀ.ਆਈ. ਨੇ ਇਨ੍ਹਾਂ ਅਧਿਕਾਰੀਆਂ 'ਤੇ ਕੇਸ ਚਲਾਉਣ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਸੀ ਪ੍ਰੰਤੂ ਪੰਜਾਬ ਸਰਕਾਰ ਨੇ ਅਜੇ ਤੱਕ ਇਜ਼ਾਜ਼ਤ ਨਹੀਂ ਦਿੱਤੀ। ਉਨ੍ਹਾਂ ਅਧਿਕਾਰੀਆਂ 'ਤੇ ਅਜੇ ਤੱਕ ਡੀਮੋਕਲੀ ਦੀ ਤਲਵਾਰ ਲਟਕ ਰਹੀ ਹੈ। ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਦੇ ਸਿਆਸਤਦਾਨਾ ਅਤੇ ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀਆਂ ਵਿੱਚ ਡਰ ਤੇ ਸਹਿਮ ਦਾ ਵਾਤਾਵਰਨ ਬਣਿਆਂ ਹੋਇਆ ਹੈ। ਇਹ ਵੀ ਵੇਖਣ ਵਾਲੀ ਗੱਲ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਸਮੇਂ ਆਮ ਆਦਮੀ ਪਾਰਟੀ 'ਤੇ ਆਪਣੀ ਸੁਪਰੀਮੇਸੀ ਬਣਾਉਣ ਵਿੱਚ ਸਫਲ ਹੋਣਗੇ ਜਾਂ ਨਹੀਂ? ਕਿਉਂਕਿ ਆਮ ਆਦਮੀ ਪਾਰਟੀ ਦੀ ਵਿਰਾਸਤ ਵਿੱਚ ਅਰਵਿੰਦ ਕੇਜਰੀਵਾਲ ਤੋਂ ਬਾਅਦ ਦੂਜੇ ਨੰਬਰ 'ਤੇ ਭਗਵੰਤ ਸਿੰਘ ਮਾਨ ਹੀ ਆਉਂਦੇ ਹਨ।

ਦੂਜੇ ਵੱਡੇ ਲੀਡਰ ਮਨੀਸ਼ ਸਿਸੋਦੀਆ ਅਤੇ ਸੰਜੇ ਸਿੰਘ ਪਹਿਲਾਂ ਹੀ ਜੇਲ੍ਹ ਵਿੱਚ ਹਨ। ਭਗਵੰਤ ਸਿੰਘ ਮਾਨ ਲਈ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਪਾਰਟੀ ਤੇ ਆਪਣਾ ਦਬਦਬਾ ਬਣਾਉਣ ਲਈ ਸੁਨਹਿਰੀ ਮੌਕਾ ਸਾਬਤ ਹੋਵੇਗਾ। ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਰਾਘਵ ਚੱਢਾ ਪਰਨੀਤੀ ਚੋਪੜਾ ਨਾਲ ਵਿਆਹ ਤੋਂ ਬਾਅਦ ਪਾਰਟੀ ਵਿੱਚ ਬਹੁਤੇ ਸਰਗਰਮ ਨਹੀਂ ਰਹੇ ਹਨ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਉਹ ਤਾਂ ਚੋਣਾਂ ਸਮੇਂ ਇੰਗਲੈਂਡ ਵਿੱਚ ਚਲੇ ਗਏ ਹਨ। ਆਮ ਆਦਮੀ ਪਾਰਟੀ ਦੇ ਨੇਤਾ ਕੇਂਦਰ ਸਰਕਾਰ 'ਤੇ ਬਦਲਾਖ਼ੋਰੀ ਦੇ ਇਲਜ਼ਾਮ ਲਗਾ ਰਹੇ ਹਨ। ਉਹ ਇਹ ਵੀ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਸੀ.ਬੀ.ਆਈ. ਅਤੇ ਈ.ਡੀ. ਨੂੰ ਹਥਿਆਰ ਦੇ ਤੌਰ 'ਤੇ ਵਰਤ ਰਹੀ ਹੈ। ਪ੍ਰੰਤੂ ਇਹ ਆਮ ਆਦਮੀ ਪਾਰਟੀ ਦੀ ਬਦਲਾਖ਼ੋਰੀ ਬਾਰੇ ਦੋਗਲੀ ਨੀਤੀ ਹੈ। ਪੰਜਾਬ ਵਿੱਚ ਵੀ ਵਿਜੀਲੈਂਸ ਅਤੇ ਪੁਲਿਸ ਰਾਹੀਂ ਸਿਆਸਤਦਾਨਾ 'ਤੇ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਸੁੱਟ ਰਹੀ ਹੈ। ਕੇਂਦਰ ਵਿੱਚ ਬਦਲਾਖ਼ੋਰੀ ਪ੍ਰੰਤੂ ਪੰਜਾਬ ਵਿੱਚ ਬਦਲਾਖ਼ੋਰੀ ਨਹੀਂ।

ਸੁਖਪਾਲ ਸਿੰਘ ਖਹਿਰਾ ਤੇ ਵੀ ਮਨੀ ਲਾਂਡਰਿੰਗ ਦਾ ਪਰਾਣਾ ਕੇਸ ਖੋਲ੍ਹ ਲਿਆ ਸੀ, ਜਦੋਂ ਜੇਲ੍ਹ ਵਿੱਚੋਂ ਬਾਹਰ ਆਇਆ ਇਕ ਹਰ ਕੇਸ ਪਾ ਦਿੱਤਾ ਸੀ। ਆਮ ਆਦਮੀ ਪਾਰਟੀ ਦੀ ਦੋਗਲੀ ਨੀਤੀ ਸਾਹਮਣੇ ਆ ਗਈ ਹੈ। ਹੁਣ ਉਹ ਕੇਂਦਰ ਸਰਕਾਰ ਨੂੰ ਕਿਹੜੇ ਮੂੰਹ ਨਾਲ ਬਦਲਾਖ਼ੋਰੀ ਕਹਿ ਸਕਦੇ ਹਨ। ਆਮ ਆਦਮੀ ਪਾਰਟੀ ਦੀ ਪੰਜਾਬ ਅਤੇ ਦਿੱਲੀ ਸਰਕਾਰ ਲਈ ਖ਼ਤਰੇ ਦੀ ਤਲਵਾਰ ਲਟਕ ਰਹੀ ਹੈ।

# ਗੁਰਦੀਸ਼ ਕੌਰ ਗਰੇਵਾਲ ਦਾ ਕਾਵਿ ਸੰਗ੍ਰਹਿ 'ਆ ਨੀ ਚਿੜੀਏ' ਬੱਚਿਆਂ ਲਈ ਪ੍ਰੇਰਨਾ ਸ੍ਰੋਤ

**ਉਜਾਗਰ ਸਿੰਘ**

ਗੁਰਦੀਸ਼ ਕੌਰ ਗਰੇਵਾਲ ਪੰਜਾਬੀ ਦੀ ਸਮਰੱਥ ਸਾਹਿਤਕਾਰ ਹੈ। ਉਹ ਸਾਹਿਤ ਦੇ ਚਾਰ ਰੂਪਾਂ ਕਵਿਤਾ, ਗੀਤ, ਗ਼ਜ਼ਲ ਅਤੇ ਵਾਰਤਕ ਲਿਖਦੀ ਹੈ। ਉਸ ਦੀਆਂ ਹੁਣ ਤੱਕ ਅੱਧਾ ਦਰਜਨ ਤੋਂ ਵੱਧ ਕਵਿਤਾ ਅਤੇ ਵਾਰਤਕ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਮੈਨੂੰ ਉਸ ਦੀਆਂ ਸਾਰੀਆਂ ਪੁਸਤਕਾਂ ਪੜ੍ਹਨ ਦਾ ਮਾਣ ਪ੍ਰਾਪਤ ਹੈ। ਉਸ ਦੇ ਵਿਸ਼ੇ ਆਮ ਤੌਰ 'ਤੇ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਪ੍ਰਕ੍ਰਿਤੀ ਨਾਲ ਸੰਬੰਧਤ ਹੁੰਦੇ ਹਨ। ਉਹ ਮੁੱਢਲੇ ਤੌਰ 'ਤੇ ਸਿੱਖ ਧਰਮ ਨੂੰ ਪ੍ਰਣਾਈ ਹੋਈ ਸਾਹਿਤਕਾਰ ਹੈ। ਉਸ ਦੀ ਸ਼ਬਦਾਵਲੀ ਮਲਵਈ ਭਾਸ਼ਾ ਵਿੱਚ ਰੰਗੀ ਹੋਈ ਹੁੰਦੀ ਹੈ। ਉਸ ਦੀ ਹਰ ਰਚਨਾ ਵਿੱਚੋਂ ਸਿੱਖ ਧਰਮ ਦੀ ਵਿਚਾਰਧਾਰਾ ਦੀ ਖ਼ੁਸ਼ਬੋ ਆਉਂਦੀ ਹੈ। 'ਆ ਨੀ ਚਿੜੀਏ' ਬੱਚਿਆਂ ਲਈ ਉਸ ਦੀ ਇਹ ਪਲੇਠੀ ਕਾਵਿ ਪੁਸਤਕ ਹੈ। ਵਡੇਰੀ ਉਮਰ ਵਿੱਚ ਬੱਚਿਆਂ ਲਈ ਲਿਖਣਾ ਹੋਰ ਵੀ ਮੁਸ਼ਕਲ ਹੁੰਦਾ ਹੈ ਕਿਉਂਕਿ ਬੱਚਿਆਂ ਲਈ ਲਿਖਣ ਸਮੇਂ ਖੁਦ ਬੱਚਾ ਬਣਕੇ ਲਿਖਣਾ ਪੈਂਦਾ ਹੈ। ਬਚਪਨ ਦੀ ਸਥਿਤੀ ਵਿੱਚ ਪਹੁੰਚਕੇ ਲਿਖਣਾ ਪੈਂਦਾ ਹੈ ਤਾਂ ਜੋ ਬੱਚੇ ਸਮਝ ਸਕਣ। ਵੈਸੇ ਕਿੱਤੇ ਵਜੋਂ ਗੁਰਦੀਸ਼ ਕੌਰ ਗਰੇਵਾਲ ਅਧਿਆਪਕਾ ਰਹੀ ਹੈ, ਇਸ ਲਈ ਉਸ ਦਾ ਵਾਹ ਬੱਚਿਆਂ/ਵਿਦਿਆਰਥੀਆਂ ਨਾਲ ਪੈਂਦਾ ਰਿਹਾ ਹੈ। ਇਸ ਕਰਕੇ ਉਹ ਬੱਚਿਆਂ ਦੀ ਮਾਨਸਿਕਤਾ ਬਾਰੇ ਵੀ ਭਲੀ ਭਾਂਤ ਜਾਣਕਾਰੀ ਰੱਖਦੀ ਹੈ। ਗੁਰਦੀਸ਼ ਕੌਰ ਗਰੇਵਾਲ ਦੀ ਬਾਲ ਕਵਿਤਾਵਾਂ ਦੀ ਪੁਸਤਕ 'ਆ ਨੀ ਚਿੜੀਏ' ਬੱਚਿਆਂ ਲਈ ਪ੍ਰੇਰਨਾ ਸ੍ਰੋਤ ਸਾਬਤ ਹੋਵੇਗੀ। ਜਿਹੋ ਜਹੇ ਵਾਤਾਵਰਨ ਅਤੇ ਹਾਲਾਤ ਵਿੱਚ ਬੱਚੇ ਵਿਚਰਦੇ ਹਨ, ਅਰਥਾਤ ਉਨ੍ਹਾਂ ਦੀ ਪਰਵਰਿਸ਼ ਹੁੰਦੀ ਹੈ, ਬਾਲ ਕਵਿਤਾਵਾਂ ਉਹੋ ਜਹੀਆਂ ਹੀ ਸਰਲ ਭਾਸ਼ਾ ਵਿੱਚ ਹੋਣੀਆਂ ਚਾਹੀਦੀਆਂ ਹਨ। ਕਵਿਤਰੀ ਭਾਵੇਂ ਇਸ ਸਮੇਂ ਪਰਵਾਸ ਵਿੱਚ ਕੈਨੇਡਾ ਦੇ ਕੈਲਗਰੀ ਸ਼ਹਿਰ ਵਿਚ ਰਹਿ ਰਹੀ ਹੈ ਪ੍ਰੰਤੂ ਪੰਜਾਬੀ ਭਾਸ਼ਾ, ਸਭਿਅਚਾਰ ਅਤੇ ਰਹਿਤਲ ਨਾਲ ਗੜੁੱਚ ਹੈ। ਉਸ ਦਾ ਪੇਕਾ ਪਰਿਵਾਰ ਜਲੰਧਰ ਜਿਲ੍ਹੇ ਨਾਲ ਸੰਬੰਧ ਰੱਖਦਾ ਹੈ, ਜਿਸ ਕਰਕੇ ਉਸ ਦਾ ਪਾਲਣ ਪੋਸ਼ਣ ਉਥੇ ਹੀ ਹੋਇਆ ਹੈ ਪ੍ਰੰਤੂ ਉਸ ਦਾ ਵਿਆਹ ਲੁਧਿਆਣਾ ਜਿਲ੍ਹੇ ਵਿੱਚ ਹੋਣ ਕਰਕੇ ਉਸ ਨੇ ਆਪਣਾ ਸਾਰਾ ਜੀਵਨ ਲੁਧਿਆਣਾ ਵਿਖੇ ਬੱਚਿਆਂ ਨੂੰ ਪੜ੍ਹਾਉਂਦਿਆਂ ਬਸਰ ਕੀਤਾ ਹੈ। ਇਸ ਕਰਕੇ ਉਸ ਦੀ ਲੇਖਣੀ ਵਿੱਚ ਮਲਵਈ ਮਹਿਕ ਆਉਂਦੀ ਹੈ। ਉਹ ਹਮੇਸ਼ਾ ਪੰਜਾਬ ਦੀ ਮਿੱਟੀ ਦੀ ਮਹਿਕ ਖਿਲਾਰਦੀ ਰਹਿੰਦੀ ਹੈ। ਗੁਰਦੀਸ਼ ਕੌਰ ਗਰੇਵਾਲ ਦੀਆਂ ਸਾਰੀਆਂ ਬਾਲ ਕਵਿਤਾਵਾਂ ਇਨ੍ਹਾਂ ਮਾਪ ਦੰਡਾਂ 'ਤੇ ਪੂਰੀਆਂ ਉਤਰਦੀਆਂ ਹਨ। ਬੱਚਿਆਂ ਦੇ ਮਨ ਸੰਗੀਤ ਦੀਆਂ ਧੁਨਾਂ ਅਤੇ ਗੂੜ੍ਹੇ ਸ਼ੋਖ਼ ਰੰਗਾਂ ਤੋਂ ਬਹੁਤ ਜਲਦੀ ਪ੍ਰਭਾਵਤ ਹੁੰਦੇ ਹਨ। ਗੀਤ/ਕਵਿਤਾਵਾਂ ਨੂੰ ਸਮਝਣ ਲਈ ਹਰ ਕਵਿਤਾ/ਗੀਤ ਦੇ ਨਾਲ ਸ਼ੋਖ਼ ਰੰਗਾਂ ਵਾਲੇ ਚਿਤਰ ਦਿੱਤੇ ਗਏ ਹਨ। ਸ਼ੋਖ਼ ਰੰਗ ਵੀ ਬੱਚਿਆਂ ਦੇ ਮਨਾਂ ਨੂੰ ਮੋਂਹਦੇ ਹੋਏ ਅਤਿਅੰਤ ਪ੍ਰਭਾਵਤ ਕਰਦੇ ਹਨ। ਰੰਗਾਂ, ਚਿਤਰਾਂ ਅਤੇ ਕਾਵਿ ਸ੍ਰੋਦੀ ਸ਼ੈਲੀ ਵਾਲੀਆਂ ਕਵਿਤਾਵਾਂ/ਗੀਤ ਸੋਨੇ ਤੇ ਸੁਹਾਗੇ ਦਾ ਕੰਮ ਕਰਨਗੇ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ/ਗੀਤ ਵੀ ਲੈ ਬੱਧ, ਸ੍ਰੋਦੀ ਤੇ ਸੰਗੀਤਮਈ ਹਨ, ਜਿਸ ਕਰਕੇ ਇਨ੍ਹਾਂ ਦਾ ਬੱਚਿਆਂ ਦੇ ਮਨਾ 'ਤੇ ਗਹਿਰਾ ਪ੍ਰਭਾਵ ਪਵੇਗਾ। ਬੱਚਿਆਂ ਦਾ ਪੰਜਾਬੀ ਬੋਲੀ ਨਾਲ ਮੋਹ ਤੇ ਲਗਾਵ ਵਧੇਗਾ। ਕਾਵਿ ਸੰਗ੍ਰਹਿ ਦੀ ਇਹ ਵੱਡੀ ਪ੍ਰਾਪਤੀ ਹੋਵੇਗੀ ਕਿਉਂਕਿ ਅੱਜ ਕਲ੍ਹ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਪੜ੍ਹਾਉਣ ਦੀ ਪ੍ਰਵਿਰਤੀ ਭਾਰੂ ਹੈ। ਜੇਕਰ ਉਨ੍ਹਾਂ ਸਕੂਲਾਂ ਵਿੱਚ ਵੀ ਅਜਿਹੇ ਗੂੜ੍ਹੇ ਰੰਗਾਂ ਵਾਲੇ ਚਿਤਰਾਂ ਵਾਲੀਆਂ ਪੁਸਤਕਾਂ ਨਾਲ ਪੜ੍ਹਾਇਆ ਜਾਵੇ ਤਾਂ ਬੱਚੇ ਜ਼ਰੂਰ ਪੰਜਾਬੀ ਨੂੰ ਪ੍ਰਵਾਨ ਕਰਨਗੇ।




ਇਹ ਬਾਲ ਕਾਵਿ ਸੰਗ੍ਰਹਿ ਪ੍ਰਵਾਸ ਵਿੱਚ ਵਸੇ ਬੱਚਿਆਂ ਲਈ ਵੀ ਬਹੁਤ ਹੀ ਮਹੱਤਵਪੂਰਨ ਸਾਬਤ ਹੋਵੇਗਾ, ਕਿਉਂਕਿ ਬੱਚਿਆਂ ਲਈ ਇਹ ਕਵਿਤਾਵਾਂ ਉਥੇ ਦੇ ਵਾਤਾਵਰਨ ਮੁਤਾਬਕ ਬੱਚਿਆਂ ਲਈ ਅਚੰਭਾ ਹੋਣਗੀਆਂ। ਜਿਹੜੀਆਂ ਚੀਜ਼ਾਂ ਬੱਚਿਆਂ ਨੂੰ ਅਚੰਭਾ ਲਗਦੀਆਂ ਹਨ, ਉਨ੍ਹਾਂ ਵਲ ਉਹ ਜਲਦੀ ਉਤੇਜਤ ਹੁੰਦੇ ਹਨ। ਜਾਨਵਰਾਂ, ਸ਼ੇਰਾਂ, ਜੈਬਰਿਆਂ, ਲੰਗੂਰਾਂ, ਮੋਰਾਂ, ਪੰਛੀਆਂ, ਪਸ਼ੂਆਂ, ਰੰਗ ਬਿਰੰਗੇ ਫ਼ੁੱਲਾਂ, ਤਿਤਲੀਆਂ, ਪਤੰਗਾਂ, ਬੱਚਿਆਂ, ਗੁਬਾਰਿਆਂ, ਰੁੱਖਾਂ, ਸਾਈਕਲ ਚਲਾਉਂਦੇ ਬੱਚਿਆਂ, ਜਹਾਜ, ਮੰਮੀ ਪਾਪਾ ਅਤੇ ਦਾਦਾ ਦਾਦੀਆਂ ਆਦਿ ਦੀਆਂ ਤਸਵੀਰਾਂ ਬੱਚਿਆਂ ਲਈ ਖਿਚ ਦਾ ਕਾਰਨ ਬਣਨਗੀਆਂ। ਅਰਥਾਤ ਉਨ੍ਹਾਂ ਬਾਰੇ ਜਾਨਣਾ ਚਾਹੁੰਣਗੇ। ਆਧੁਨਿਕ ਯੁਗ ਦੇ ਬੱਚੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੇ ਚਾਹਵਾਨ ਹਨ। ਇਨ੍ਹਾਂ ਬਾਲ ਕਵਿਤਾਵਾਂ/ਗੀਤਾਂ ਦੀ ਇੱਕ ਹੋਰ ਖ਼ੂਬੀ ਹੈ ਕਿ ਇਨ੍ਹਾਂ ਵਿੱਚ ਵਿਗਿਆਨਕ ਸੁਰ ਵੀ ਵਿਖਾਈ ਦਿੰਦੀ ਹੈ, ਜਿਵੇ 'ਸਾਡੀ ਧਰਤੀ ਮਾਂ' ਕਵਿਤਾ ਵਿੱਚ ਧਰਤੀ ਦਾ ਪਾਣੀ ਦੇਣਾ, ਮਿੱਟੀ ਵਿੱਚੋਂ ਪੌਦੇ ਬਾਹਰ ਆਉਣੇ ਅਤੇ ਰੁੱਖਾਂ ਦਾ ਉਗਣਾ ਵਿਗਿਆਨ 'ਤੇ ਅਧਾਰਤ ਅਟੱਲ ਸਚਾਈਆਂ ਹਨ। ਕਵਿਤਾਵਾਂ ਦੀ ਵਿਗਿਆਨਕ ਸੁਰ ਸਾਡੀ ਧਰਤੀ ਮਾਂ ਕਵਿਤਾ ਵਿੱਚ ਵਿਖਾਈ ਦਿੰਦੀ ਹੈ, ਜਦੋਂ ਮਵਿਤਰੀ ਲਿਖਦੀ ਹੈ:

ਧਰਤੀ ਮਾਂ ਦੀ ਅਜਬ ਕਹਾਣੀ, ਦਿੰਦੀ ਸਾਨੂੰ ਦਾਣਾ ਪਾਣੀ।
ਮਿੱਟੀ ਦੇ ਵਿੱਚ ਬੀਜ ਲੁਕਾਏ, ਬਣ ਕੇ ਪੌਦੇ ਬਾਹਰ ਆਏ।
ਘਲ ਫ਼ੁੱਲੇ ਸਬਜ਼ੀ ਦੇਵ, ਦਾਲਾਂ ਚੌਲ ਤੇ ਸੁੱਕੇ ਮੇਵੇ।

ਇਸੇ ਤਰ੍ਹਾ 'ਇੱਕ ਰੁੱਖ ਸੌ ਸੁੱਖ' ਕਵਿਤਾ ਵੀ ਵਿਗਿਆਨਕ ਲੀਹਾਂ 'ਤੇ ਹੈ:

ਸਾਡੇ ਪਿਛਵਾੜੇ ਹੈ ਰੁੱਖ, ਸਾਨੂੰ ਦਿੰਦਾ ਸੁੱਖ।
ਜਦ ਮੈਂ ਧੁੱਪੇ ਸੜਦਾ ਹੋਵਾਂ, ਭੱਜ ਕੇ ਰੁੱਖ ਦੇ ਹੇਠ ਖਲੋਵਾਂ।

ਕੁਦਰਤ ਦੇ ਕ੍ਰਿਸ਼ਿਮਿਆਂ ਬਾਰੇ ਵੀ ਕਵਿਤਾਵਾਂ ਹਨ, ਜਿਨ੍ਹਾਂ ਨੂੰ ਬੱਚੇ ਪਸੰਦ ਕਰਦੇ ਹਨ। ਆਧੁਨਿਕ ਸਮੇਂ ਦੇ ਬੱਚੇ ਸਚਾਈ ਤੋਂ ਦੂਰ ਦੀਆਂ ਗੱਲਾਂ 'ਤੇ ਯਕੀਨ ਨਹੀਂ ਕਰਦੇ। 'ਆ ਨੀ ਚਿੜੀਏ ' ਕਾਵਿ ਸੰਗ੍ਰਹਿ ਵਿੱਚ 29 ਗੀਤ/ਕਵਿਤਾਵਾਂ ਹਨ। ਕਾਵਿ ਸੰਗ੍ਰਹਿ ਦਾ ਨਾਮ 'ਆ ਨੀ ਚਿੜੀਏ' ਬਹੁਤ ਹੀ ਢੁਕਵਾਂ ਹੈ। ਚਿੜੀ ਬੱਚਿਆਂ ਲਈ ਮਨਮੋਹਕ ਤੇ ਅਚੰਭਾ ਹੁੰਦੀ ਹੈ। 'ਚਿੜੀਆ ਘਰ ਦੀ ਸੈਰ' ਵਰਗੀ ਕਵਿਤਾ ਪੜ੍ਹਕੇ ਬੱਚੇ ਜਾਨਵਰਾਂ ਨੂੰ ਵੇਖਣ ਦੇ ਇੱਛਕ ਹੋਣਗੇ ਅਤੇ ਇਨ੍ਹਾਂ ਜਾਨਵਰਾਂ ਰਾਹੀਂ ਆਪਣੀ ਵਿਰਾਸਤ ਦੀ ਜਾਣਕਾਰੀ ਪ੍ਰਾਪਤ ਕਰਨਗੇ। ਕਵਿਤਾਵਾਂ/ਗੀਤਾਂ ਦੇ ਸਿਰਲੇਖ ਵੀ ਰੋਜ਼ਾਨਾ ਜੀਵਨ ਵਿੱਚੋਂ ਲਏ ਗਏ ਹਨ, ਜਿਨ੍ਹਾਂ ਦਾ ਬੱਚਿਆਂ ਨਾਲ ਹਰ ਰੋਜ਼ ਵਾਹ ਪੈਂਦਾ ਹੈ। ਉਦਾਹਰਣ ਲਈ ਮੇਰੇ ਡੈਡੀ, ਮੇਰੀ ਮੰਮੀ, ਮੇਰਾ ਸਾਈਕਲ, ਜਨਮ ਦਿਨ, ਦਾਦਾ-ਦਾਦੀ, ਚੰਦ ਤੇ ਤਾਰੇ, ਇਕ ਸੀ ਚਿੜੀ, ਰੱਬਾ ਰੱਬਾ ਮੀਂਹ ਵਰ੍ਹਾ, ਰੰਗ ਬਰੰਗੇ ਫੁੱਲ, ਸਾਡੀ ਧਰਤੀ ਮਾਂ, ਨੰਨ੍ਹੀ ਪਰੀ, ਆ ਨੀ ਤਿਤਲੀ ਅਤੇ ਆਓ ਪਤੰਗ ਉਡਾਈਏ ਆਦਿ।

32 ਪੰਨਿਆਂ, 10 ਡਾਲਰ ਕੀਮਤ, ਵਿਲੱਖਣ ਰੰਗਦਾਰ ਮੁੱਖ ਕਵਰ ਵਾਲਾ ਇਹ ਬਾਲ ਕਾਵਿ ਸੰਗ੍ਰਹਿ ਗੋਸਲ ਪ੍ਰਕਾਸ਼ਨ, ਪਿੰਡ ਗੋਸਲ, ਡਾਕ : ਸਹਾਰਨ ਮਾਜਰਾ, ਤਹਿਸੀਲ : ਪਾਇਲ, ਜ਼ਿਲ੍ਹਾ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।

### ਹੋਲੇ ਮੁਹਲੇ ਦੇ ਇਤਿਹਾਸਿਕ ਤਿਉਹਾਰ ਸਬੰਧੀ ਵਿਸ਼ੇਸ਼

# ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਅਤੇ ਵਰਤਮਾਨ



ਕੁਲਦੀਪ ਚੰਦ
91-9417563054

ਹਰ ਸਾਲ ਵਾਂਗ ਪ੍ਰਸਿੱਧ ਤਿਉਹਾਰ ਹੋਲਾ ਮੁਹੱਲਾ ਸ੍ਰੀ ਅਨੰਦਪੁਰ ਸਾਹਿਬਜ਼ਿਲ੍ਹਾ ਰੂਪਨਗਰ ਪੰਜਾਬ ਵਿੱਚ ਮਨਾਇਆ ਜਾ ਰਿਹਾ ਹੈ। ਇਸ ਤਿਉਹਾਰ ਲਈ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀਵਿੱਚ ਸੰਗਤ ਆ ਰਹੀ ਹੈ। ਹੋਲਾ ਮੁਹੱਲਾ ਖਾਲਸਾਈ ਜਾਹੋ ਜਲਾਲ ਦਾ ਪ੍ਰਤੀਕ ਹੈ। ਅਸਲ ਵਿੱਚ, ਹੋਲਾ ਮੁਹੱਲਾ ਸ਼ਬਦ, ਆਪਣੇ ਆਪ ਵਿੱਚ ਇੱਕ ਨਕਲੀ ਲੜ੍ਹਾਈ ਦਾ ਅਨੁਵਾਦ ਕਰਦਾ ਹੈ।ਹੋਲਾ ਮਹੱਲਾ ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਅਤੇ ਕੌਮੀ ਜੋੜ ਮੇਲਾ ਹੈ। ਇਹ ਮੇਲਾ ਖ਼ਾਲਸਾ ਪੰਥ ਦੇ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਧਾਰਮਿਕ ਪ੍ਰੰਪਰਾਵਾਂ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਅਨੰਦਪੁਰ ਸਾਹਿਬ ਸਮੇਤ ਸਮੁੱਚਾ ਇਲਾਕਾ ਖ਼ਾਲਸਾਈ ਰੰਗ ਵਿੱਚ ਰੰਗਿਆ ਜਾਂਦਾ ਹੈ। ਹੋਲੀ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਤੇ ਇੱਕ ਮੇਲਾ ਭਰਦਾ ਹੈ ਜਿਸ ਨੂੰ 'ਹੋਲਾ ਮਹੱਲਾ' ਕਹਿੰਦੇ ਹਨ। ਇਸ ਮੇਲੇ ਦਾ ਮੁੱਢ ਗੁਰੂ ਗੋਬਿੰਦ ਸਿੰਘ ਨੇ ਕੀਤਾ ਸੀ। ਉਦੋਂ ਤੋਂ ਹਰ ਸਾਲ ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਉਨ੍ਹਾਂ ਵੱਲੋਂ ਖਾਲਸਾਈ ਫੌਜਾਂ ਦੇ ਦੋ ਮਨਸੂਈ ਦਲਾਂ ਵਿੱਚ ਸਾਸ਼ਤਰ ਵਿਦਿਆ ਦੇ ਜੰਗੀ ਮੁਕਾਬਲੇ ਕਰਵਾਏ ਜਾਂਦੇ ਸਨ ਤੇ ਚੰਗਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਸੀ। ਅੱਜ ਵੀ ਉਸੇ ਰਵਾਇਤ ਅਨੁਸਾਰ ਹੋਲਾ ਮਹੱਲਾ ਮਨਾਇਆ ਜਾ ਰਿਹਾ ਹੈ। ਇਸ ਤਰ੍ਹਾਂ ਹੋਲਾ ਮਹੱਲਾ ਆਨੰਦਪੁਰ ਸਾਹਿਬ ਦਾ ਮਸ਼ਹੂਰ ਮੇਲਾ ਹੈ।ਇਸ ਮੌਕੇ ਦੀਵਾਨ ਸਜਦੇ ਹਨ, ਕਥਾ ਕੀਰਤਨ ਹੁੰਦਾ ਹੈ, ਬੀਰਰਸੀ ਵਾਰਾਂ ਗਾਈਆਂ ਜਾਂਦੀਆਂ ਹਨ ਅਤੇ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ ਹਨ। ਇਹਤਿਉਹਾਰ ਤੱਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਧਾਰਮਿਕ ਪ੍ਰੰਪਰਾਵਾਂ ਨਾਲ ਮਨਾਇਆ ਜਾਂਦਾਹੈ। ਹਰ ਸਾਲ ਮਾਰਚ ਮਹੀਨੇ ਵਿੱਚ ਮਨਾਏ ਜਾਣ ਵਾਲੇ ਇਸ ਤਿਉਹਾਰ ਵਿੱਚ ਲੋਕ ਵੱਡੀ ਗਿਣਤੀ ਵਿੱਚ ਨਗਾਰਿਆਂ ਦੀ ਅਵਾਜ ਵਿੱਚ ਇੱਕ ਗੁਰਧਾਮ ਤੋਂ ਦੂਜੇ ਗੁਰਧਾਮ ਤੱਕ ਜਾਂਦੇ ਹਨ। ਇਸ ਵਿੱਚ ਨਿਹੰਗ ਸਿੰਘ ਪੁਰਾਤਨ ਪੁਸ਼ਾਕਾਂ ਵਿੱਚ ਸ਼ਾਨਨਾਲ ਸ਼ਾਮਿਲ ਹੁੰਦੇ ਹਨ ਅਤੇ ਸ਼ਾਸ਼ਤਰਾਂ ਦੇ ਕਰਤੱਬ ਵਿਖਾਏ ਜਾਂਦੇ ਹਨ। ਸ਼੍ਰੀ ਅਨੰਦਪੁਰ ਸਾਹਿਬ ਨਗਰ ਦੀ ਸਥਾਪਨਾ ਸਿੱਖਾਂ ਦੇ ਨੌਵੇਂਗੁਰੂ ਸ਼੍ਰੀ ਗੁਰੂ ਤੇਗ ਬਹਾਦੁਰ ਨੇ 1665 ਵਿੱਚ ਕੀਤੀ ਸੀ। ਜੇਕਰ ਇਸਦਾ ਇਤਿਹਾਸ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਇਸਦਾ ਪਹਿਲਾਂ ਨਾਮਮਾਖੋਵਾਲ ਸੀ। ਇੱਕ ਹੋਰ ਕਹਾਣੀ ਅਨੁਸਾਰ ਇੱਥੇ ਮਾਖੋ ਨਾਮ ਦਾ ਡਾਕੂ ਰਹਿੰਦਾ ਸੀ ਜੋਕਿਸੇ ਨੂੰ ਵੀ ਇਸ ਇਲਾਕੇ ਵਿੱਚ ਨਹੀਂ ਰਹਿਣ ਦਿੰਦਾ ਸੀ। ਜਦੋਂ ਗੁਰੂ ਤੇਗ ਬਹਾਦੁਰ ਨੇਆਪਣੇ ਮਾਤਾ ਨਾਨਕੀ ਜੀ ਦੇ ਨਾਮ ਤੇ ਚੱਕ ਨਾਨਕੀ ਨਾਮ ਦਾ ਨਗਰ ਵਸਾਇਆ ਤਾਂ ਮਾਖੋਡਾਕੂ ਇਹ ਸਥਾਨ ਛੱਡਕੇ ਭੱਜ ਗਿਆ। ਮੌਜੂਦਾ ਸਮੇਂ ਚੱਕ ਨਾਨਕੀ, ਅਨੰਦਪੁਰ ਸਾਹਿਬ, ਸਹੋਟਾ, ਲੋਧੀਪੁਰ, ਅਗੰਮਪੁਰ, ਮਟੌਰ ਹੁਣ ਏਨੇ ਵਸ ਚੁੱਕੇ ਹਨ ਕਿ ਹੁਣ ਆਮ ਜਨਤਾ ਨੂੰ ਇਨ੍ਹਾਂਪਿੰਡਾਂ ਦੀਆਂ ਹੱਦਾਂ ਬਾਰੇ ਕੁੱਝ ਵੀ ਪਤਾ ਨਹੀ ਚੱਲਦਾ ਹੈ ਅਤੇ ਸਿਰਫ਼ ਰੈਵਨਿਊ ਵਿਭਾਗ ਦੇ ਅਧਿਕਾਰੀ ਹੀ ਇਨ੍ਹਾਂ ਪਿੰਡਾਂ ਦੀਆ ਹੱਦਾਂ ਬਾਰੇ ਜਾਣਦੇ ਹਨ। ਸ਼੍ਰੀ ਅਨੰਦਪੁਰ ਸਾਹਿਬ ਦਾ ਇਲਾਕਾ ਕੀਰਤਪੁਰ ਸਾਹਿਬ ਤੋਂਨੰਗਲ ਅਤੇ ਹਿਮਾਚਲ ਪ੍ਰਦੇਸ਼ ਦੇ ਊਨਾ ਤੱਕ ਕਿਸੇ ਵੇਲੇ ਸੰਘਣਾ ਜੰਗਲ ਸੀ ਜਿਸ ਵਿੱਚ ਇੱਕ ਪਾਸੇ ਦਰਿਆ ਸਤਲੁਜ, ਚਰਨ ਗੰਗਾ ਤੇ ਚੋਅ ਸਨ ਅਤੇ ਦੂਜੇ ਪਾਸੇ ਪਹਾੜ ਸਨ।ਦਰਿਆ ਅਤੇ ਪਹਾੜਾਂ ਵਿੱਚ ਸੰਘਣੇ ਜੰਗਲ ਵਿੱਚ ਬਹੁਤ ਸਾਰੇ ਹਾਥੀ, ਸ਼ੇਰ, ਬਘਿਆੜ ਅਤੇਹੋਰ ਜੰਗਲੀ ਜਾਨਵਰ ਆਮ ਘੁੰਮਦੇ ਸਨ। ਇੱਥੇ ਹਾਥੀ ਬਹੁਤ ਸਨ ਅਤੇ ਇਸ ਇਲਾਕੇ ਨੂੰਹਥੋਤ ਭਾਵ ਹਾਥੀਆਂ ਦਾ ਘਰ ਆਖਿਆ ਕਰਦੇ ਸਨ। ਹਥੋਤ ਦੇ ਇਲਾਕੇ ਦੀ ਲੰਬਾਈ ਲੱਗਭੱਗ 50 ਕਿਲੋਮੀਟਰ ਅਤੇ ਚੌੜਾਈ ਲੱਗਭੱਗ 10 ਕਿਲੋਮੀਟਰ ਸੀ। ਜਦੋ ਗੁਰੂਸਾਹਿਬ ਨੇ ਇਹ ਇਲਾਕਾ ਚੁਣਿਆ ਉਸ ਵੇਲੇ ਬਹੁਤੇ ਜਾਨਵਰ ਤਾਂ ਪਹਾੜੀ ਜੰਗਲ ਵਿਚ ਹੀ ਰਹਿ ਗਏ ਸਨ ਤੇ ਬਾਕੀਆਂ ਨੂੰ ਸ਼ਿਕਾਰੀਆਂ ਨੇ ਮਾਰ ਦਿੱਤਾ ਸੀ। ਗੁਰੂ ਸਾਹਿਬ ਨੇ ਇਸ ਜੰਗਲ ਵਿਚ ਹੀ ਰਮਣੀਕ ਵਾਦੀ ਵਸਾ ਦਿੱਤੀਸੀ। ਜਿੱਥੇ ਕਦੇ ਦਿਨ ਵੇਲੇ ਵੀ ਕੋਈ ਨੇੜੇ ਨਹੀਂ ਆਂਦਾ ਸੀ ਉੱਥੇ ਹਰ ਵੇਲੇਸੰਗਤਾਂ ਦੀਆ ਰੋਣਕਾਂ ਲੱਗੀਆ ਰਹਿੰਦੀਆ ਸਨ। ਅਨੰਦਪੁਰ ਸਾਹਿਬ ਬਾਰੇ ਇੱਕ ਹੋਰਮਿਥਿਹਾਸਕ ਕਹਾਣੀ ਮਸ਼ਹੂਰ ਹੈ ਕਿ ਇੱਥੇ ਮਾਖੋ ਤੇ ਮਾਟੋ ਨਾਮ ਦੇ ਦੋ ਦੈਂਤ ਰਿਹਾਕਰਦੇ ਸਨ ਤੇ ਦੋਹਾਂ ਨੇ ਮਾਖੋਵਾਲ ਤੇ ਮਟੌਰ ਪਿੰਡ ਵਸਾਏ। ਉਹ ਦੋਵੇਂ ਜਾਲਮ ਸਨ ਅਤੇਇਲਾਕੇ ਦੇ ਲੋਕ ਉਨ੍ਹਾਂ ਤੋਂ ਬਹੁਤ ਦੁਖੀ ਸਨ। ਸਿੱਖ ਇਤਿਹਾਸ ਵਿੱਚ ਹਥੌਤ ਦੇ ਇਲਾਕੇਦੀ ਜੇ ਕਿਸੇ ਜਗ੍ਹਾ ਦਾ ਜ਼ਿਕਰ ਆਉਦਾ ਹੈ ਤਾਂ ਉਹ ਕੀਰਤਪੁਰ ਸਾਹਿਬ ਦੇ ਬਾਹਰ ਸਾਈਂ ਬੁੱਢਣ ਸ਼ਾਹ ਦੇ ਡੇਰੇ ਦਾ ਹੈ। ਵੱਖ ਵੱਖ ਜਨਮ ਸਾਖੀਆਂ ਮੁਤਾਬਿਕ ਗੁਰੂ ਨਾਨਕ ਦੇਵ ਜੀ



ਆਪਣੀਆਂ ਉਦਾਸੀਆਂ ਵੇਲੇ ਇਕ ਵਾਰ ਕੀਰਤਪੁਰ ਸਾਹਿਬ ਕੋਲੋਂ ਲੰਘੇ ਤਾਂ ਸਾਈਂ ਬੁੱਢਣ ਸ਼ਾਹਨਾਲ ਵਾਰਤਾ ਕੀਤੀ ਤੇ ਉਸ ਕੋਲੋ ਦੁੱਧ ਛਕਿਆ ਸੀ। ਇਸ ਮਗਰੋ ਹਥੌਤ ਦੇ ਇਲਾਕੇਵਿੱਚ 1624 ਵਿਚ ਗੁਰੂ ਹਰਿਗੋਬਿੰਦ ਸਾਹਿਬ ਆਏ ਅਤੇ ਉਨ੍ਹਾਂ ਦੇ ਵੱਡੇ ਬੇਟੇ ਬਾਬਾਗੁਰਦਿੱਤਾ ਨੇ ਕੀਰਤਪੁਰ ਸਾਹਿਬ ਵਸਾਇਆ। 1665 ਵਿੱਚ ਗੁਰੂ ਤੇਗ ਬਹਾਦੁਰ ਨੇਚੱਕ ਨਾਨਕੀ ਵਸਾਇਆ ਅਤੇ 1689 ਵਿਚ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਦੀਨਗਰੀ ਨੂੰ ਵਸਾਇਆ। ਇੰਝ ਗੁਰੂ ਸਾਹਿਬ ਨੇ ਇਸ ਉਜਾੜ ਬੀਆਬਾਨ ਇਲਾਕੇ ਵਿੱਚ ਰੌਣਕਾਂ ਲਾ ਦਿੱਤੀਆ। ਅੱਜ ਹਥੌਤ ਦੇ ਇਲਾਕੇ ਵਿੱਚ ਵੱਖ ਵੱਖ ਗੁਰਦੁਆਰਿਆਂ ਕਾਰਨ ਸ੍ਰੀ ਅਨੰਦਪੁਰ ਸਾਹਿਬ ਦਾ ਨਾਮ ਦੁਨੀਆਂ ਦੇ ਨਕਸ਼ੇ ਤੇ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਇਲਾਕੇ ਨੂੰ ਸਿੱਖਬੌਧਿਕਤਾ, ਵਿਦਵਤਾ, ਵਿਦਵਾਨਾਂ ਦਾ ਕੇਂਦਰ ਬਣਾਉਣ ਦੇ ਮੰਤਬ ਨਾਲ ਸ੍ਰੀ ਕੇਸਗੜ੍ਹ ਸਾਹਿਬ ਨੂੰ ਕੇਂਦਰਵਿੱਚ ਰੱਖਕੇ ਪੰਜ ਕਿਲ੍ਹਿਆਂ ਅਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਤਾਰਾਗੜ੍ਹ ਅਤੇ ਫਤਿਹਗੜ੍ਹ ਦੀ ਉਸਾਰੀ ਕਰਵਾਈ ਗਈ ਸੀ। ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ ਤੇ ਹੀ 1699 ਵਿੱਚ ਵਿਸਾਖੀ ਵਾਲੇ ਦਿਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਖਾਲਸਾ ਪੰਥ ਦੀ ਸਾਜ਼ਨਾ ਕੀਤੀਗਈ ਸੀ। 1665 ਤੋਂ ਲੈਕੇ ਹੁਣ ਤੱਕ ਅਨੰਦਪੁਰ ਸਾਹਿਬ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ। ਮੌਜੂਦਾ ਬੱਸਅੱਡੇ ਤੋਂ ਕੇਸਗੜ੍ਹ ਸਾਹਿਬ ਵੱਲ ਜਾਣ ਵਾਲੀ ਢੱਕੀ ਦੇ ਹੇਠਲੇ ਚੌਂਕ ਵਿਚ ਤਿੰਨ ਪਿੰਡਾਂ ਚੱਕ ਨਾਨਕੀ, ਅਨੰਦਪੁਰ ਸਾਹਿਬ ਅਤੇ ਲੋਧੀਪੁਰ ਦੀਆਂ ਹੱਦਾਂ ਮਿਲਦੀਆ ਹਨ। ਗੁਰਦੁਆਰਾ ਸੀਸ ਗੰਜ, ਦਮਦਮਾ ਸਾਹਿਬ, ਭੋਰਾ ਸਾਹਿਬ, ਚੱਕ ਨਾਨਕੀ ਦੀਆ ਹੱਦਾਂ, ਮਹਿਲ ਅਤੇ ਗੁਰੂ ਸਾਹਿਬ ਦਾ ਨਿਵਾਸ ਸਥਾਨ ਸਨ। ਮੌਜੂਦਾ ਬੱਸ ਸਟੈਂਡ, ਸਰਕਾਰੀ ਹਸਪਤਾਲ, ਲੜਕੀਆਂ ਦਾ ਸਰਕਾਰੀ ਸਕੂਲ ਚੱਕ ਨਾਨਕੀ ਵਿੱਚ ਹੈ। ਹੋਲਗੜ੍ਹ ਗੁਰਦੁਆਰੇ ਦੇ ਨੇੜੇ ਚੱਕੀ ਦਾਆਰਾ ਚੱਕ ਨਾਨਕੀ ਵਿਚ ਹੈ। ਰੇਲਵੇ ਦਾ ਪੁਲ ਚੱਕ ਨਾਨਕੀ ਵਿਚ ਹੈ। ਕੇਸਗੜ੍ਹ ਸਾਹਿਬ ਦੇ ਹੇਠਾਂ ਵੱਲ ਦਾ ਸਰੋਵਰ ਤੇ ਮਿਲਕ ਬਾਰ ਪਿੰਡਲੋਧੀਪੁਰ ਵਿਚ ਹੈ। ਪੁਲਿਸ ਥਾਣੇ ਦੇ ਨਾਲ ਦਾ ਬਾਗ ਚੱਕ ਨਾਨਕੀ ਦਾ ਹਿੱਸਾ ਹੈ। ਖਾਲਸਾ ਹਾਈ ਸਕੂਲ ਸਹੋਟਾ ਵਿਚ ਹੈ। ਨਿਹੰਗ ਸਿੰਘਾ ਦੇ ਇੰਤਜ਼ਾਮ ਹੇਠਲਾ ਸ਼ਹੀਦੀਬਾਗ ਪਿੰਡ ਲੋਧੀਪੁਰ ਵਿਚ ਹੈ। ਕੇਸਗੜ੍ਹ ਸਾਹਿਬ ਅਤੇ ਨਾਲ ਦੇ ਬਜ਼ਾਰਾਂ ਤੋ ਕੇਸਗੜ੍ਹ ਸਾਹਿਬ ਅਤੇ ਅਨੰਦਗੜ੍ਹ ਸਾਹਿਬ ਕਿਲ੍ਹੇ ਤਕ ਦਾ ਸਾਰਾ ਇਲਾਕਾ ਅਨੰਦਪੁਰ ਸਾਹਿਬ ਵਿੱਚ ਹਨ ਅਤੇ ਚਰਨਗੰਗਾ ਦਾ ਪੁਲ ਚੱਕ ਨਾਨਕੀ ਵਿਚ ਹੈ। ਸ਼੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਪਿੰਡ ਮਟੌਰ ਵਿਚ ਹੈ। ਇਨ੍ਹਾਂ ਸਾਰੇ ਪਿੰਡਾ ਦੀਆ ਹੱਦਾਂ ਸਿਰਫ ਸਰਕਾਰੀ ਕਾਗ਼ਜ਼ਾਂ ਤੋ ਹੀ ਪਤਾ ਲੱਗ ਸਕਦੀਆਂ ਹਨ ਕਿਉਂਕਿ ਅੱਜ ਕਲ੍ਹ ਇਹ ਸਾਰੇ ਪਿੰਡ ਅਨੰਦਪੁਰ ਸਾਹਿਬ ਦਾ ਹਿੱਸਾ ਹੀ ਹਨ। ਸਤਲੁਜ ਦਰਿਆ ਜੋ ਕੇਸਗੜ੍ਹ ਦੀ ਪਹਾੜੀ ਦੇ ਨਾਲ ਵਗਦਾ ਸੀ ਹੁਣ ਲੱਗਭੱਗ ਪੰਜ ਕਿਲੋਮੀਟਰ ਦੂਰ ਚਲਾ ਗਿਆ ਹੈ। ਹਿਮੈਤੀ ਨਾਲਾ ਜੋ ਅਨੰਦਗੜ੍ਹ ਕਿਲ੍ਹੇ ਦੀ ਹਿਫ਼ਾਜਤ ਕਰਦਾ ਸੀ ਦਾ ਨਾਂ ਨਿਸ਼ਾਨ ਮਿਟ ਗਿਆ ਹੈ। ਕਾਫ਼ੀ ਚੋਅ ਅਤੇ ਨਾਲੇ ਖਤਮ ਹੋ ਗਏ ਹਨ। ਚਰਨ ਗੰਗਾ ਤੇ ਪੁਲ ਬਣ ਗਿਆ ਹੈ ਅਤੇ ਕੇਸਗੜ੍ਹ ਸਾਹਿਬ ਦੇ ਨਾਲ ਦੀ ਤੰਬੂ ਵਾਲੀ ਪਹਾੜੀ ਖੁਰਕੇ ਅਲੋਪ ਹੋਚੁੱਕੀ ਹੈ। ਕੇਸਗੜ੍ਹ ਤੇ ਅਨੰਦਗੜ੍ਹ ਵਿਚਲੀ ਪਹਾੜੀ ਨੂੰ ਕੱਟਕੇ ਸੜ੍ਹਕ ਬਣਾ ਦਿੱਤੀ ਗਈ ਹੈ। ਮੌਜੂਦਾ ਅਨੰਦਪੁਰ ਗੁਰੂ ਸਾਹਿਬ ਦੇ ਵੇਲੇ ਦੇ ਅਨੰਦਪੁਰ ਸਾਹਿਬ ਤੋ ਬਹੁਤ ਵੱਖਰਾ ਹੈ। ਅੱਜ ਅਨੰਦਪੁਰ ਸਾਹਿਬ ਇੱਕ ਸਬ-ਡਵੀਜਨ ਹੈ। ਇਸ ਵਿਚ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਨੂਰਪੁਰ ਬੇਦੀਆਦਿ ਕਸਬੇ ਸ਼ਾਮਿਲ ਹਨ। ਪਹਿਲਾਂ ਨੰਗਲ ਸ਼ਹਿਰ ਦਾ ਇਲਾਕਾ ਵੀ ਇਸ ਵਿੱਚ ਸ਼ਾਮਿਲ ਸੀ ਪ੍ਰੰਤੂ ਹੁਣ ਨੰਗਲ ਨੂੰ ਵੱਖਰੀ ਸਬ ਡਵੀਜ਼ਨ ਬਣਾਇਆ ਗਿਆ ਹੈ। ਮੌਜੂਦਾ ਸਰਕਾਰ ਵਲੋਂ ਅਨੰਦਪੁਰ ਸਾਹਿਬ ਨੂੰ ਜਿਲ੍ਹਾ ਬਣਾਉਣ ਦੀਆਂ ਖਬਰਾਂ ਵੀ ਚਰਚਾ ਵਿੱਚ ਹਨ। ਅਨੰਦਪੁਰ ਸਾਹਿਬ ਦੀ ਅਬਾਦੀ ਗੁਰੂ ਸਾਹਿਬ ਵੇਲੇ ਕੁਝ ਸੈਕੜੇ ਨਹੀ ਸੀ ਅਤੇ ਕੁੱਝ ਸੈਕੜੇ ਸਿੱਖ ਹਰ ਵੇਲੇ ਹੀ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ ਜੁੜ੍ਹੇ ਰਿਹਾ ਕਰਦੇ ਸਨ। ਮਾਰਚ ਦੇ ਆਖਰੀ ਦਿਨਾਂ ਵਿੱਚ ਹਜ਼ਾਰਾਂ ਸੰਗਤਾਂ ਅਨੰਦਪੁਰ ਸਾਹਿਬ ਵਿਚ ਜੁੜ੍ਹਿਆ ਕਰਦੀਆ ਸਨ। 04-05 ਦਸੰਬਰ 1705 ਦੀ ਰਾਤ ਨੂੰ ਜਦੋ ਗੁਰੂ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਛੱਡਿਆ ਸੀ ਤਾਂ ਉਸ ਵੇਲੇ ਸਿਰਫ਼ ਭਾਈਗੁਰਬਖਸ਼ ਦਾਸ ਹੀ ਇੱਥੇ ਰਹਿ ਗਏ ਸਨ। ਕੁਝ ਸਾਲਾਂ ਬਾਦ ਸੋਢੀ ਗੁਲਾਬ ਸਿੰਘ ਤੇ ਸ਼ਾਮਸਿੰਘ ਦੇ ਪਰਿਵਾਰ ਏਥੇ ਵਸਣ ਲੱਗ ਪਏ ਸਨ ਅਤੇ ਅਨੰਦਪੁਰ ਸਾਹਿਬ ਫੇਰ ਵਸਣਾ ਸੁਰੂ ਹੋ ਗਆ ਸੀ। ਅਕਾਲੀ ਫੂਲਾ ਸਿੰਘ ਵੇਲੇ ਸੋਢੀਆਂ ਦਾ ਆਗੂ ਸੁਰਜਨ ਸਿੰਘ ਅਤੇ ਉਸ ਦਾ ਪਰਿਵਾਰ ਵੀ ਇੱਥੇ ਰਿਹਾ ਕਰਦੇ ਸਨ। ਉਦੋਂ ਅਨੰਦਪੁਰ ਸਾਹਿਬ ਦੀ ਅਬਾਦੀ ਦੋ ਤਿੰਨ ਹਜ਼ਾਰ ਦੇ ਨੇੜੇ ਤੇੜੇ ਸੀ। ਇਸ ਮਗਰੋ ਅਬਾਦੀ ਵਧਣੀ ਸੁਰੂ ਹੋ ਗਈ। ਸੰਨ 1868 ਦੀ ਮਰਦਮ ਸ਼ੁਮਾਰੀ ਵੇਲੇ ਇਥੋ ਦੀ ਅਬਾਦੀ 6869 ਸੀ। ਵੀਹਵੀਂ ਸਦੀ ਦੇ ਸੁਰੂ ਤੱਕ ਇੱਥੇ ਘਾਤਕ ਬੀਮਾਰੀ ਫੈਲਣ ਨਾਲ ਕਾਫੀ ਲੋਕ ਇੱਥੋ ਜਾਣੇ ਸੁਰੂ ਹੋ ਗਏ ਸਨ। ਅਜਾਦੀ ਵੇਲੇ 1947 ਤੋਂ ਬਾਦ ਇੱਥੇ ਕੁੱਝ ਸਿੱਖ ਪਰਿਵਾਰ ਪਾਕਿਸਤਾਨ ਤੋ ਆ ਕੇ ਵਸਣੇ ਸੁਰੂ ਹੋਏ ਅਤੇ ਫਿਰਭਾਖੜਾ-ਨੰਗਲ, ਗੰਗੂਵਾਲ ਪਾਵਰ ਪ੍ਰਾਜੈਕਟ ਲੱਗਣ ਨਾਲ ਕਾਫੀ ਲੋਕ ਇੱਥੇ ਆਕੇ ਵੱਸ ਗਏ ਅਤੇ ਫਿਰ ਇਸਦੀ ਅਬਾਦੀ ਵੱਧਦੀ ਗਈ। ਸਾਲ 1998 ਵਿਚ ਅਨੰਦਪੁਰ ਸਾਹਿਬ ਦੀ ਮਿਉਂਸਿਪਲ ਕੌਂਸਲ ਏਰੀਏ ਦੀ ਅਬਾਦੀ ਤਕਰੀਬਨ 13000 ਸੀ ਅਤੇ 2011 ਦੀ ਜਨਗਣਨਾ ਅਨੁਸਾਰ 16282 ਤੱਕ ਪਹੁੰਚ ਗਈਸੀ ਅਤੇ ਮੌਜੂਦਾ ਸਮੇਂ ਇਸ ਵਿੱਚ ਹੋਰ ਵਾਧਾ ਹੋਇਆ ਹੈ। ਇਸ ਇਲਾਕੇ ਵਿੱਚ ਕਈ ਪ੍ਰਮੁੱਖ ਗੁਰੂਦੁਆਰੇ ਤੱਖਤ ਸ਼੍ਰੀ ਕੇਸਗੜ੍ਹ ਸਾਹਿਬ, ਸੀਸਗੰਜ, ਭੌਰਾ ਸਾਹਿਬ, ਥੜ੍ਹਾ ਸਾਹਿਬ, ਅਕਾਲ ਬੂੰਗਾ ਸਾਹਿਬ, ਦੱਮਦਮਾ ਸਾਹਿਬ, ਮੰਜੀ ਸਾਹਿਬ, ਸ਼ਹੀਦੀ ਬਾਗ, ਮਾਤਾ ਜੀਤ ਕੌਰ, ਗੁਰੂ ਕਾ ਮਹਿਲਆਦਿ ਸਥਾਪਿਤ ਹਨ। ਗੁਰੂ ਗੋਬਿੰਦ ਸਿੰਘ ਵਲੋਂ ਸੁਰੂ ਕੀਤੀ ਗਈ ਹੋਲਾ ਮੁਹੱਲਾ ਕੱਢਣਦੀ ਰੀਤ ਹੁਣ ਵੀ ਜਾਰੀ ਹੈ। ਸ਼੍ਰੀ ਅਨੰਦਪੁਰ ਸਾਹਿਬ ਤੋਂ ਇਲਾਵਾ ਹਜੂਰ ਸਾਹਿਬ ਨਾਂਦੇੜਅਤੇ ਪਾਂਉਟਾ ਸਾਹਿਬ ਵਿੱਚ ਵੀ ਇਹ ਮੇਲਾ ਖਾਲਸਾ ਸ਼ਾਨੋ ਸ਼ੋਕਤ ਨਾਲ ਮਨਾਇਆ ਜਾਂਦਾ ਹੈ। ਮੌਜੂਦਾ ਸਮੇਂ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਝੂਲਦੇ ਖਾਲਸਾਈ ਨਿਸ਼ਾਨ ਸਾਹਿਬ ਗੁਰੂ ਸਾਹਿਬ ਦੀ ਰਿਆਸਤ ਦੀ ਸ਼ਾਨ ਵਧਾਉਦੇ ਹਨ ਪਰ ਬਿਲਾਸਪੁਰ ਰਿਆਸਤ ਦੇ ਜਿਸ ਰਾਜੇ ਨੇ ਗੁਰੂਸਾਹਿਬ ਨੂੰ ਅਨੰਦਪੁਰ ਸਾਹਿਬ ਛੱਡਣ ਤੇ ਮਜਬੂਤ ਕੀਤਾ ਸੀ ਦੀ ਸੈਕੜ੍ਹੇ ਸਾਲ ਪੁਰਾਣੀਰਾਜਧਾਨੀ ਬਿਲਾਸਪੁਰ ਦੇ ਕਈ ਮਹਿਲ ਖਤਮ ਹੋ ਗਏ ਹਨ ਅਤੇ ਸੱਤਲੁਜ ਦਰਿਆ ਤੇ ਬਣੇਭਾਖੜ੍ਹਾ ਬੰਨ ਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਤੇ ਬਣੇ ਗੋਬਿੰਦ ਸਾਗਰ ਵਿੱਚ ਸਮਾ ਚੁੱਕੇ ਹਨ। ਸਰਕਾਰ ਵਲੋ ਖਾਲਸਾ ਸਾਜ਼ਨਾ ਦਿਵਸ ਦੇ ਤਿੰਨ ਸੋ ਸਾਲਾ ਜ਼ਸ਼ਨਾ ਮੋਕੇ ਸਾਲ 1999 ਵਿੱਚ ਅਨੰਦਪੁਰ ਸਾਹਿਬ ਵਿੱਚ ਕਈ ਨਵੀਂਆਂ ਇਮਾਰਤਾ ਦੀ ਉਸਾਰੀ ਕਰਵਾਈ ਗਈ ਹੈ ਜਿਸ ਨਾਲ ਸ਼ਹਿਰ ਵਿਚ ਨਵੀ ਦਿੱਖ ਬਣ ਗਈ ਹੈ ਅਤੇ ਨਾਲ ਹੀ ਸ਼ਹਿਰ ਦੀ ਪੁਰਾਣੀ ਦਿੱਖ ਵੀ ਹੋਰ ਸੁੰਦਰ ਹੋ ਗਈ ਹੈ। ਇਸ ਇਲਾਕੇ ਵਿੱਚ ਇਮਾਰਤਾਂ ਤੇ ਸਫੈਦ ਰੰਗ ਹੋਣ ਕਾਰਨ ਇਸਨੂੰ ਸਫੈਦ ਸ਼ਹਿਰ ਬਣਾਇਆ ਗਿਆ ਹੈ। ਸਰਕਾਰ ਵਲੋ ਇਥੇ ਵਿਰਾਸਤ-ਏ-ਖਾਲਸਾ ਦਾ ਨਿਰਮਾਣ ਕਰਵਾਇਆ ਗਿਆ ਹੈ ਜਿਥੇ ਹਰ ਸਾਲ ਲੱਖਾਂਸੈਲਾਨੀ ਸ੍ਰੀ ਅਨੰਦਪੁਰ ਸਾਹਿਬ ਦੇ ਇਸ ਵਿਸ਼ਵ ਪ੍ਰਸਿੱਧ ਅਜੂਬੇ ਦੇ ਦਰਸ਼ਨ ਕਰਦੇ ਹਨ ਅਤੇ ਗੌਰਵਮਈ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਿਲਕਰਦੇ ਹਨ। ਇੱਥੇ ਕਈ ਸਰਕਾਰੀ ਅਤੇ ਪ੍ਰਾਇਵੇਟ ਗੈਸਟ ਹਾਊਸ ਅਤੇ ਹੋਟਲ ਬਣਾਏ ਗਏ ਹਨ। ਸਰਕਾਰ ਵਲੋਂ ਇੱਥੇ ਬਣਾਈ ਗਈ ਕਿਸਾਨ ਹਵੇਲੀ ਵਿੱਚ ਵਿਸ਼ਾਲ ਕਮਰੇ ਸ਼ਿਵਾਲਿਕ ਪਹਾੜੀਆਂ ਨਾਲ ਘਿਰੇ ਸ਼ਹਿਰ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦੇ ਹਨ। ਚੰਡੀਗੜ੍ਹ ਮੁੱਖ ਮਾਰਗ ਤੇ ਪੰਜ ਪਿਆਰੇ ਪਾਰਕ ਬਣਾਇਆ ਗਿਆ ਹੈ ਜਿਸ ਵਿੱਚ ਲੱਗਭੱਗ 81 ਫੁੱਟ ਉੱਚਾ ਖੰਡਾ ਸਥਿਤ ਹੈ। ਇਹ ਦੁਨੀਆ ਦਾ ਸਭ ਤੋਂ ਉੱਚਾ ਅਤੇ ਸਭ ਤੋਂ ਵੱਡਾ ਹੈ। ਭਾਰਤ ਸਰਕਾਰ ਵਲੋਂ ਇੱਥੇ ਬਣੇ ਰੇਲਵੇ ਸਟੇਸ਼ਨ ਨੂੰ ਨਵੀਂ ਦਿੱਖ ਦਿਤੀ ਜਾ ਰਹੀ ਹੈ। ਹਰ ਸਾਲ ਵਾਂਗ ਇਸ ਵਾਰ ਵੀ ਸਰਕਾਰ ਅਤੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਤਿਉਹਾਰ ਦੀ ਮਹੱਤਤਾ ਅਤੇ ਲੋਕਾਂ ਦੀ ਆਮਦ ਨੂੰ ਵੇਖਦੇ ਹੋਏ ਪੁੱਖਤਾ ਪ੍ਰਬੰਧ ਕੀਤੇ ਗਏ ਹਨ। ਇਸਤੋਂ ਇਲਾਵਾ ਵੱਖ ਵੱਖ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਸਥਾਵਾਂ ਵਲੋਂ ਵੀ ਇਸ ਤਿਉਹਾਰ ਸਬੰਧੀ ਪ੍ਰਬੰਧ ਅਤੇ ਤਿਆਰੀਆਂ ਕੀਤੀਆਂ ਗਈਆਂ ਹਨ।

# ਪਾਠਕ ਮੰਚ ਵੱਲੋਂ ਸੰਪਾਦਕ ਹਰਵੀਰ ਮਾਨ ਯੰਗ ਐਡੀਟਰ ਅਵਾਰਡ ਨਾਲ ਸਨਮਾਨਿਤ



**ਮਾਹਿਲਪੁਰ–** ਸੁਰ ਸੰਗਮ ਵਿਦਿਅਕ ਟਰਸਟ ਮਾਹਿਲਪੁਰ ਵੱਲੋਂ ਨਵੀਂ ਪਨੀਰੀ ਨੂੰ ਨਰੋਈਆਂ ਕਦਰਾਂ ਕੀਮਤਾਂ ਨਾਲ ਲੈਸ ਕਰਨ ਦੇ ਉਦੇਸ਼ ਨਾਲ ਪਿਛਲੇ ਤਿੰਨ ਦਹਾਕਿਆਂ ਤੋਂ ਨਿੱਕੀਆਂ ਕਰੂੰਬਲਾਂ ਬਾਲ ਸਾਲੇ ਦਾ ਪ੍ਰਕਾਸ਼ਨ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਕਰੂੰਬਲਾਂ ਨਿਊਜ਼ ਆਨਲਾਈਨ ਪਰਚਾ ਵੀ ਜਾਰੀ ਕੀਤਾ ਜਾ ਰਿਹਾ ਹੈ। ਜਿਸਦੀ ਸਮੁੱਚੀ ਜ਼ਿੰਮੇਵਾਰੀ ਹਰਵੀਰ ਮਾਨ ਵੱਲੋਂ ਬੜੇ ਸ਼ਾਨਦਾਰ ਢੰਗ ਨਾਲ ਨਿਭਾਈ ਜਾ ਰਹੀ ਹੈ। ਇਹ ਵਿਚਾਰ ਨਿੱਕੀਆਂ ਕਰੂੰਬਲਾਂ ਪਾਠਕ ਮੰਚ ਵੱਲੋਂ ਕਰਵਾਏ ਸਨਮਾਨ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੁੰਦਿਆਂ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਆਖੇ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ਼ਵਿੰਦਰਜੀਤ ਸਿੰਘ ਬੈਂਸ ਰਿਟਾਇਰਡ ਐਸਪੀ ਨੇ ਕਿਹਾ ਕਿ ਬਲਜਿੰਦਰ ਮਾਨ ਦੀ ਦੇਣ ਤੋਂ ਬਾਅਦ ਉਹਨਾਂ ਦਾ ਚਿਰਾਗ ਉਹਨਾਂ ਦੁਆਰਾ ਬਣਾਈ ਅਮੀਰ ਵਿਰਾਸਤ ਨੂੰ ਸੰਭਾਲਣ ਅਤੇ ਅੱਗੇ ਪੇਸ਼ ਕਰਨ ਦੇ ਯਤਨ ਕਰ ਰਿਹਾ ਹੈ। ਸਮੁੱਚਾ ਇਲਾਕਾ ਉਨਾਂ ਦੀ ਸਾਹਿਤਕ ਸਮਾਜਿਕ ਸੱਭਿਆਚਾਰਕ ਖੇਡ ਦੇਣ ਤੇ ਮਾਣ ਕਰਦਾ ਹੈਲ ਮਨੁੱਖਤਾ ਦੇ ਵਿਕਾਸ ਵਿੱਚ ਨਿੱਕੀਆਂ ਕਰੂੰਬਲਾਂ ਰਸਾਲਾ ਅਹਿਮ ਯੋਗਦਾਨ ਪਾ ਰਿਹਾ ਹੈ। ਰੌਚਕ ਅਤੇ ਨਰੋਈ ਸਮੱਗਰੀ ਨਾਲ ਬਾਲ ਜੀਵਨ ਦੀ ਬੁਨਿਆਦ ਨੂੰ ਮਜਬੂਤ ਬਣਾਇਆ ਜਾਂਦਾ ਹੈਲ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਸਾਬਕਾ ਜ਼ਿਲਾ ਖੇਤੀਬਾੜੀ ਅਫਸਰ ਰੋਸ਼ਨਜੀਤ ਸਿੰਘ ਪਨਾਮ ਨੇ ਕਿਹਾ ਕਿ ਤਿੰਨ ਦਹਾਕਿਆਂ ਤੋਂ ਲਗਾਤਾਰ ਪ੍ਰਕਾਸ਼ਨ ਨਾਲ ਇਹ ਰਸਾਲਾ ਇੰਡੀਆ ਬੁੱਕ ਆਫ ਵਿਸ਼ਵ ਰਿਕਾਰਡ ਵਿੱਚ ਦਰਜ ਹੋ ਚੁੱਕਾ ਹੈ ਲ ਬਾਲ ਸਾਹਿਤ ਦੇ ਖੇਤਰ ਵਿੱਚ ਮਾਹਿਲਪੁਰ ਇਲਾਕੇ ਦੀ ਇਹ ਇੱਕ ਹੋਰ ਵੱਡੀ ਪ੍ਰਾਪਤੀ ਹੈ ਕਿ ਅੰਬਾਂ ਦਾ ਘਰ ਅਤੇ ਫੁੱਟਬਾਲ ਦੀ ਨਰਸਰੀ ਵਜੋਂ ਜਾਣੇ ਜਾਂਦੇ ਮਾਹਿਲਪੁਰ ਨੂੰ ਹੁਣ ਬਾਲ ਸਾਹਿਤ ਦੀ ਨਰਸਰੀ ਨਿੱਕੀਆਂ ਕਰੂੰਬਲਾਂ ਵੱਲੋਂ ਵਜੋਂ ਜਾਣਿਆ ਜਾਂਦਾ ਹੈ। ਪਾਠਕ ਮੰਚ ਵੱਲੋਂ 'ਕਰੂੰਬਲਾਂ ਨਿਊਜ਼' ਦੇ ਨੌਜਵਾਨ ਸੰਪਾਦਕ ਅਤੇ ਖਾਲਸਾ ਕਾਲਜ ਮਾਹਿਲਪੁਰ ਦੇ ਵਿਦਿਆਰਥੀ ਹਰਵੀਰ ਮਾਨ ਨੂੰ ਯੰਗ ਐਡੀਟਰ ਅਵਾਰਡ ਨਾਲ ਸਨਮਾਨਿਤ ਕਰਦਿਆਂ ਭਰਪੂਰ ਉਮੀਦਾਂ ਜ਼ਾਹਰ ਕੀਤੀਆਂ ਗਈਆਂ। ਇਸ ਮੌਕੇ ਨਿੱਕੀਆਂ ਕਰੂੰਬਲਾਂ ਪਾਠਕ ਮੰਚ ਦੇ ਮੈਂਬਰ ਸਾਹਿਲ, ਪ੍ਰਦੀਪ ਸਿੰਘ,ਪ੍ਰਭਜੋਤ ਸਿੰਘ, ਤਨਵੀਰ ਬੈਂਸ, ਅਮਨਦੀਪ ਮਾਨ, ਹਰਮਨ ਸੰਘਾ, ਚੰਦਨ ਦੀਪ ਤੋਂ ਇਲਾਵਾ ਪ੍ਰਿੰ. ਮਨਜੀਤ ਕੌਰ, ਹਰਮਨਪ੍ਰੀਤ ਕੌਰ, ਬੱਗਾ ਸਿੰਘ ਆਰਟਿਸਟ, ਸੁਖਮਨ ਸਿੰਘ, ਚੰਚਲ ਸਿੰਘ ਬੈਂਸ, ਨਿਧੀ ਅਮਨ ਸਹੋਤਾ, ਜਮਸ਼ੇਰ ਸਿੰਘ ਤੰਬੜ, ਕੁਲਵਿੰਦਰ ਸਿੰਘ, ਰਾਜ ਕੁਮਾਰ, ਸਟੇਟ ਅਵਾਰਡੀ ਟੀਚਰ ਜਗਦੀਸ਼ ਸਿੰਘ, ਮਨੋਜ ਕੁਮਾਰ ਆਦਿ ਪਾਠਕ ਅਤੇ ਸਾਹਿਤ ਪ੍ਰੇਮੀ ਹਾਜ਼ਰ ਹੋਏ ਲ ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਵੱਲੋਂ ਕੀਤਾ ਗਿਆ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿਕ ਕਰੋ:
www.deshdoaba.com
www.ambedkartimes.com

## ਸ਼ਹੀਦੇ ਆਜ਼ਮ ਸ ਭਗਤ ਸਿੰਘ ਦੇ ਸ਼ਹੀਦੀ ਦਿਵਸ ਤੇ ਵਿਸ਼ੇਸ਼

# ''ਬੁੱਤ ਵੱਲੋਂ ਦੋ ਸੁਆਲ''



ਅਵਤਾਰ ਲੰਗੇਰੀ
91-94632-60181

23 ਮਾਰਚ 1931 ਤੋਂ 15 ਅਗਸਤ 1947 ਤੱਕ ਦਾ ਸਫ਼ਰ ਤੈਅ ਕਰਦਿਆਂ ਭਾਵੇਂ ਇੱਕ ਸਮਝੌਤੇ ਤਹਿਤ ਅੰਗਰੇਜ਼ ਭਾਰਤ ਛੱਡ ਗਏ ਅਤੇ ਭਾਰਤ ਨੇ ਅਜ਼ਾਦੀ ਦਾ ਪਰਚਮ ਲਹਿਰਾ ਦਿੱਤਾ ਪਰ ਕੀ ਦੇਸ਼ ਅੰਦਰ ਵੱਸਦੇ ਕਰੋੜਾਂ ਭਾਰਤੀਆਂ ਦੀ ਜ਼ਿੰਦਗੀ ਵਿੱਚ ਕੋਈ ਇਨਕਲਾਬੀ ਤਬਦੀਲੀ ਆਈ? ਅਤੇ ਦੂਸਰਾ ਸੁਅਲ ਇਹ ਕਿ ਮੇਰੇ ਪਿਆਰੇ ਲੋਕੋ ਤੁਸੀਂ ਮੈਨੂੰ ਕੀ ਤੋਂ ਕੀ ਬਣਾ ਕੇ ਰੱਖ ਦਿੱਤਾ? ਬੁੱਤ ਨੇ ਕਿਹਾ ਕਿ ਇਹ ਦੋ ਸੁਆਲ ਹੀ ਮੇਰੇ ਜਿਹਨ ਅੰਦਰ ਘੁੰਮਦੇ ਹਨ ਬਾਕੀ ਸੁਆਲ ਕਦੇ ਫੇਰ ਸਹੀ।

ਸਭ ਤੋਂ ਪਹਿਲਾਂ ਤਾਂ ਅਸੀਂ ਸ਼ਹੀਦ ਭਗਤ ਸਿੰਘ ਦੇ ਬੁੱਤ ਮੂਹਰੇ ਨੱਤਮਸਤਕ ਹੁੰਦਿਆਂ ਉਸ ਦੇ ਪਹਿਲੇ ਸੁਆਲ ਦੇ ਜੁਆਬ ਵਿੱਚ ਚਰਚਾ ਕਰਾਂਗੇ ਕਿ ਤੁਸੀਂ ਅੱਜ ਦੇ ਦਿਨ ਆਪਣੇ ਇਨਕਲਾਬੀ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਸੰਗ ਦੇਸ਼ ਦੀ ਆਜ਼ਾਦੀ ਲਈ ਹੱਸ ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਚੁੰਮਦਿਆਂ ਇਹ ਕਿਹਾ ਸੀ ਕਿ "ਜਦ ਤੱਕ ਇਨਸਾਨ ਹੱਥੋਂ ਇਨਸਾਨ ਦੀ ਲੁੱਟ ਖਤਮ ਨਹੀਂ ਹੁੰਦੀ ਜੰਗ ਜਾਰੀ ਰਹੇਗੀ।" "ਇਨਕਲਾਬ ਤੋਂ ਸਾਡਾ ਭਾਵ ਜਾਤ ਪਾਤ ਰਹਿਤ ਸਮਾਜ ਦੀ ਸਿਰਜਣਾ। "

ਪਰ ਭਗਤ ਸਿਆਂ ਮੇਰਾ ਮਨ ਅੱਜ ਬਹੁਤ ਦੁਖੀ ਹੈ ਅਤੇ ਮੇਰੀ ਕਲਮ ਅੱਥਰੂ ਵਹਾਉਂਦੀ ਹੈ ਕਿ ਅੱਜ ਤੇਰੀ ਸ਼ਹਾਦਤ ਦੇ 93 ਵਰੇ ਬੀਤ ਜਾਣ ਤੇ ਵੀ ਤੇਰੀ ਸੋਚ ਦੇ ਸਮਾਜ ਦੀ ਸਿਰਜਣਾ ਤਾਂ ਕੀ ਸਗੋਂ ਇਨਸਾਨੀਅਤ ਦਾ ਹਰ ਤਰਾਂ ਨਾਲ ਘਾਣ ਜਾਰੀ ਹੈ। ਜਾਤ ਪਾਤ ਦੀਆਂ ਜ਼ੰਜੀਰਾਂ ਅਜੇ ਤੱਕ ਟੁੱਟ ਨਹੀਂ ਸਕੀਆਂ ਸਗੋਂ ਅੱਜ ਤੇਰਾ ਮੁਲਕ ਕਾਰਪੋਰੇਟਾਂ ਕੋਲ ਗਹਿਣੇ ਪੈ ਚੁੱਕਾ ਹੈ। ਗਰੀਬ ਦਿਨੋ ਦਿਨ ਗਰੀਬ ਅਤੇ ਅਮੀਰ ਰਾਤੋ ਰਾਤ ਅਮੀਰ ਹੋ ਰਿਹੈ। ਕਿਰਤੀ ਲੋਕ ਦੋ ਵਕਤ ਦੀ ਰੋਟੀ ਤੋਂ ਆਤੁਰ ਹਨ ਪੰਜਾਬ ਦੀ ਜਵਾਨੀ ਰੁਜ਼ਗਾਰ ਖਾਤਿਰ ਵਿਦੇਸ਼ਾਂ ਵਿੱਚ ਰੁਲਣ ਲਈ ਮਜ਼ਬੂਰ ਹੈ ॥ਕੁੱਲੀ ਗੁੱਲੀ ਜੁੱਲੀ ਦੀਆਂ ਮੁੱਢਲੀਆਂ ਲੋੜਾਂ ਤੋਂ ਹੋਰ ਪਿੱਛੇ ਹਟ ਲੇ ਦੇਖੀਏ ਤਾਂ ਲੋਕ ਖਾਂਸੀ ਜੁਕਾਮ ਅਤੇ ਬੁਖਾਰ ਵਰਗੀਆਂ ਮਾਮੂਲੀ ਬੀਮਾਰੀਆਂ ਦੇ ਇਲਾਜ ਕਰਾਉਣ ਦੇ ਵੀ ਸਮਰੱਥ ਨਹੀਂ ਹਨ ਇਨ੍ਹਾਂ ਛੋਟੀਆਂ ਮੋਟੀਆਂ ਬਿਮਾਰੀਆਂ ਨਾਲ ਮਰਨਾ ਵੀ ਗਰੀਬ ਲੋਕਾਂ ਦੇ ਹਿੱਸੇ ਆਇਆ ਹੈ। ਪੰਜਾਬ ਦੀ ਪਵਿੱਤਰ ਧਰਤੀ ਤੇ ਵਗਦੇ ਨਸ਼ਿਆਂ ਦੇ ਵਹਿਣ ਨੇ ਮਾਵਾਂ ਦੇ ਪੁੱਤਰ ਖਾ ਲਏ ਅਤੇ ਧੀਆਂਡ ਦੇ ਸੁਹਾਗ ਉਜਾੜ ਦਿੱਤੇ। ਇੱਕ ਪਾਸੇ ਮੁਲਕ ਦੇ ਮੁੱਠੀ ਭਰ ਲੋਕ ਜ਼ਿੰਦਗੀ ਦੀਆਂ ਬਿਹਤਰੀਨ ਸਹੂਲਤਾਂ ਦਾ ਅਨੰਦ ਮਾਣਦੇ ਖੂਬ ਅਯਾਸ਼ੀ ਕਰਦੇ ਹਨ ਪਰ ਦੂਸਰੇ ਪਾਸੇ ਕਰੋੜਾਂ ਲੋਕ ਦਿਨ ਭਰ ਮਿਹਨਤ ਕਰਨ ਉਪਰੰਤ ਵੀ ਫੁੱਟਪਾਥਾਂ ਤੇ ਰਾਤਾਂ ਕੱਟਣ ਲਈ ਮਜ਼ਬੂਰ ਹਨ



ਪੂਰਾ ਸਮਾਜ ਹੀ ਗਰੀਬੀ ਅਤੇ ਸਰਮਾਏਦਾਰੀ ਵਿੱਚ ਵੰਡਿਆ ਪਿਆ ਹੈ ਇੱਕ ਪਾਸੇ ਲੁੱਟੇ ਅਤੇ ਲਤਾੜੇ ਜਾਣ ਵਾਲੇ ਲੋਕ ਅਤੇ ਦੂਜੇ ਪਾਸੇ ਲੁੱਟਮਾਰ ਕਰਨਵਾਲੀ ਜਮਾਤ ਖੜ੍ਹੀ ਹੈ ਜਿਸ ਨੇ ਨਾ ਕੇਵਲ ਕਿਰਤੀ ਜਮਾਤ ਨੂੰ ਆਰਥਿਕ ਤੌਰ ਤੇ ਹੀ ਲੁੱਟਿਆ ਹੈ ਸਗੋਂ ਇਸ ਵਰਗ ਦੇ ਸੱਭਿਆਚਾਰ ਤੇ ਵੀ ਹੱਲਾ ਬੋਲ ਰੱਖਿਆ ਹੈ। ਇਸ ਵਰਗ ਨੂੰ ਤੇਰੇ ਸ਼ਹੀਦੀ ਸਮਾਗਮਾਂ ਵੇਲੇ ਵੀ ਅਸੱਭਿਅਕ ਗੀਤਾਂ ਵਿੱਚ ਗੜੁੱਚ ਕਰਕੇ ਤੇਰੀ ਸੋਚ ਤੋਂ ਪਰੇ ਰੱਖਣ ਦੇ ਯਤਨ ਜਾਰੀ ਹਨ। ਕਿੱਥੇ ਇਸ ਵਰਗ ਦਾ ਸੱਭਿਆਚਾਰ ਸੀ ਕਿ:-

"ਕਦੇ ਸਾਡਾ ਤਾਂ ਨਾਂ ਸੀ ਮਾਂ ਗੁਜ਼ਰੀ,
ਘੜੀ ਘੜੀ ਗੁਜ਼ਰੀ ਤੇ ਪਲ ਪਲ ਗੁਜ਼ਰੀ।
ਅਸਾਂ ਵਾਰ ਸਰਬੰਸ ਨਾ ਸੀ ਕੀਤੀ,
ਜਿਹੜੀ ਆਈ ਲਈ ਸਿਰਾਂ ਤੇ ਝੱਲ ਗੁਜ਼ਰੀ।"

ਤੇ ਹੁਣ ਇਨ੍ਹਾਂ ਲੁਟੇਰੀਆਂ ਜਮਾਤਾਂ ਨੇ ਸਾਡੇ ਸਮਾਜ ਦੇ ਬੱਚਿਆਂ ਅੱਲੜ ਉਮਰ ਦੇ ਮੁੰਡੇ ਕੁੜੀਆਂ ਅੱਗੇ ਮੋਬਾਇਲ ਅਤੇ ਇੰਟਰਨੈਟ ਦੇ ਜਰੀਏ ਸ਼ੋਸ਼ਲ ਮੀਡੀਆ ਦੇ ਨਾਂ ਤੇ ਅਜਿਹਾ ਨੰਗੇਜ਼ ਭਰਪੂਰ ਕਲਚਰ ਪੇਸ਼ ਕੀਤਾ ਹੈ ਜਿਸ ਵਿੱਚ ਸਾਡਾ ਇਹ ਬਚਪਨ ਬੁਰੀ ਤਰਾਂ ਫਸ ਚੁੱਕਾ ਹੈ ਉਦਾਹਰਣ ਵਜੋਂ ਅੱਜ ਜੇ ਕਿਸੇ ਵੀ ਬੱਚੇ ਨੂੰ ਕਿਸੇ ਗੀਤ ਦੀਆਂ ਦੋ ਲਾਈਨਾਂ ਗੁਣ ਗੁਣਾਉਣ ਨੂੰ ਕਹਿ ਦਿੱਤਾ ਜਾਵੇ ਤਾਂ ਉਹ ਕਿਸੇ ਵੀ ਲੱਚਰ ਗੀਤ ਦੀਆਂ ਤੁਕਾਂ ਬੜੇ ਚਾਅ ਨਾਲ ਗਾਉਣ ਲੱਗੇਗਾ ਜਿਵੇਂ ਜਿਵੇਂ ਕਿ "ਪਿਛਲੀ ਗਲੀ ਵਿਚੋਂ ਆ ਜਾ ਸੁਹਣਿਆ" ਆਦਿ ਜਿਨ੍ਹਾਂ ਦੀ ਝਲਕ ਅਸੀਂ ਅੱਜ ਦੀ ਨੌਜਵਾਨੀ ਵੱਲੋਂ ਫੇਸ ਬੁੱਕ ਅਤੇ ਇੰਸਟਰਾਗ੍ਰਾਮ ਤੇ ਪਾਈਆਂ ਰੀਲਾਂ ਤੋਂ ਪਾ ਸਕਦੇ ਹਾਂ।

ਇਹ ਸੁਣ ਕੇ ਭਗਤ ਸਿਆਂ ਬੜਾ ਦੁੱਖ ਹੁੰਦਾ ਹੈ ਕਿ ਜਿਸ ਔਰਤ ਨੇ ਤੈਨੂੰ ਜਨਮ ਦਿੱਤਾ ਜਿਸ ਔਰਤ ਦੇ ਪੇਟ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਵਰਗੇ ਮਹਾਨ ਰਹਿਬਰਾਂ ਨੇ ਜਨਮ ਲਿਆ ਹੈ ਉਸੇ ਹੀ ਔਰਤ ਜਾਤ ਨੂੰ ਦੋ ਗਿੱਠ ਕੱਪੜਿਆਂ ਵਿੱਚ ਮੀਡੀਆ ਵਿੱਚ ਦਿਖਾਇਆ ਜਾ ਰਿਹੈ ਅਤੇ ਢਿੱਡ ਨੂੰ ਝੁਲਕਾ ਦੇਣ ਖਾਤਰ ਅੱਜ ਵੀ ਤੇਰੇ ਦੇਸ਼ ਦੀਆਂ ਲੱਖਾਂ ਦੇਵੀਆਂ ਆਪਣਾ ਜਿਸਮ ਤੱਕ ਵੇਚਣ ਲਈ ਮਜ਼ਬੂਰ ਹਨ। ਸਿਹਤ, ਸਿੱਖਿਆ, ਘਰ, ਸਾਫ ਹਵਾ, ਪਾਣੀ, ਰੁਜ਼ਗਾਰ ਅਤੇ ਹੋਰ ਮੁੱਢਲੀਆਂ ਸਹੂਲਤਾਂ ਤੋਂ ਤੇਰੇ ਦੇਸ਼ ਦੇ ਕਰੋੜਾਂ ਕਿਰਤੀ ਲੋਕ ਵਾਂਝੇ ਹਨ। ਇਹ ਤਾਂ ਸੀ ਤੇਰੇ ਪਹਿਲੇ ਸੁਆਲ ਦਾ ਸੰਖੇਪ ਜਿਹਾ ਜੁਆਬ। ਪਰ ਵਿਸਥਾਰ ਨਾਲ ਲਿਖਣ ਲਈ ਤਾਂ ਕਲਮਾਂ ਦੀ ਸਿਆਹੀ ਮੁੱਕ ਜਾਵੇਗੀ, ਕਾਗਜ਼ ਖਤਮ ਹੋ ਜਾਣਗੇ ਪ੍ਰੰਤੂ ਮੇਰੇ ਦੇਸ਼ ਦੇ ਕਿਰਤੀਆਂ ਦੇ ਦੁੱਖੜੇ ਫਿਰ ਵੀ ਬਾਕੀ ਰਹਿ ਜਾਣਗੇ।

ਭਗਤ ਸਿਆਂ ਤੇਰੇ ਦੂਸਰੇ ਸੁਆਲ ਦੇ ਸੰਦਰਭ ਵਿੱਚ ਮੈਂ ਕਹਾਂਗਾ ਕਿ ਤੂੰ ਮੌਤ ਦਾ ਨਹੀਂ ਸਗੋਂ ਜ਼ਿੰਦਗੀ ਦਾ ਲਾੜਾ ਸੀ। ਜ਼ਿੰਦਗੀ ਦੇ ਗੀਤ ਗਾਉਣ ਵਾਲਾ ਜ਼ਿੰਦਗੀ ਦਾ ਆਸ਼ਕ। ਤੂੰ ਸ਼ਾਂਤੀ, ਆਜ਼ਾਦੀ, ਖੇੜੇ ਅਤੇ ਖੁਸ਼ਹਾਲੀ ਭਰੀ ਮਾਨਵੀ ਜ਼ਿੰਦਗੀ ਦੇ ਸੁਪਨੇ ਦੀ ਖੁਮਾਰੀ ਨਾਲ ਭਰਿਆ ਪਿਆ ਸੀ ਤੂੰ ਅੰਤਰ ਰਾਸ਼ਟਰੀ , ਕੌਮੀ ਅਤੇ ਸਥਾਨਕ ਪੱਧਰ ਦੀਆਂ ਤੱਤਕਾਲੀਨ ਰਾਜਨੀਤਿਕ ,ਸਮਾਜਿਕ ,ਆਰਥਿਕ ਅਤੇ ਪ੍ਰਸ਼ਾਸਨਿਕ ਸਥਿਤੀਆਂ ਨੂੰ ਸਮਝਣ ਸਮਝਾਉਣ ਲਈ ਅਤੇ ਲੋਕਾਂ ਨੂੰ ਅਜ਼ਾਦੀ , ਬਰਾਬਰੀ ਅਤੇ ਸਮਾਜਿਕ ਨਿਆਂ ਲਈ ਸ਼ੰਘਰਸ਼ ਕਰਨ ਹਿੱਤ ਜਾਗ੍ਰਿਤ ਕਰਨ ਲਈ ਤੁਰਿਆ ਸੀ ਨਾ ਕਿ ਮਰਨ ਲਈ।ਨਿਰੀ ਸ਼ਹੀਦੀ ਹੀ ਤੇਰੇ ਜੀਵਨ ਦਾ ਉਦੇਸ਼ ਨਹੀਂ ਸੀ। ਜਿੱਥੇ ਅੱਜ ਦਾ ਦਿਨ ਤੇਰੀ ਸ਼ਹਾਦਤ ਨਾਲ ਸਬੰਧਤ ਹੈ, ਉੱਥੇ ਸਾਰੇ ਸਾਲ ਦਾ ਸਬੰਧ ਉੱਚ ਆਦਰਸ਼ਾਂ ਨੂੰ ਸਮਰਪਿਤ ਤੇਰੀਆਂ ਸਾਰੀਆਂ ਸਰਗਰਮੀਆਂ ਨਾਲ ਹੈ। ਜੇਕਰ ਸਾਲ ਭਰ ਅਸੀਂ ਤੇਰੇ ਜੀਵਨ ਸੰਗਰਾਮ ਅਤੇ ਜੀਵਨ ਮਨੋਰਥ ਦਾ ਧਿਆਨ ਨਹੀਂ ਧਰਦੇ ਤਾਂ ਇੱਕ ਦਿਨ ਲਈ ਤੇਰੀ ਸ਼ਹਾਦਤ ਨੂੰ ਯਾਦ ਕਰਨ ਦੇ ਪਾਖੰਡ ਦਾ ਕੀ ਲਾਭ ਹੈ? ਤੁਸੀਂ 8 ਅਪਰੈਲ 1929 ਨੂੰ ਦਿੱਲੀ ਅਸੈਂਬਲੀ ਵਿੱਚ ਬੰਬ ਸੁੱਟਣ ਮਗਰੋਂ ਸੁੱਟੇ ਹੱਥ ਪਰਚਿਆਂ ਵਿੱਚ ਆਪਣੇ ਵਿਚਾਰਾਂ ਨੂੰ ਸ਼ਪੱਸ਼ਟ ਕੀਤਾ ਸੀ ਕਿ "ਅਸੀਂ ਮਨੁੱਖੀ ਜੀਵਨ ਨੂੰ ਬੜਾ ਪਵਿੱਤਰ ਪਵਿੱਤਰ ਮੰਨਦੇ ਹਾਂ ਅਤੇ ਉਸ ਦੇ ਸੁਨਹਿਰੀ ਭਵਿੱਖ ਦਾ ਸੁਪਨਾ ਦੇਖਦੇ ਹਾਂ ਜਦੋਂ ਮਨੁੱਖ ਪੂਰਨ ਸ਼ਾਂਤੀ ਅਤੇ ਅਜ਼ਾਦੀ ਨਾਲ ਵਿਚਰੇਗਾ। ਸਾਨੂੰ ਇਹ ਪ੍ਰਵਾਨ ਕਰਦਿਆਂ ਦੁੱਖ ਹੁੰਦਾ ਹੈ ਕਿ ਅਸੀਂ ਇਨਸਾਨੀ ਖੂਨ ਡੋਲਣ ਲਈ ਮਜਬੂਰ ਹੋਏ ਹਾਂ।" ਅਸੈਂਬਲੀ ਬੰਬ ਕੇਸ ਵਿੱਚ ਤੇਰਾ ਅਦਾਲਤੀ ਬਿਆਨ ਸੀ ਕਿ ਇਨਕਲਾਬ ਵਾਸਤੇ ਖੂਨੀ ਲੜਾਈਆਂ ਲੜਨੀਆਂ ਜਰੂਰੀ ਨਹੀਂ ਅਤੇ ਨਾ ਹੀ ਇਸ ਵਿੱਚ ਨਿੱਜੀ ਬਦਲੇ ਲਈ ਕੋਈ ਥਾਂ ਹੈ, ਇਹ ਬੰਬ ਅਤੇ ਪਿਸਤੌਲ ਦਾ ਫਿਰਕਾ ਨਹੀਂ, ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉੱਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜਰੂਰ ਬਦਲਣਾ ਚਾਹੀਦਾ ਹੈ। ਇਸੇ ਦੌਰਾਨ ਤੁਸੀਂ 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੀ ਕਾਨਫਰੰਸ ਜਿਸ ਦੇ ਸਭਾਪਤੀ ਸ਼ੁਭਾਸ਼ ਚੰਦਰ ਬੋਸ ਸਨ ਵਿੱਚ ਘੱਲੇ ਸੰਦੇਸ਼ ਵਿੱਚ ਕਿਹਾ ਸੀ ਕਿ "ਅਸੀਂ ਨੌਜਵਾਨਾਂ ਨੂੰ ਬੰਬ ਬੰਦੂਕਾਂ ਅਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ,ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਕਿਤੇ ਜਿਆਦਾ ਵੱਡੇ ਕੰਮ ਹਨ।"

ਭਗਤ ਸਿਆਂ ਮੇਰੇ ਲਈ ਅਤੇ ਸਮੁੱਚੀ ਕਿਰਤੀ ਜਮਾਤ ਲਈ ਤਾਂ ਤੂੰ ਇਸ ਦੁਨੀਆਂ ਤੇ ਉੱਚ ਕੋਟੀ ਦਾ ਫਿਲਾਸਫਰ, ਮੁਕਤੀ ਦਾਤਾ, ਮਾਰਗ ਦਰਸ਼ਕ, ਚਾਨਣ ਮੁਨਾਰਾ ਅਤੇ ਇਨਕਲਾਬੀ ਰਹਿਬਰ ਹੈਂ ਪਰ ਬੜਾ ਦੁੱਖ ਹੁੰਦਾ ਹੈ ਜਦੋਂ ਹਾਕਮ ਜਮਾਤਾਂ ਅਤੇ ਮੌਜੂਦਾ ਨਿਜਾਮ ਨੇ ਤੇਰੇ ਚਿਹਰੇ ਮੋਹਰੇ,ਤੇਰੀ ਸੋਚ, ਅਤੇ ਤੇਰੀ ਫਿਲਾਸਫੀ ਨੂੰ ਲੋਕਾਂ ਦੇ ਜਿਹਨ ਵਿੱਚ ਵੱਸਣ ਤੋਂ ਦੂਰ ਰੱਖਿਆ। ਸਮਕਾਲੀ ਦੌਰ ਦਾ ਸਮਾ ਹੋਰ ਵੀ ਭਿਆਨਕ ਹੈ ਜਦੋਂ ਖੁੱਲੀ ਆਰਥਿਕਤਾ ਦੇ ਨਾਂ ਤੇ ਅਖੌਤੀ ਵਿਸ਼ਵੀਕਰਨ ਦੇ ਵਿਕਾਸ ਮਾਡਲਾਂ ਦਾ ਢੰਡੋਰਾ ਪਿੱਟਿਆ ਜਾ ਰਿਹੈ। ਦੂਜੇ ਪਾਸੇ ਦੇਸ਼ ਅੰਦਰ ਲੋਕ ਸਰੋਕਾਰਾਂ ਨੂੰ ਸਮਰਪਿਤ ਕੋਈ ਠੋਸ ਵਿਚਾਰਧਾਰਾ ਜਾਂ ਲਹਿਰ ਦੀ ਗੈਰਹਾਜ਼ਰੀ ਵਿੱਚ ਇਤਹਾਸ ਦੇ ਇਨਕਲਾਬੀ ਸੂਰਬੀਰਾਂ ਤੋਂ ਵਿਚਾਰਧਾਰਕ ਸੇਧ ਲੈਣ ਦੀ ਬਜਾਏ ਇਨ੍ਹਾਂ ਨਾਇਕਾਂ ਦੇ ਬਿੰਬਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਅੱਜ ਤੁਹਾਨੂੰ ਟੀ ਸ਼ਰਟਾਂ, ਪੀਲੀਆਂ ਪੱਗਾਂ ਅਤੇ ਸਟਿੱਕਰਾਂ ਵਿੱਚ ਉਲਝਾ ਕੇ ਤੁਹਾਡੀ ਸੋਚ ਅਤੇ ਚਿੰਤਨ ਨਾਲ ਧ੍ਰੋਹ ਕੀਤਾ ਜਾ ਰਿਹੈ। ਕਿਤੇ ਤੇਰੀ ਮੁੱਛ ਵਾਲੀ ਫੋਟੋ ਲਾ ਕੇ ਲਿਖਿਆ ਹੁੰਦਾ ਕਿ "ਹੱਟ ਪਿੱਛੇ ਮਿੱਤਰਾਂ ਦੀ ਮੁੱਛ ਦਾ ਸੁਆਲ ਐ" ਅਤੇ ਕਿਤੇ ਪਿਸਤੌਲ ਵਾਲੀ ਫੋਟੋ ਲਾ ਕੇ ਲਿਖਣਾ ਕਿ "ਅੰਗਰੇਜ਼ ਖੰਘੇ ਸੀ ਤਾਂਹੀਓਂ ਟੰਗੇ ਸੀ" ਆਦਿ ਦਾ ਫੈਲਾਅ ਮੰਡੀਵਾਦੀ ਤਾਕਤਾਂ ਦੇ ਭਾਰੂ ਹੋਣ ਦਾ ਸੰਕੇਤ ਹੈ ਜਿਸ ਨਾਲ ਤੇਰੇ ਤਰਕਸ਼ੀਲ ਚਿੰਤਕ , ਵਿਚਾਰਵਾਨ, ਸਮਾਜਵਾਦੀ ਅਤੇ ਦੂਰ ਦਰਸ਼ੀ ਸੋਚ ਵਾਲੇ ਬਿੰਬ ਨੂੰ ਨਵੀਂ ਅਤੇ ਪੁਰਾਣੀ ਪੀੜ੍ਹੀ ਨੂੰ ਦੂਰ ਕੀਤਾ ਜਾ ਰਿਹਾ ਹੈ।

ਤੂੰ ਤਾਂ ਸਾਂਡਰਸ ਦੇ ਕਤਲ ਤੋਂ ਬਾਅਦ ਲਹੌਰ ਤੋਂ ਨਿਕਲ ਕੇ ਕਲਕੱਤਾ ਜਾਣ ਲਈ ਅੰਗਰੇਜ਼ਾਂ ਵਰਗਾ ਨਕਲੀ ਭੇਸ ਬਣਾਇਆ ਸੀ ਤਾਂ ਜੋ ਗ੍ਰਿਫ਼ਤਾਰੀ ਤੋਂ ਬਚਦਿਆਂ ਦੇਸ਼ ਅਤੇ ਦੇਸ਼ ਦੇ ਲੋਕਾਂ ਸੰਗ ਵਫ਼ਾ ਨਿਭਾਈ ਜਾ ਸਕੇ ਪ੍ਰੰਤੂ ਅੱਜ ਦੇ ਮੌਜੂਦਾ ਪ੍ਰਬੰਧ ਵੱਲੋਂ ਤੇਰੇ ਨਕਲੀ ਭੇਸ ਨੂੰ ਤੇਰਾ ਸਥਾਈ ਬਿੰਬ ਪੇਸ਼ ਕਰਨ ਦਾ ਕੋਝਾ ਕਾਰਨਾਮਾ ਕੀਤਾ ਜਾ ਰਿਹੈ ਤਾਂ ਜੋ ਤੇਰਾ ਅਸਲੀ ਪ੍ਰਭਾਵ ਲੋਕਾਂ ਦੇ ਜਿਹਨ ਅੰਦਰ ਨਾ ਬੈਠ ਸਕੇ। ਲੋੜਾਂ ਦੀ ਲੋੜ ਤਾ ਇਹ ਸੀ ਕਿ ਤੇਰੇ ਵਰਗੇ ਕੌਮੀ ਪਰਵਾਨਿਆਂ ਦੀਆਂ ਲਿਖਤਾਂ ਨੂੰ ਭਾਰਤੀ ਸੰਵਿਧਾਨ ਦੇ ਖਰੜੇ ਵਿੱਚ ਸ਼ਾਮਲ ਕੀਤਾ ਜਾਂਦਾ। ਤੁਹਾਡੇ ਬੁੱਤ ਪਾਰਲੀਮੈਂਟਾਂ, ਰਾਜ ਸਭਾਵਾਂ, ਵਿਧਾਨਸਭਾਵਾਂ ਅਤੇ ਹੋਰ ਢੁੱਕਵੀਆਂ ਥਾਵਾਂ ਤੇ ਲਗਾ ਕੇ ਲੋਕ ਮਨਾ ਅੰਦਰ ਕੌਮੀ ਪ੍ਰਵਾਨਿਆਂ ਦੀ ਸੋਚ ਦੀ ਲਾਟ ਨੂੰ ਮਘਦੀ ਰੱਖਿਆ ਜਾਂਦਾ ਪ੍ਰੰਤੂ ਇੰਜ ਨਹੀਂ ਹੋਇਆ। ਮੇਰੇ ਦੋਸਤ! ਗੱਲ ਇੱਥੇ ਹੀ ਖਤਮ ਨਹੀਂ ਹੋ ਜਾਂਦੀ ਕਈ ਚਿੱਤਰਕਾਰਾਂ ਨੇ ਤਾਂ ਤੇਰੀਆਂ ਮੁੱਛਾਂ ਨੂੰ ਇੰਨੀਆਂ ਲੰਮੀਆਂ ਅਤੇ ਭਰਵੀਆਂ ਦਿਖਾਇਆ ਹੈ ਕਿ ਤੇਰੀ ਉਮਰ ਹੀ ਅਸਲੀ ਉਮਰ ਨਾਲੋਂ ਡੇਢੀ ਦੁੱਗਣੀ ਨਜ਼ਰ ਆਉਂਦੀ ਹੈ।

ਅੱਜਕੱਲ੍ਹ ਤੇਰਾ ਇੱਕ ਪੋਸਟਰ ਬੜਾ ਪ੍ਰਚੱਲਿਤ ਹੈ ਜਿਸ ਵਿਚ ਤੈਨੂੰ ਅਸ਼ੋਕ ਚੱਕਰ ਵਾਲਾ ਵੱਡਾ ਸਾਰਾ ਝੰਡਾ ਫੜੀ ਦਿਖਾਇਆ ਗਿਆ ਹੈ ਜਦ ਕਿ ਵਰਤਮਾਨ ਰਾਸ਼ਟਰੀ ਝੰਡੇ ਦਾ ਇਹ ਸਰੂਪ ਤੇਰੀ ਸ਼ਹਾਦਤ ਤੋਂ ਇੱਕ ਦਹਾਕੇ ਤੋਂ ਵੀ ਵੱਧ ਸਮੇ ਮਗਰੋਂ ਹੋਂਦ ਵਿੱਚ ਆਇਆ ਸੀ। ਜਿੰਨੀ ਗੈਰਜ਼ਿੰਮੇਵਾਰੀ ਦਾ ਪ੍ਰਦਰਸ਼ਨ ਇਨ੍ਹਾਂ ਪੋਸਟਰ ਬਣਾਉਣ ਵਾਲੇ ਪੰਜਾਬੀ ਚਿੱਤਰਕਾਰਾਂ ਨੇ ਕੀਤਾ ਹੈ ਸ਼ਾਇਦ ਹੀ ਕਿਸੇ ਹੋਰ ਵਰਗ ਨੇ ਕੀਤਾ ਹੋਵੇਗਾ। ਜਿਸਦਾ ਅਗਾਂਹਵਧੂ ਸੰਸਥਾਵਾਂ,ਸਿੱਖਿਆ ਅਤੇ ਪੁਰਾਤਤਵ ਇਤਿਹਾਸ ਨਾਲ ਜੁੜੇ ਵਿਭਾਗਾਂ ਨੂੰ ਨੋਟਸ ਲੈਣਾ ਬਣਦਾ ਹੈ।ਤੇਰੇ ਅਕਸ ਨੂੰ ਵਿਗਾੜਨ ਦੀ ਰਹਿੰਦੀ ਕਸਰ ਬੇਸੁਰਾ ਗਾਉਣ ਵਾਲੇ ਪੰਜਾਬੀ ਦੇ ਫੁਕਰੇ ਕਲਾਕਾਰ ਪੂਰੀ ਕਰੀ ਜਾ ਰਹੇ ਹਨ ਜਿਨ੍ਹਾਂ ਨੂੰ ਕੰਨਾਂ ਵਿੱਚ ਤੇਲ ਪਾਈ ਜਨਤਾ ਬਿਨਾ ਸੋਚੇ ਸਮਝੇ ਦੇਖੀ ਅਤੇ ਸੁਣੀ ਜਾ ਰਹੀ ਹੈ।ਲੋਕਾਂ ਨੂੰ ਸ਼ਾਇਦ ਆਪਣੇ ਅਮੀਰ ਸੱਭਿਆਚਾਰ ਅਤੇ ਵਿਰਸੇ ਉਪਰ ਹੋ ਰਹੇ ਕੋਝੇ ਹਮਲੇ ਦੀ ਸਾਰ ਨਹੀਂ ਹੈ।ਬੱਸ! ਮੈਂ ਤੇਰੇ ਦੂਸਰੇ ਸੁਆਲ ਦਾ ਜੁਆਬ ਵੀ ਆਪਣੀ ਤੁਸ਼ ਜਿਹੀ ਬੁੱਧੀ ਅਨੁਸਾਰ ਇਨ੍ਹਾਂ ਕੁ ਹੀ ਦੇਣ ਦੇ ਕਾਬਿਲ ਹਾਂ। ਮੇਰੇ ਅੰਦਰ ਤੇਰੇ ਇਨ੍ਹਾਂ ਸੁਆਲਾਂ ਦੇ ਜੁਆਬ ਦੇਣ ਦੀ ਯੋਗਤਾ ਤਾਂ ਨਹੀ ਹੈ ਪਰ ਫਿਰ ਵੀ ਮੈਂ ਕੋਸ਼ਿਸ਼ ਜਰੂਰ ਕੀਤੀ ਹੈ। ਅੰਤ ਵਿੱਚ ਅੱਜ ਮੈਂ ਆਪਣੇ ਪਿੰਡ ਲੰਗੇਰੀ ਵਿੱਚ ਤੇਰੇ ਬੁੱਤ ਦੇ ਸਾਹਮਣੇ ਖੜ੍ਹਾ ਹੋ ਕੇ ਤੇਰੇ ਨਾਲ ਗੱਲਬਾਤ ਕਰਨ ਦਾ ਹੌਸਲਾ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਤੂੰ ਇੱਕ ਵਾਰ ਫਿਰ ਪਰਤੇਂਗਾ ਤੇ ਫਿਰ ਮੇਰੇ ਨਾਲ ਗੱਲਬਾਤ ਕਰਨ ਦੀ ਬਜਾਏ ਹੁਣ ਦੇ ਹਾਲਾਤਾਂ ਨੂੰ ਆਪਣੀਆਂ ਅੱਖਾਂ ਨਾਲ ਦੇਖ ਅਤੇ ਕੰਨਾਂ ਨਾਲ ਸੁਣ ਸਕੇਂਗਾ। ਫਿਰ ਇਹ ਲੋਕ ਦੋਖੀ ਨਿਜ਼ਾਮ ਢਹਿ ਢੇਰੀ ਹੋਵੇਗਾ ਤੇ ਹਕੀਕਤ ਵਿੱਚ ਤੇਰੇ ਸੁਪਨਿਆਂ ਦਾ ਭਾਰਤ ਤੇਰੇ ਵਿਚਾਰਾਂ ਨਾਲ ਸਿਰਜੇਗਾ। ਯੁਗਾਂ ਯੁਗਾਤਰਾਂ ਤੱਕ ਨੌਜਵਾਨ ਰਹਿਣ ਵਾਲੇ ਭਗਤ ਸਿਆਂ ਅਸੀਂ ਬੁੱਢੇ ਹੋ ਜਾਣਾ, ਮਰ ਮੁੱਕ ਜਾਣਾ ਪਰ ਤੂੰ ਹਮੇਸ਼ਾਂ 23 ਸਾਲ ਦਾ ਭਰ ਜਵਾਨ ਨੌਜਵਾਨ ਗੱਭਰੂ ਹੀ ਰਹਿਣੈਂ। ਇਸ ਉਮੀਦ ਨਾਲ ਕਿ ਤੇਰੀ ਸੋਚ ਦਾ ਢਾਂਚਾ ਫਿਰ ਉੱਸਰੇਗਾ ਤੇ ਮੈਂ ਤੇਰੇ ਪਰਤਣ ਤੇ ਤੇਰੇ ਅਤੇ ਤੇਰੇ ਲੋਕਾਂ ਸੰਗ ਮਿਲ ਕੇ ਗਾਵਾਂਗਾ:-

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ ,
ਮਝਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ।
ਦੁਨੀਆਂ ਤੇ ਇੱਕੋ ਹੀ ਜਮਾਤ ਹੋਵੇਗੀ,
ਰੋਜ਼ ਹੀ ਦੀਵਾਲੀ ਵਾਲੀ ਰਾਤ ਹੋਵੇਗੀ।
ਰੱਜ਼ ਰੱਜ਼ ਖਾਣਗੇ ਕਮਾਊ ਹਾਣੀਆਂ,
ਸੋਨੇ ਦੀ ਸਵੇਰ ਫਿਰ ਆਊ ਹਾਣੀਆਂ ॥

# ਜੇਈਈ ਮੇਨ ਤੋਂ ਪਰੇ

ਭਾਰਤ ਵਿੱਚ, ਇੰਜੀਨੀਅਰਿੰਗ ਇੱਕ ਉੱਚ ਤਰਜੀਹੀ ਕੈਰੀਅਰ ਵਿਕਲਪਾਂ ਵਿੱਚੋਂ ਇੱਕ ਹੈ। ਜਿੱਥੇ ਚਾਹਵਾਨ ਦੇਸ਼ ਦੇ ਚੋਟੀ ਦੇ ਆਈ ਆਈ ਟੀ ਕਾਲਜਾਂ ਵਿੱਚ ਦਾਖਲਾ ਲੈਣ ਦੀ ਇੱਛਾ ਰੱਖਦੇ ਹਨ, ਉਹ ਜੇਈਈ ਮੇਨ ਅਤੇ ਐਡਵਾਂਸਡ ਪ੍ਰੀਖਿਆਵਾਂ ਲਈ ਸਮਰਪਿਤ ਤੌਰ 'ਤੇ ਤਿਆਰੀ ਕਰਦੇ ਹਨ। ਹਾਲਾਂਕਿ, ਵੱਖ-ਵੱਖ ਰਾਸ਼ਟਰੀ ਅਤੇ ਰਾਜ-ਪੱਧਰੀ ਇੰਜੀਨੀਅਰਿੰਗ ਦਾਖਲਾ ਪ੍ਰੀਖਿਆਵਾਂ ਦੇਸ਼ ਦੇ ਕੁਝ ਪ੍ਰਮੁੱਖ ਇੰਜੀਨੀਅਰਿੰਗ ਕਾਲਜਾਂ ਵਿੱਚ ਦਾਖਲਾ ਦਿੰਦੀਆਂ ਹਨ। ਇੱਥੇ, ਕੁਝ ਕਾਲਜ ਦੇਸ਼ ਦੇ ਹੇਠਲੇ ਐਨ ਆਈ ਟੀ ਨਾਲੋਂ ਵੀ ਵਧੀਆ ਰੈਂਕਿੰਗ ਰੱਖਦੇ ਹਨ। ਹਰ ਸਾਲ ਕਈ ਇੰਜਨੀਅਰਿੰਗ ਇਮਤਿਹਾਨਾਂ ਦਾ ਆਯੋਜਨ ਕੀਤਾ ਜਾਂਦਾ ਹੈ, ਆਓ ਬੀਟੇਕ ਕੋਰਸਾਂ ਵਿੱਚ ਦਾਖਲੇ ਦੇ ਯੋਗ ਬਣਾਉਣ ਵਾਲੀਆਂ ਕੁਝ ਪ੍ਰਮੁੱਖ ਇੰਜੀਨੀਅਰਿੰਗ ਪ੍ਰੀਖਿਆਵਾਂ ਨੂੰ ਸੂਚੀਬੱਧ ਕਰੀਏ। ਵਿਜੇ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਿਸਟ, ਨੇ ਉਹਨਾਂ ਵਿਦਿਆਰਥੀਆਂ ਲਈ ਵਿਕਲਪਿਕ ਮਾਰਗ ਪ੍ਰਦਾਨ ਕੀਤੇ ਹਨ ਜੋ ਹੋ ਸਕਦਾ ਹੈ ਕਿ ਸੰਯੁਕਤ ਪ੍ਰਵੇਸ਼ ਪ੍ਰੀਖਿਆ (ਜੇ.ਈ.ਈ.) ਨੂੰ ਦੁਹਰਾਉਣਾ ਨਹੀਂ ਚਾਹੁੰਦੇ ਜਾਂ ਜੋ ਆਪਣੇ ਯਤਨਾਂ ਵਿੱਚ ਸਫਲ ਨਹੀਂ ਹੋਏ।

1. ਬਿਟਸੈਟ ਹਰ ਸਾਲ ਬਿਰਲਾ ਇੰਸਟੀਚਿਊਟ ਆਫ ਟੈਕਨਾਲੋਜੀ ਐਂਡ ਸਾਇੰਸ ਪਿਲਾਨੀ ਦੁਆਰਾ ਆਯੋਜਿਤ ਕੀਤਾ ਜਾਂਦਾ ਹੈ। ਇਮਤਿਹਾਨ ਔਨਲਾਈਨ ਕੰਪਿਊਟਰ-ਅਧਾਰਿਤ ਮੋਡ ਵਿੱਚ 3 ਘੰਟੇ ਲਈ ਆਯੋਜਿਤ ਕੀਤਾ ਜਾਂਦਾ ਹੈ। 390 ਅੰਕਾਂ ਵਾਲਾ ਪੂਰਾ ਪੇਪਰ ਉਮੀਦਵਾਰਾਂ ਨੂੰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਗਣਿਤ, ਅੰਗਰੇਜ਼ੀ ਮੁਹਾਰਤ ਅਤੇ ਲਾਜ਼ੀਕਲ ਤਰਕ ਦੇ ਉਨ੍ਹਾਂ ਦੇ ਗਿਆਨ 'ਤੇ ਟੈਸਟ ਕਰਦਾ ਹੈ। ਬਿਟਸੈਟ ਦੇ ਸੈਸ਼ਨ 2 ਲਈ ਰਜਿਸਟ੍ਰੇਸ਼ਨ 22 ਮਈ ਤੋਂ ਸ਼ੁਰੂ ਹੋਵੇਗੀ ਅਤੇ 10 ਜੂਨ ਤੱਕ ਵਧੇਗੀ, ਅਤੇ ਪ੍ਰੀਖਿਆ 22 ਤੋਂ 26 ਜੂਨ, 2024 ਤੱਕ ਹੋਣੀ ਤੈਅ ਹੈ। ਪ੍ਰੀਖਿਆ ਲਈ ਯੋਗਤਾ ਪੂਰੀ ਕਰਦੇ ਹੋਏ, ਉਮੀਦਵਾਰ ਪਿਲਾਨੀ, ਗੋਆ ਅਤੇ ਹੈਦਰਾਬਾਦ ਦੇ ਤਿੰਨ ਬਿਟਸੈ ਕੈਂਪਸਾਂ ਵਿੱਚੋਂ ਕਿਸੇ ਵਿੱਚ ਵੀ ਦਾਖਲਾ ਲੈ ਸਕਦੇ ਹਨ। ਇਮਤਿਹਾਨ ਦਾ ਉੱਤਰ ਦੇਣ ਦੇ ਯੋਗ ਹੋਣ ਲਈ, ਉਮੀਦਵਾਰਾਂ ਨੂੰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿੱਚ 10+2 ਜਾਂ ਇਸਦੇ ਬਰਾਬਰ ਦੀ ਪ੍ਰੀਖਿਆ ਤਿੰਨ ਵਿਸ਼ਿਆਂ ਵਿੱਚ ਘੱਟੋ ਘੱਟ 75 ਪ੍ਰਤੀਸ਼ਤ ਅੰਕਾਂ ਨਾਲ ਪਾਸ ਕਰਨ ਦੀ ਲੋੜ ਹੁੰਦੀ ਹੈ ਜਦੋਂ ਕਿ ਹਰੇਕ ਵਿਸ਼ੇ ਵਿੱਚ ਘੱਟੋ ਘੱਟ 60 ਪ੍ਰਤੀਸ਼ਤ ਅੰਕ ਪ੍ਰਾਪਤ ਹੁੰਦੇ ਹਨ।



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

2. ਸੀਓਐਮਈਡੀਕੇ ਜੇਈਈ ਤੋਂ ਇਲਾਵਾ ਚੋਟੀ ਦੀਆਂ 10 ਇੰਜੀਨੀਅਰਿੰਗ ਦਾਖਲਾ ਪ੍ਰੀਖਿਆਵਾਂ ਵਿੱਚੋਂ ਇੱਕ ਹੈ। ਇਹ ਇੱਕ ਬਹੁਤ ਹੀ ਪ੍ਰਤੀਯੋਗੀ ਪ੍ਰੀਖਿਆ ਹੈ ਜੋ ਕਰਨਾਟਕ ਵਿੱਚ ਸੰਬੰਧਿਤ ਪ੍ਰਾਈਵੇਟ ਕਾਲਜਾਂ ਵਿੱਚ ਅੰਡਰਗ੍ਰੈਜੂਏਟ ਕੋਰਸਾਂ ਵਿੱਚ ਦਾਖਲਾ ਪ੍ਰਦਾਨ ਕਰਦੀ ਹੈ। ਪ੍ਰੀਖਿਆ (ਕੰਪਿਊਟਰ-ਅਧਾਰਿਤ ਟੈਸਟ) ਮੋਡ ਵਿੱਚ ਮੈਡੀਕਲ, ਇੰਜੀਨੀਅਰਿੰਗ ਅਤੇ ਡੈਂਟਲ ਕਾਲਜਾਂ ਦੇ ਕੰਸੋਰਟੀਅਮ ਦੁਆਰਾ ਸਾਲਾਨਾ ਆਯੋਜਿਤ ਕੀਤੀ ਜਾਂਦੀ ਹੈ। ਪੇਪਰ ਵਿੱਚ (ਮਲਟੀਪਲ ਚੁਆਇਸ ਪ੍ਰਸ਼ਨ) ਹੁੰਦੇ ਹਨ ਜਿਨ੍ਹਾਂ ਨੂੰ 3 ਭਾਗਾਂ ਵਿੱਚ ਵੰਡਿਆ ਜਾਂਦਾ ਹੈ: ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ। ਪੂਰੀ ਇਮਤਿਹਾਨ 3 ਘੰਟਿਆਂ ਤੋਂ ਵੱਧ ਦਾ ਸਮਾਂ ਹੈ ਅਤੇ ਕੁੱਲ 180 ਪ੍ਰਸ਼ਨ ਪੁੱਛੇ ਗਏ ਹਨ। ਪ੍ਰੀਖਿਆ ਲਈ ਰਜਿਸਟ੍ਰੇਸ਼ਨ 5 ਅਪ੍ਰੈਲ, 2024 ਤੱਕ ਖੁੱਲ੍ਹੀ ਹੈ, ਅਤੇ ਪ੍ਰੀਖਿਆ 12 ਮਈ, 2024 ਨੂੰ ਹੋਣੀ ਹੈ।

3. ਵੀਆਈਟੀਈਈਈ ਨੂੰ ਜੇਈਈ ਤੋਂ ਇਲਾਵਾ ਸਭ ਤੋਂ ਵੱਕਾਰੀ ਇੰਜੀਨੀਅਰਿੰਗ ਦਾਖਲਾ ਪ੍ਰੀਖਿਆਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਵੇਲੋਰ ਇੰਸਟੀਚਿਊਟ ਆਫ ਟੈਕਨਾਲੋਜੀ ਦੁਆਰਾ ਆਯੋਜਿਤ ਪ੍ਰੀਖਿਆ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਗਣਿਤ, ਅੰਗਰੇਜ਼ੀ ਅਤੇ ਯੋਗਤਾ ਵਿੱਚ ਉਮੀਦਵਾਰਾਂ ਦੀ ਪ੍ਰੀਖਿਆ ਕਰਦੀ ਹੈ। ਵੀਆਈਟੀਈਈਈ ਇੱਕ ਔਨਲਾਈਨ ਮੋਡ ਪ੍ਰੀਖਿਆ ਹੈ ਜਿੱਥੇ 2 ਘੰਟੇ ਅਤੇ 30 ਮਿੰਟ ਲਈ 125 ਉਦੇਸ਼ ਪ੍ਰਸ਼ਨ ਪੁੱਛੇ ਜਾਂਦੇ ਹਨ। ਇਹ ਸਿਲੇਬਸ 11ਵੀਂ ਅਤੇ 12ਵੀਂ ਜਮਾਤ ਦੇ ਐਨਸੀਆਰਟੀ ਪਾਠਕ੍ਰਮ 'ਤੇ ਆਧਾਰਿਤ ਹੈ। ਇਮਤਿਹਾਨ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਉਮੀਦਵਾਰਾਂ ਨੂੰ 10+2 ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਵਿੱਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿੱਚ ਘੱਟੋ-ਘੱਟ ਕੁੱਲ 60 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਚਾਹੀਦੇ ਹਨ। ਇਮਤਿਹਾਨ ਲਈ ਅਪਲਾਈ ਕਰਨ ਦਾ ਆਖਰੀ ਦਿਨ 31 ਮਾਰਚ, 2024 ਹੈ, ਅਤੇ ਪ੍ਰੀਖਿਆ 19 ਤੋਂ 30 ਅਪ੍ਰੈਲ, 2024 ਦੇ ਵਿਚਕਾਰ ਹੋਵੇਗੀ।

4. ਐਸਆਰਐਮ ਇੰਸਟੀਚਿਊਟ ਆਫ਼ ਸਾਇੰਸ ਐਂਡ ਟੈਕਨਾਲੋਜੀ ਦੁਆਰਾ ਕਰਵਾਈ ਗਈ ਪ੍ਰੀਖਿਆ ਕਟਨਕੁਲਾਥੁਰ, ਰਾਮਾਪੁਰਮ, ਵਡਾਪਲਾਨੀ ਅਤੇ ਦਿੱਲੀ-ਐਨਸੀਆਰ ਦੇ ਕੈਂਪਸਾਂ ਵਿੱਚ ਬੀਟੈਕ ਪ੍ਰੋਗਰਾਮਾਂ ਵਿੱਚ ਦਾਖਲੇ ਦੀ ਪੇਸ਼ਕਸ਼ ਕਰਦੀ ਹੈ। ਔਨਲਾਈਨ ਮੋਡ ਵਿੱਚ ਆਯੋਜਿਤ, ਭੌਤਿਕ ਵਿਗਿਆਨ, ਰਸਾਇਣ ਅਤੇ ਗਣਿਤ ਤੋਂ ਇਲਾਵਾ, ਅੰਗਰੇਜ਼ੀ ਅਤੇ ਯੋਗਤਾ 'ਤੇ ਵੀ ਪ੍ਰਸ਼ਨ ਪੁੱਛੇ ਜਾਂਦੇ ਹਨ। ਕੁੱਲ 125 ਸਵਾਲ ਪੁੱਛੇ ਜਾਂਦੇ ਹਨ, ਅਤੇ ਹਰੇਕ ਸਵਾਲ ਵਿੱਚ 1 ਅੰਕ ਹੁੰਦਾ ਹੈ। ਐਸਆਰਐਮ ਜੇਈਈ ਲਈ ਰਜਿਸਟ੍ਰੇਸ਼ਨਾਂ 15 ਜੂਨ, 2024 ਨੂੰ ਖਤਮ ਹੋ ਜਾਣਗੀਆਂ,ਅਤੇ ਪ੍ਰੀਖਿਆ 21 ਅਤੇ 23 ਜੂਨ ਨੂੰ ਕਰਵਾਈ ਜਾਵੇਗੀ।

5. ਬੀਐਸਸੀ ਕੋਰਸ BTech ਕੋਰਸਾਂ ਲਈ ਅਪਲਾਈ ਕਰਨ ਤੋਂ ਇਲਾਵਾ, ਵਿਦਿਆਰਥੀ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿੱਚ ਬੈਚਲਰ ਆਫ਼ ਸਾਇੰਸ ਦੀ ਚੋਣ ਵੀ ਕਰ ਸਕਦੇ ਹਨ। ਕੋਰਸ ਵਿਦਿਆਰਥੀਆਂ ਵਿੱਚ ਵਿਗਿਆਨਕ ਸਿਧਾਂਤਾਂ, ਸਿਧਾਂਤਾਂ ਅਤੇ ਵਿਧੀਆਂ ਦੀ ਬੁਨਿਆਦੀ ਸਮਝ ਵਿਕਸਿਤ ਕਰਨ ਲਈ ਤਿਆਰ ਕੀਤੇ ਗਏ ਹਨ। ਦਿਲਚਸਪੀ ਰੱਖਣ ਵਾਲੇ ਵਿਦਿਆਰਥੀ ਸੀਯੂਈਟੀ ਯੂਜੀ ਲਈ ਹਾਜ਼ਰ ਹੋ ਸਕਦੇ ਹਨ ਜੋ ਕਿ ਦਿੱਲੀ ਯੂਨੀਵਰਸਿਟੀ, ਬਨਾਰਸ ਹਿੰਦੂ ਯੂਨੀਵਰਸਿਟੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਅਤੇ ਜਾਮੀਆ ਮਿਲੀਆ ਇਸਲਾਮੀਆ ਦੇ ਵੱਕਾਰੀ ਕਾਲਜਾਂ ਵਿੱਚ ਦਾਖਲੇ ਲਈ ਇੱਕ ਗੇਟਵੇ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਇਤਿਹਾਸਕ ਗੁਰਦੁਆਰਾ ਸ੍ਰੀ ਬੀੜ ਗੁਰੂ ਜੰਡ ਸਾਹਿਬ ਪਾਤਸ਼ਾਹੀ 10ਵੀਂ



ਤਸਵਿੰਦਰ ਸਿੰਘ ਬੜੈਚ
91-98763-22677

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਬੀੜ ਗੁਰੂ ਜੰਡ ਸਾਹਿਬ ਇਤਿਹਾਸਕ ਗੁਰੂਘਰ ਹੈ। ਇਹ ਗੁਰੂਘਰ ਸ੍ਰੀ ਚਮਕੌਰ ਸਾਹਿਬ ਤੋਂ ਸੱਤ ਕਿਲੋਮੀਟਰ ਤੇ ਨਹਿਰ ਸਰਹਿੰਦ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਪੱਛਮ ਵੱਲ੍ਹ ਨੂੰ ਸੁਸ਼ੋਭਿਤ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 7 ਪੋਹ ਦੀ ਰਾਤ ਮੁਗਲਾਂ ਨਾਲ ਯੁੱਧ ਕਰਨ ਉਪਰੰਤ ਕੱਚੀ ਗੜ੍ਹੀ ਸ੍ਰੀ ਚਮਕੌਰ ਸਾਹਿਬ ਤੋਂ ਪੰਜ ਪਿਆਰਿਆਂ ਦੇ ਹੁਕਮ ਨੂੰ ਪ੍ਰਵਾਨ ਕਰਦੇ ਹੋਏ ਗੁਰੂ ਜੀ ਨੇ ਚਮਕੌਰ ਦੀ ਗੜੀ ਛੱਡ ਕੇ ਮਾਛੀਵਾੜੇ ਵੱਲ੍ਹ ਨੂੰ ਚਾਲੇ ਪਾ ਦਿੱਤੇ। ਫਿਰ ਇਸ ਅਸਥਾਨ 'ਤੇ ਜੋ ਕਿ ਸ੍ਰੀ ਚਮਕੌਰ ਸਾਹਿਬ ਤੋਂ 7 ਕਿਲੋਮੀਟਰ ਦੀ ਦੂਰੀ 'ਤੇ ਹੈ ਇਥੇ ਗੁਰੂ ਜੀ ਨੇ ਇੱਕ ਜੰਡ ਦੇ ਦਰੱਖਤ ਹੇਠਾਂ ਆ ਆਰਾਮ ਕੀਤਾ ਸੀ। ਗੁਰਦੁਆਰਾ ਬੀੜ ਗੁਰੂ ਜੰਡ ਸਾਹਿਬ ਵਾਲੇ ਸਥਾਨ 'ਤੇ ਇੱਕ ਜੰਡ ਦਾ ਦਰੱਖਤ ਹੁੰਦਾ ਸੀ ਜੋ ਅੱਜ ਵੀ ਮੌਜੂਦ ਹੈ। ਇਸ ਬੀੜ ਵਿੱਚ ਮੱਝਾਂ ਚਾਰਦੇ ਅਲਫੂ ਤੇ ਗਾਮੂ ਨਾਂਅ ਦੇ ਦੋ ਬੰਦਿਆਂ ਨੂੰ ਜਦੋਂ ਗੁਰੂ ਜੀ ਦੇ ਇੱਥੇ ਆਰਾਮ ਕਰਨ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਦੋਹਾਂ ਨੇ ਪੈਸਿਆਂ ਦੇ ਲਾਲਚ ਵਿਚ ਆ ਕੇ ਮੁਗਲ ਸੂਹੀਆਂ ਨੂੰ ਇਸ ਬਾਰੇ ਸੂਹ ਦੇਣ ਦੀ ਸੋਚੀ। ਇਸ ਬਾਰੇ ਜਦੋਂ ਗੁਰੂ ਜੀ ਨੂੰ ਪਤਾ ਲੱਗਾ ਤਾਂ ਗੁਰੂ ਜੀ ਨੇ ਉਹਨਾਂ ਨੂੰ ਬਹੁਤ ਸਮਝਾਇਆ



ਕਿ ਉਹ ਮੁਖਬਰੀ ਵਾਲਾ ਕੰਮ ਨਾ ਕਰਨ ਤੇ ਡੰਗਰ ਪਾਲਣ ਦੇ ਕਿੱਤੇ ਤੱਕ ਹੀ ਸੀਮਤ ਰਹਿਣ। ਪਰ ਅਲਫੂ ਤੇ ਗਾਮੂ, ਗੁਰੂ ਜੀ ਦੇ ਸਮਝਾਉਣ ਤੇ ਵੀ ਨਾ ਮੰਨੇ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸੋਧ ਕੇ ਹਮੇਸ਼ਾਂ ਲਈ ਚੁੱਪ ਕਰਾ ਦਿੱਤਾ ਅਤੇ 8 ਪੋਹ ਦੀ ਰਾਤ ਨੂੰ ਗੁਰੂ ਸਾਹਿਬ ਜੀ ਨੇ ਝਾੜ ਸਾਹਿਬ ਵੱਲ੍ਹ ਨੂੰ ਚਾਲੇ ਪਾ ਦਿੱਤੇ। ਇਹ ਇਤਿਹਾਸਕ ਗੁਰਦੁਆਰਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਨੇੜਲੇ ਪੰਜ ਪਿੰਡਾਂ ਫ਼ਤਹਿਪੁਰ ਮਹਿਤੂਤਾਂ, ਖੋਖਰਾ, ਰਹੀਮਾਬਾਦ, ਖਾਨਪੁਰ ਤੇ ਬੀੜ ਗੁਰੂ ਵਿੱਚੋਂ ਚੁਣੀ ਗਈ ਸਥਾਨਕ ਕਮੇਟੀ ਇਸ ਇਤਿਹਾਸਕ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਤੇ ਦੇਖਰੇਖ ਕਰਦੀ ਹੈ। ਇਸ ਗੁਰਦੁਆਰਾ ਬੀੜ ਗੁਰੂ ਜੰਡ ਸਾਹਿਬ ਦੇ ਨਾਂਅ 74 ਕਿੱਲੇ ਜ਼ਮੀਨ ਹੈ। ਜਿਸ ਜੰਡ ਹੇਠ ਗੁਰੂ ਜੀ ਨੇ ਆਰਾਮ ਕੀਤਾ ਸੀ ਉਹ ਜੰਡ ਅੱਜ ਵੀ ਹਰਿਆ-ਭਰਿਆ ਹੈ ਤੇ ਸੰਗਤਾਂ ਨੂੰ ਖੁਸ਼ਬੂ ਤੇ ਗੁਰੂ ਸਾਹਿਬ ਦੀ ਪਵਿੱਤਰ ਛੋਹ ਵੰਡ ਰਿਹਾ ਹੈ।

ਗੁਰਦੁਆਰੇ ਦੇ ਵਿਹੜੇ ਵਿੱਚ ਖਿੜੇ ਭਾਂਤ-ਭਾਂਤ ਦੇ ਫੁੱਲ ਵੀ ਸਰਧਾਲੂਆਂ ਨੂੰ ਖੁਸ਼ਬੂਆਂ ਵੰਡਦੇ ਹਨ। ਹਜ਼ਾਰਾਂ ਸੰਗਤਾਂ ਰੋਜਾਨਾਂ ਇਸ ਗੁਰੂਘਰ ਦੇ ਦਰਸ਼ਨ ਕਰਨ ਆਉਂਦੀਆਂ ਹਨ ਤੇ ਮਨ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ। ਲੰਗਰ ਦਾ ਅਟੁੱਟ ਪ੍ਰਬੰਧ ਹੈ ਤੇ ਰਿਹਾਇਸ਼ ਦਾ ਵੀ ਖੁੱਲ੍ਹਾ ਇੰਤਜ਼ਾਮ ਹੈ।

ਇਸ ਇਤਿਹਾਸਕ ਅਸਥਾਨ ਦੇ ਦਰਸ਼ਨ ਕਰਕੇ ਮਨ ਖੁਸ਼ ਹੋ ਜਾਂਦਾ ਹੈ ਤੇ ਇਕ ਅਲੱਗ ਹੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਅਲੱਗ ਹੀ ਮਹਿਸੂਸ ਹੁੰਦਾ ਹੈ।

## ਬਾਬਾ ਸਾਹਿਬ ਦੇ ਮਿਸ਼ਨ ਦੇ ਸਮੱਰਥਕ ਅਤੇ ਬਹੁਜਨ ਸਮਾਜ ਅੰਦੋਲਨ ਦੇ ਸਹਿਯੋਗੀ ਰਹੇ ਸਵਰਗਵਾਸੀ ਸ੍ਰੀ ਕਿਸ਼ੋਰੀ ਲਾਲ ਬਾਵੇਰਵਾਲ ਦੇ ਭੋਗ ਤੇ ਵਿਸ਼ੇਸ਼



ਲਾਲ ਸਿੰਘ ਸੁਲਹਾਣੀ
91-98721-55120

ਭਾਰਤ ਦੀ ਆਜ਼ਾਦੀ ਤੋਂ ਮਹਿਜ਼ ਸੌ ਦਿਨ ਪਹਿਲਾਂ 4 ਮਈ 1947 ਨੂੰ ਸਵਰਗਵਾਸੀ ਸ੍ਰੀ ਪਰਤਾ ਰਾਮ ਜੀ ਦੇ ਗ੍ਰਹਿ ਵਿਖੇ ਮਾਤਾ ਮਾੜੀ ਦੇਵੀ ਦੀ ਕੁੱਖੋਂ ਸ੍ਰੀ ਕਿਸ਼ੋਰੀ ਲਾਲ ਬਾਵੇਰਵਾਲ ਦਾ ਜਨਮ ਹੋਇਆ। ਬਚਪਨ ਵਿਚ ਹੀ ਮਾਂ ਦਾ ਸਾਇਆ ਉਹਨਾਂ ਦੇ ਸਿਰ ਤੋਂ ਉਠ ਗਿਆ। ਆਪਣੇ ਛੋਟੇ ਭਾਈ ਹਰਬੰਸ ਲਾਲ ਦਾ ਪਾਲਣ ਪੋਸ਼ਣ ਕਰਨ ਲਈ ਉਹ ਆਪਣੇ ਪਿਤਾ ਨਾਲ ਪਰਵਾਰਕ ਕੰਮਾਂ ਚ ਹੱਥ ਵਟਾਉਂਦੇ ਰਹੇ। ਗਰੀਬੀ ਤੇ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਉਹ ਪੜ੍ਹਾਈ ਵਿਚ ਵਿਸ਼ੇਸ਼ ਰੁਚੀ ਰੱਖਦੇ ਸਨ। ਉਹਨਾਂ ਨੇ 1964 ਵਿਚ ਦਸਵੀਂ ਪਾਸ ਕਰ ਲਈ ਅਤੇ ਹਾਇਰ ਸੈਕੰਡਰੀ ਸਕੂਲ ਵਿਚ ਦਾਖਲ ਹੋ ਗਏ। ਪੜ੍ਹਾਈ ਦੇ ਨਾਲ ਨਾਲ ਉਹਨਾਂ ਨੇ ਬਿਜਲੀ ਫਿਟਿੰਗ ਦਾ ਕੰਮ ਸਿੱਖ ਲਿਆ। ਉਹ ਸਖ਼ਤ ਮਿਹਨਤ ਕਰਕੇ ਪਰਵਾਰ ਦੀ ਖੁਸ਼ਹਾਲੀ ਲਈ ਯਤਨਸ਼ੀਲ ਰਹੇ। ਉਹਨਾਂ ਨੇ ਕੁਝ ਸਮਾਂ ਪੰਜਾਬ ਰੋਡਵੇਜ਼ ਅਤੇ ਨਹਿਰੀ ਵਿਭਾਗ ਵਿਚ ਨੌਕਰੀ ਕੀਤੀ। 7 ਜੁਲਾਈ 1968 ਨੂੰ ਉਹਨਾਂ ਦੀ ਸ਼ਾਦੀ ਸ੍ਰੀ ਮਤੀ ਅੰਗੂਰੀ ਦੇਵੀ ਨਾਲ ਹੋ ਗਈ। 23 ਜੁਲਾਈ 1970 ਨੂੰ ਉਹ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਬਤੌਰ ਲੈਬ ਅਟੈਂਡਡੈਂਟ ਨਿਯੁਕਤ ਹੋ ਗਏ।

ਉਹਨਾਂ ਦੇ ਗ੍ਰਹਿ ਵਿਖੇ ਤਿੰਨ ਪੁੱਤਰ ਤੇ ਦੋ ਧੀਆਂ ਨੇ ਜਨਮ ਲਿਆ। ਜੇਠੇ ਪੁੱਤਰ ਸ੍ਰੀ ਬਾਲ ਕ੍ਰਿਸ਼ਨ ਬਤੌਰ ਏ ਐਸ ਆਈ ਪੰਜਾਬ ਪੁਲੀਸ ਐਸ ਐਸ ਪੀ ਦਫ਼ਤਰ ਫਰੀਦਕੋਟ ਵਿਖੇ ਸੇਵਾਵਾਂ ਨਿਭਾਅ ਰਹੇ ਹਨ। ਉਹ ਬੜੇ ਸੁਲਝੇ, ਸਾਊ ਤੇ ਮਿਲਣਸਾਰ ਸੁਭਾਅ ਦੇ ਮਾਲਕ ਹਨ। ਉਹਨਾਂ ਦੀ ਪਤਨੀ ਬੀਬੀ ਸੰਤੋਸ਼ ਰਾਣੀ ਮਿਲਣਸਾਰ ਅਤੇ ਸਾਊ ਸੁਭਾਅ ਵਾਲੀ ਔਰਤ ਹੈ।



Late Shri Kishori Lal Bawerwal
4 May 1947 - 7 March 2024

ਉਹਨਾਂ ਦੇ ਦੂਸਰੇ ਪੁੱਤਰ ਸ੍ਰੀ ਮਨਮੋਹਨ ਕ੍ਰਿਸ਼ਨ ਕਮਿਸਟਰੀ ਪ੍ਰੋਫੈਸਰ ਵਜੋਂ ਸਰਕਾਰੀ ਬਹੁ ਤਕਨੀਕੀ ਕਾਲਜ ਕੋਟ ਕਪੂਰਾ ਵਿਖੇ ਤੈਨਾਤ ਹਨ। ਜੋ ਬਹੁਤ ਪਿਆਰੇ ਤੇ ਸਾਊ ਵਧੀਆ ਸੁਭਾਅ ਦੇ ਮਨੁੱਖ ਹਨ। ਉਹਨਾਂ ਦੀ ਪਤਨੀ ਬੀਬੀ ਰਾਜ ਰਾਣੀ ਸਰਕਾਰੀ ਅਧਿਆਪਕਾ ਵਜੋਂ ਤੈਨਾਤ ਹਨ।

ਉਹਨਾਂ ਦੇ ਤੀਜੇ ਪੁੱਤਰ ਐਡਵੋਕੇਟ ਅਵਤਾਰ ਕ੍ਰਿਸ਼ਨ ਜੋ ਫਰੀਦ ਕੋਟ ਜ਼ਿਲ੍ਹਾ ਕਚਹਿਰੀਆਂ ਵਿਚ ਬਤੌਰ ਸੀਨੀਅਰ ਵਕੀਲ ਪਰੈਕਟਿਸ ਕਰਦੇ ਹਨ ਅਤੇ ਆਪਣੇ ਪਿਤਾ ਵਲੋਂ ਵਿਰਸੇ ਵਿਚ ਮਿਲੀ ਗੁੜ੍ਹਤੀ ਵਜੋਂ ਸਮਾਜ ਸੇਵਾ ਲਈ ਤੱਤਪਰ ਰਹਿੰਦੇ ਹਨ। ਉਹ ਵਰਤਮਾਨ ਸਮੇਂ ਪੰਜਾਬ ਬਹੁਜਨ ਸਮਾਜ ਪਾਰਟੀ ਦੇ ਸੂਬਾ ਸਕੱਤਰ ਹਨ। ਉਹ ਬੜੀ ਸਿਦਕ ਦਿਲੀ, ਦਿਆਨਤਦਾਰੀ ਤੇ ਮਿਹਨਤ ਨਾਲ ਆਪਣੀ ਜ਼ਿਮੇਵਾਰੀ ਨਿਭਾਅ ਰਹੇ ਹਨ। ਉਹਨਾਂ ਦੀ ਪਤਨੀ ਬੀਬੀ ਸੁਨੀਤਾ ਰਾਣੀ ਸਰਕਾਰੀ ਅਧਿਆਪਕਾ ਵਜੋਂ ਤੈਨਾਤ ਹਨ ਜੋ ਬਹੁਤ ਸੁਸ਼ੀਲ, ਮਿਲਣਸਾਰ ਅਤੇ ਮਿਸ਼ਨਰੀ ਔਰਤ ਹੈ।

ਸ੍ਰੀ ਕਿਸ਼ੋਰੀ ਲਾਲ ਜੀ ਦੀ ਇਕ ਲੜਕੀ ਅਨੀਤਾ ਦੇਵੀ ਜਿਨ੍ਹਾਂ ਦੀ ਇਕ ਹਾਦਸੇ ਚ ਮੌਤ ਹੋ ਗਈ ਸੀ ਅਤੇ ਦੂਸਰੀ ਲੜਕੀ ਬੀਬੀ ਸੁਨੀਤਾ ਰਾਣੀ ਆਪਣੇ ਘਰ ਖੁਸ਼ਹਾਲ ਜੀਵਨ ਬਸਰ ਕਰ ਰਹੀ ਹੈ।

ਸਵਰਗਵਾਸੀ ਸ੍ਰੀ ਕਿਸ਼ੋਰੀ ਲਾਲ ਬਾਵੇਰਵਾਲ ਜੀ 2005 ਵਿਚ ਬਤੌਰ ਐਸ ਐਲ ਏ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਸੇਵਾ ਮੁਕਤ ਹੋਏ। ਉਹਨਾਂ ਨੇ ਆਪਣੇ ਜੀਵਨ ਦੌਰਾਨ ਸਖ਼ਤ ਮਿਹਨਤ ਅਤੇ ਸੰਘਰਸ਼ ਕਰਕੇ ਆਪਣੇ ਬੱਚਿਆਂ ਨੂੰ ਵਧੀਆ ਤੇ ਮਿਆਰੀ ਜੀਵਨ ਜਿਉਣ ਦੇ ਕਾਬਲ ਬਨਾਉਣ ਲਈ ਉੱਚ ਸਿੱਖਿਆ ਦੇ ਨਾਲ ਨਾਲ ਆਪਣੇ ਰਹਿਬਰਾਂ ਦੇ ਸੁਪਨੇ ਸਾਕਾਰ ਕਰਨ ਲਈ ਭਾਰਤੀ ਸੰਵਿਧਾਨ ਦੇ ਰਚੇਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਮਿਸ਼ਨ ਨਾਲ ਵੀ ਜੋੜਿਆ। ਜਿੱਥੇ ਨੌਕਰੀ ਦੌਰਾਨ ਉਹ ਬਤੌਰ ਬਾਮਸੇਫ ਕਾਰਜ ਕਰਤਾ ਬਹੁਜਨ ਸਮਾਜ ਦੇ ਮਸੀਹਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸਮਾਜਕ ਪ੍ਰਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਵਿਚ ਸਹਿਯੋਗੀ ਰਹੇ ਉੱਥੇ ਸੇਵਾ ਮੁਕਤੀ ਉਪਰੰਤ ਉਹ ਸਮਾਜਕ ਤੇ ਧਾਰਮਕ ਕਾਰਜਾਂ ਵਿਚ ਜੁਟ ਗਏ ਤੇ ਗੁਰੂ ਰਵਿਦਾਸ ਦਾ ਚਿਤਵਿਆ ਬੇਗਮਪੁਰਾ ਵਸਾਉਣ ਲਈ ਰਹਿਬਰਾਂ ਦਾ ਮਿਸ਼ਨ ਘਰ ਘਰ ਪੁਚਾਉਣ ਲਈ ਸੰਘਰਸ਼ੀਲ ਰਹੇ।

7 ਮਾਰਚ 2024 ਨੂੰ ਸੰਖੇਪ ਬੀਮਾਰੀ ਕਾਰਨ ਸ੍ਰੀ ਕਿਸ਼ੋਰੀ ਲਾਲ ਬਾਵੇਰਵਾਲ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਅੱਜ ਮਿਤੀ 13 ਮਾਰਚ ਨੂੰ (12-00 ਤੋਂ 1-00 ਵਜੇ) ਵਿਸ਼ਵ ਕਰਮਾਂ ਭਵਨ ਕੋਟਕਪੂਰਾ ਵਿਖੇ ਉਹਨਾਂ ਦੀ ਅੰਤਮ ਅਰਦਾਸ ਮੌਕੇ ਪਰਵਾਰ ਦੇ ਦੁੱਖ ਵਿਚ ਸ਼ਰੀਕ ਹੁੰਦਿਆਂ ਉਹਨਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕਰਦੇ ਹਾਂ।

### ਵਿਸ਼ਵ ਰੰਗ ਮੰਚ ਦਿਹਾੜਾ ਸਮਾਗਮ ਮੌਕੇ

## ਕਲਮ, ਕਲਾ ਅਤੇ ਲੋਕਾਂ ਦੀ ਜੋਟੀ ਪੱਕੀ ਕਰਨ ਦਾ ਅਹਿਦ













**ਜਲੰਧਰ (ਜਨ ਸੰਗਰਾਮ ਚੁੰਬਰ/ ਜਸਪਾਲ ਕੁਮਾਰ ਆਜ਼ਾਦ)–** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੇਸ਼ ਭਗਤ ਯਾਦਗਾਰ ਹਾਲ 'ਚ ਮਨਾਏ ਵਿਸ਼ਵ ਰੰਗ ਮੰਚ ਦਿਹਾੜੇ ਮੌਕੇ ਹੋਏ ਸਮਾਗਮ 'ਚ ਅਹਿਦ ਕੀਤਾ ਗਿਆ ਕਿ ਰੰਗ ਮੰਚ, ਕਲਮ, ਕਲਾ ਅਤੇ ਲੋਕਾਂ ਦੀ ਗਲਵੱਕੜੀ ਮਜ਼ਬੂਤ ਕਰਨ ਲਈ ਹਰ ਸੰਭਵ ਯਤਨ ਕੀਤਾ ਜਾਏਗਾ।

ਨੋਰਵੀਜੀਅਨ ਲੇਖਕ ਅਤੇ ਨਾਟਕਕਾਰ ਜੋਨਫੌਜ਼ ਵੱਲੋਂ ਵਿਸ਼ਵ ਰੰਗ ਮੰਚ ਦਿਹਾੜੇ 'ਤੇ ਜਾਰੀ ਕੌਮਾਂਤਰੀ ਸੁਨੇਹਾ ਸਾਂਝਾ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਅੱਜ ਦੇ ਸੁਨੇਹੇ ਦਾ ਹੋਕਾ ਹੈ ਕਿ ਸਮਾਜ ਅੰਦਰਲੀਆਂ ਵਿਲੱਖਣਤਾਵਾਂ ਨੂੰ ਨਸ਼ਟ ਕਰਕੇ ਜਾਂ ਯੁੱਧ ਦੇ ਜੋਰ ਸ਼ਾਂਤੀ ਦਫ਼ਨ ਕਰਕੇ ਕੁੱਝ ਬਣਾਉਣ ਦਾ ਸੋਚਣਾ ਕਲਾ ਦੀ ਵੰਨ-ਸੁਵੰਨਤਾ ਅਤੇ ਸੁਹਜ਼ ਦੇ ਅਨੁਕੂਲ ਨਹੀਂ। ਉਹਨਾਂ ਕਿਹਾ ਕਿ ਜੇ ਸਮਾਜ ਅੰਦਰ ਲੁੱਟ, ਅਨਿਆਂ ਰਹੇਗਾ ਤਾਂ ਰੰਗਮੰਚ ਵੀ ਨਾਬਰੀ ਅਤੇ ਸੰਗਰਾਮ ਦੀ ਬਾਤ ਪਾਉਂਦਾ ਰਹੇਗਾ। ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਵੱਲੋਂ ਧੰਨਵਾਦ ਦੇ ਸ਼ਬਦ ਕਹਿਣ ਅਤੇ ਵਿਸ਼ਵ ਰੰਗ ਮੰਚ ਦਿਹਾੜੇ ਦੀ ਮੁਬਾਰਕਵਾਦ ਦੇਣ ਉਪਰੰਤ ਕਮੇਟੀ ਦੇ ਸੀਨੀਅਰ ਟਰੱਸਟੀ ਪ੍ਰੋ. ਵਰਿਆਮ ਸਿੰਘ ਸੰਧੂ ਨੇ ਆਪਣੇ ਸੰਬੋਧਨ 'ਚ ਰੰਗ ਮੰਚ ਦੀ ਸਮਾਜ ਨੂੰ ਅਮੁੱਲੀ ਦੇਣ ਅਤੇ ਇਸਦੀ ਠੁੱਕਦਾਰ ਵਿਲੱਖਣ ਹੈਸੀਅਤ ਦੇ ਮਾਣ-ਸਨਮਾਨ ਭਰੀ ਰਵਾਨਗੀ ਦੀ ਪੁੱਗਤ ਬਾਰੇ ਗੱਲਾਂ ਕੀਤੀਆਂ। ਉਹਨਾਂ ਸਮਾਜਕ ਤਬਦੀਲੀ ਵਿੱਚ ਰੰਗ ਮੰਚ ਦੀ ਅਥਾਹ ਦੇਣ ਦਾ ਪ੍ਰਭਾਵਸ਼ਾਲੀ ਜ਼ਿਕਰ ਕਰਦਿਆਂ ਕਿਹਾ ਕਿ ਲੋਕ-ਸਰੋਕਾਰਾਂ ਅਤੇ ਲੋਕ-ਮਨੋਭਾਵਨਾਵਾਂ ਨਾਲ ਜੁੜੀ ਰੰਗ ਮੰਚ ਦੀ ਵਿਧਾ ਅਨੇਕਾਂ ਚੁਣੌਤੀਆਂ ਸਰ ਕਰਦੀ ਹੋਈ ਭਵਿੱਖ਼ ਵਿੱਚ ਹੋਰ ਵੀ ਮਾਣਮੱਤਾ ਸਥਾਨ ਹਾਸਲ ਕਰੇਗੀ।

ਵਿਸ਼ਵ ਰੰਗ ਮੰਚ ਦਿਹਾੜੇ ਮੌਕੇ ਬੀਤੇ ਦਿਨੀਂ ਵਿਛੜੇ ਰੰਗ ਕਰਮੀ ਵਿਕਰਮ ਠਾਕੁਰ ਅਤੇ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਦੇ ਬਾਨੀ ਅਮਰਜੀਤ ਪ੍ਰਦੇਸੀ ਦੀਆਂ ਤਸਵੀਰਾਂ ਨੂੰ ਫੁੱਲ ਭੇਂਟ ਕੀਤੇ। ਮੋਮਬੱਤੀਆਂ ਜਗਾਈਆਂ ਅਤੇ ਉਹਨਾਂ ਦੇ ਅਦਬ 'ਚ ਖੜ੍ਹੇ ਹੋਏ ਲੋਕਾਂ ਨੇ ਸੁਰਜੀਤ ਪਾਤਰ ਦੇ ਬੋਲਾਂ ਨੂੰ ਉਚਿਆਇਆ,"ਉੱਠ! ਜਗਾ ਦੇ ਮੋਮਬੱਤੀਆਂ!''

ਇਸ ਮੌਕੇ ਵਿਕਰਮ ਦੀ ਭੈਣ ਡਾ. ਇੰਦੂ ਠਾਕੁਰ, ਭਣੋਈਆਂ ਡਾ. ਮਨਜੀਤ, ਜੀਵਨ ਸਾਥਣ ਕਵਿਤਾ ਠਾਕੁਰ ਅਤੇ ਬੱਚੇ ਵੀ ਮੌਜੂਦ ਸਨ। ਇਸ ਮੌਕੇ ਵਿਕਰਮ ਦੀ ਭੈਣ ਡਾ. ਇੰਦੂ ਠਾਕੁਰ ਨੇ ਭਾਵਪੂਰਤ ਸ਼ਬਦਾਂ 'ਚ ਸ਼ਰਧਾਂਜ਼ਲੀ ਭੇਂਟ ਕੀਤੀ। ਸਮਾਗਮ 'ਚ ਪ੍ਰੋ. ਪਾਲੀ ਭੁਪਿੰਦਰ ਦੀ ਰਚਨਾ, ਅਸ਼ੋਕ ਕਲਿਆਣ, ਹਰਜੀਤ ਸਿੰਘ, ਵਿਕਾਸ ਦੀ ਨਿਰਦੇਸ਼ਨਾ 'ਚ 'ਮੈਂ ਫਿਰ ਆਵਾਂਗਾ' ਅਤੇ ਐਡਵੋਕੇਟ ਨੀਰਜ ਕੌਸ਼ਿਕ ਦੀ ਰਚਨਾ ਅਤੇ ਨਿਰਦੇਸ਼ਨਾ 'ਚ 'ਏਕ ਅਨੇਕ' ਨਾਟਕ ਖੇਡੇ ਗਏ। ਨਾਟਕਾਂ ਨੇ ਸੁਨੇਹਾ ਦਿੱਤਾ ਕਿ ਕਿਸੇ ਵਿਅਕਤੀ ਨੂੰ ਜਿਸਮਾਨੀ ਤੌਰ 'ਤੇ ਮਿਟਾ ਦੇਣ ਨਾਲ ਉਸਦੇ ਵਿਚਾਰਾਂ ਨੂੰ ਕਦਾਚਿਤ ਨਹੀਂ ਮਿਟਾਇਆ ਜਾ ਸਕਦਾ, ਉਨ੍ਹਾਂ ਦੇ ਵਿਚਾਰ ਘਾਹ ਵਾਂਗ ਫਿਰ ਉੱਗ ਪੈਂਦੇ ਹਨ।

ਨਛੱਤਰ ਮਾਲੜੀ ਅਤੇ ਨਵਜੋਤ ਮਾਲੜੀ ਦੁਆਰਾ ਤਿਆਰ ਟੀਮ ਦੇ ਬਾਲ ਕਲਾਕਾਰਾਂ ਮੀਨਾਕਸ਼ੀ ਅਤੇ ਰਾਮ ਕ੍ਰਿਸ਼ਨ ਨੇ 'ਫਾਂਸੀ' ਕੋਰਿਓਗਰਾਫ਼ੀ ਪੇਸ਼ ਕੀਤੀ। ਫਰੈਂਡਜ਼ ਥੀਏਟਰ, ਸਟਾਈਲ ਆਰਟਸ ਐਸੋਸੀਏਸ਼ਨ, ਬਾਲ ਕਲਾਕਾਰ ਮਾਲੜੀ ਵਾਲਿਆਂ ਦਾ ਕਮੇਟੀ ਵੱਲੋਂ ਕਿਤਾਬਾਂ ਦੇ ਸੈਟ ਨਾਲ ਸਨਮਾਨ ਕੀਤਾ ਗਿਆ। ਕਮੇਟੀ ਮੈਂਬਰ ਪ੍ਰੋ. ਹਰਵਿੰਦਰ ਭੰਡਾਲ ਦੀ ਅਗਵਾਈ 'ਚ ਡਾਇਟ ਸ਼ੇਖੂਪੁਰਾ ਦੇ ਦਰਜਣਾਂ ਵਿਦਿਆਰਥੀਆਂ ਦੀ ਵਿਸ਼ਵ ਰੰਗ ਮੰਚ ਸਮਾਗਮ 'ਚ ਹਾਜ਼ਰੀ ਦੀ ਦਾਦ ਦਿੰਦੇ ਹੋਏ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।

ਸਮਾਗਮ 'ਚ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਸੁਰਿੰਦਰ ਕੁਮਾਰੀ ਕੋਛੜ, ਗੁਰਮੀਤ, ਹਰਵਿੰਦਰ ਭੰਡਾਲ, ਬਲਬੀਰ ਕੌਰ ਬੁੰਡਾਲਾ, ਵਿਜੈ ਬੰਬੇਲੀ, ਹਰਮੇਸ਼ ਮਾਲੜੀ, ਦੇਵਰਾਜ ਨਯੀਅਰ, ਡਾ. ਸੈਲੇਸ਼, ਡਾ.ਗੋਪਾਲ ਬੁੱਟਰ ਨੇ ਸ਼ਿਰਕਤ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅਦਾ ਕੀਤਾ।

# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ

**ਗਿਆਨ ਸਿੰਘ**
ਸਾਬਕਾ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਧਰਮ ਪਾਲ**
ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਇਕਡੋਲ, ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ।

**ਗੁਰਿੰਦਰ ਕੌਰ**
ਸਾਬਕਾ ਪ੍ਰੋਫ਼ੈਸਰ, ਭੂਗੋਲ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਰੁਪਿੰਦਰ ਕੌਰ**
ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਸੁਖਵੀਰ ਕੌਰ**
ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਦਸ਼ਮੇਸ਼ ਖਾਲਸਾ ਕਾਲਜ, ਜ਼ੀਰਕਪੁਰ।

**ਜੋਤੀ**
ਸਹਾਇਕ ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਜੀ.ਜੀ.ਡੀ.ਐੱਸ.ਡੀ. ਕਾਲਜ, ਖੇੜੀ ਗੁਰਨਾ, ਬਨੂੰੜ।

## ਭੂਮਿਕਾ

ਮੁੱਢਲੇ ਸਮੇਂ ਤੋਂ ਹੀ ਮਨੁੱਖ ਪਰਵਾਸ ਕਰਦੇ ਰਹੇ ਹਨ। ਲੋਕ ਕੰਮ ਜਾਂ ਆਰਥਿਕ ਮੌਕਿਆਂ ਦੀ ਭਾਲ ਵਿੱਚ, ਪਰਿਵਾਰ ਵਿੱਚ ਸ਼ਾਮਲ ਹੋਣ ਜਾਂ ਪੜ੍ਹਾਈ ਕਰਨ ਲਈ ਪਰਵਾਸ ਕਰਦੇ ਹਨ। ਇਸ ਤਰ੍ਹਾਂ, ਪਰਵਾਸ ਕੋਈ ਨਵੀਂ ਧਾਰਨਾ ਨਹੀਂ ਹੈ। ਮਨੁੱਖੀ ਹੋਂਦ ਦੀ ਸ਼ੁਰੂਆਤ ਦੇ ਨਾਲ਼ ਹੀ ਮਨੁੱਖ ਦਾ ਪਰਵਾਸ ਵੀ ਸ਼ੁਰੂ ਹੋ ਗਿਆ ਸੀ। ਪਹਿਲਾਂ-ਪਹਿਲ ਮਨੁੱਖ ਆਪਣੇ ਜਿਊਣ ਲਈ ਖਾਧ-ਪਦਾਰਥਾਂ ਦੀ ਭਾਲ ਵਿੱਚ ਇੱਕ ਤੋਂ ਦੂਜੀ ਥਾਂ ਪਰਵਾਸ ਕਰਦੇ ਸਨ। ਮਨੁੱਖਾਂ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣੇ ਅਤੇ ਫ਼ਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਸ ਦੇ ਨਤੀਜੇ ਵਜੋਂ ਹੋਲੀ ਹੋਲੀ ਪਿੰਡ ਅਤੇ ਸ਼ਹਿਰ ਹੋਂਦ ਵਿੱਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਸ਼ਹਿਰਾਂ ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪਰਵਾਸ ਸ਼ੁਰੂ ਕੀਤਾ। ਜਨਸੰਖਿਆ ਦੇ ਵਧਣ ਅਤੇ ਵੱਖ ਵੱਖ ਦੇਸਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪਰਵਾਸ ਹੋਂਦ ਵਿੱਚ ਆਇਆ। ਯੂ.ਐੱਨ.ਓ.ਡੀ.ਸੀ. ਦੀ ਇੱਕ ਰਿਪੋਰਟ (2009) ਅਨੁਸਾਰ ਸ਼ੁਰੂਆਤ ਵਿੱਚ ਭਾਰਤੀ ਪਰਵਾਸੀਆਂ ਨੇ ਆਪਣੇ ਦੇਸ ਦੇ ਨੇੜਲੇ ਦੇਸਾਂ ਜਿਵੇਂ ਸਿੰਗਾਪੁਰ ਅਤੇ ਹਾਂਗਕਾਂਗ ਵਿੱਚ ਪਰਵਾਸ ਕੀਤਾ, ਪਰ ਬਾਅਦ ਵਿੱਚ ਇਹ ਅਸਟਰੇਲੀਆ, ਕੈਨੇਡਾ, ਅਤੇ ਯੂ.ਐੱਸ.ਏ. ਵਰਗੇ ਹੋਰ ਦੂਰ-ਦੁਰਾਡੇ ਵਾਲ਼ੇ ਦੇਸਾਂ ਵਿੱਚ ਪਰਵਾਸ ਕਰਨ ਲੱਗੇ। ਕੌਮਾਂਤਰੀ ਪਰਵਾਸ ਤੇਜ਼ੀ ਨਾਲ਼ ਆਮ ਹੋ ਗਿਆ ਹੈ, ਲੱਖਾਂ ਲੋਕ ਵਿਦੇਸਾਂ ਵਿੱਚ ਬਿਹਤਰ ਮੌਕਿਆਂ ਦੀ ਭਾਲ ਵਿੱਚ ਆਪਣੇ ਦੇਸ ਛੱਡ ਰਹੇ ਹਨ। ਇਹ ਰੁਝਾਨ ਭਾਰਤ ਵਿੱਚ ਖ਼ਾਸ ਤੌਰ ਉੱਤੇ ਧਿਆਨ ਦੇਣ ਯੋਗ ਹੈ, ਜਿੱਥੇ ਆਰਥਿਕ ਵਿਕਾਸ ਅਤੇ ਉਦਾਰੀਕਰਨ ਨੇ ਹੁਨਰ ਅਤੇ ਸਾਧਨਾਂ ਵਾਲ਼ੇ ਲੋਕਾਂ ਲਈ ਨਵੇਂ ਮੌਕੇ ਪੈਦਾ ਕੀਤੇ ਹਨ (ਗੁਪਤਾ ਅਤੇ ਹੋਰ, 2023)। ਕੌਮਾਂਤਰੀ ਪਰਵਾਸ ਉਹ ਪਹਿਲੂ ਹੈ ਜਿਹੜਾ ਵਿਕਸਤ ਅਤੇ ਵਿਕਾਸਸ਼ੀਲ ਦੇਸਾਂ ਦਰਮਿਆਨ ਆਰਥਿਕ ਸੰਬੰਧਾਂ ਨੂੰ ਪ੍ਰਭਾਵਿਤ ਕਰਦਾ ਹੈ। ਪਰਵਾਸੀ ਕਾਮੇ ਘਰੇਲੂ ਅਤੇ ਵਿਦੇਸਾਂ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ (ਕੁਮਾਰ ਅਤੇ ਹੁਸੈਨ, 2008)।

ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਗ੍ਰੇਟ ਬ੍ਰਿਟੇਨ ਨੂੰ ਪੁਨਰ-ਨਿਰਮਾਣ ਲਈ ਕਿਰਤ ਦੀ ਲੋੜ ਸੀ; ਕੈਨੇਡਾ ਨੇ ਆਰਥਿਕ ਵਿਸਥਾਰ ਪ੍ਰੋਗਰਾਮ ਸ਼ੁਰੂ ਕੀਤਾ ਅਤੇ ਯੂ.ਐੱਸ.ਏ. ਨੇ ਵੀ ਭਾਰਤੀਆਂ ਲਈ ਆਪਣੇ ਦਰਵਾਜ਼ੇ ਖੋਲ੍ਹੇ। ਪੰਜਾਬੀਆਂ ਨੇ ਇਹਨਾਂ ਸਭ ਮੌਕਿਆਂ ਦਾ ਫ਼ਾਇਦਾ ਉਠਾ ਕੇ ਵੱਡੀ ਗਿਣਤੀ ਵਿੱਚ ਇਹਨਾਂ ਦੇਸਾਂ ਵਿੱਚ ਪਰਵਾਸ ਕੀਤਾ। ਇਸ ਤੋਂ ਇਲਾਵਾ, ਪਰਵਾਸੀਆਂ ਦੀ ਬ੍ਰਿਟਿਸ਼ ਫ਼ੌਜ ਵਿੱਚ ਭਰਤੀ ਦੀ ਸ਼ੁਰੂਆਤ ਹੋਣ ਨਾਲ਼ ਉਹਨਾਂ ਲਈ ਬ੍ਰਿਟਿਸ਼ ਸਾਮਰਾਜ ਦੀਆਂ ਕਈ ਹੋਰ ਬਸਤੀਆਂ ਵਿੱਚ ਪਰਵਾਸ ਦੇ ਰਾਹ ਖੁੱਲ੍ਹ ਗਏ। ਬ੍ਰਿਟਿਸ਼ ਸਰਕਾਰ ਨੇ ਆਪਣੀਆਂ ਹੋਰ ਬਸਤੀਆਂ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਆਪਣੀ ਫ਼ੌਜ ਵਿੱਚ ਭਰਤੀ ਪੰਜਾਬੀਆਂ ਨੂੰ ਤਾਇਨਾਤ ਕੀਤਾ। ਸ਼ੁਰੂਆਤ ਵਿੱਚ ਭਾਰਤੀਆਂ ਨੇ ਬ੍ਰਿਟਿਸ਼ ਸਾਮਰਾਜ ਦੀਆਂ ਪੂਰਬ ਵਿੱਚ ਸਥਿਤ ਬਸਤੀਆਂ, ਨਿਊਜ਼ੀ-ਲੈਂਡ, ਅਸਟਰੇਲੀਆ, ਯੂ.ਕੇ., ਕੈਨੇਡਾ, ਯੂ.ਐੱਸ.ਏ., ਅਤੇ ਅਫਰੀਕਾ, ਖ਼ਾਸ ਕਰ ਕੇ ਪੂਰਬੀ ਅਫਰੀਕਾ ਵਿੱਚ ਪਰਵਾਸ ਕੀਤਾ। 1970 ਦੇ ਦਹਾਕੇ ਵਿੱਚ, ਮੱਧ ਪੂਰਬ ਦੇ ਦੇਸਾਂ ਨੂੰ ਤਰਜ਼ੀਹ ਦਿੱਤੀ ਗਈ (ਕਪੂਰੀਆ, 2018)। ਹਾਲ ਹੀ ਵਿੱਚ ਯੂਰਪ, ਖ਼ਾਸ ਕਰ ਕੇ ਦੱਖਣੀ ਯੂਰਪ, ਦੇ ਦੇਸਾਂ ਵਿੱਚ ਵਧੇਰੇ ਪਰਵਾਸ ਹੋ ਰਿਹਾ ਹੈ (ਜੈਕੋਬਸਨ ਅਤੇ ਮਿਰਵੋਲਡ, 2011)।

ਖੇਤੀਬਾੜੀ ਉਤਪਾਦ-ਕਤਾ ਦੇ ਹਿਸਾਬ ਨਾਲ਼ ਪੰਜਾਬ ਦੇਸ ਵਿੱਚ ਸਭ ਤੋਂ ਅੱਗੇ ਹੈ।ਸੂਬੇ ਦੀ ਕੁੱਲ ਆਬਾਦੀ ਦਾ 62.51 ਪ੍ਰਤਿਸ਼ਤ ਪੇਂਡੂ ਖੇਤਰਾਂ ਅਤੇ ਬਾਕੀ (37.49 ਪ੍ਰਤਿਸ਼ਤ) ਸ਼ਹਿਰੀ ਖੇਤਰਾਂ ਵਿੱਚ ਵਿੱਚ ਰਹਿੰਦਾ ਹੈ। ਸੂਬੇ ਦੀ ਕੁੱਲ ਕਾਰਜ ਸ਼ਕਤੀ ਦਾ 35.60 ਪ੍ਰਤਿਸ਼ਤ ਖੇਤੀਬਾੜੀ ਅਤੇ ਇਸ ਨਾਲ਼ ਸੰਬੰਧਿਤ ਕਿ-ੱਤਿਆਂ ਉੱਤੇ ਨਿਰਭਰ ਕਰਦਾ ਹੈ (ਭਾਰਤ ਸਰਕਾਰ, 2011)। 'ਹਰੇ ਇਨਕਲਾਬ' ਦੇ ਆਉਣ ਨਾਲ਼ ਪੰਜਾਬ ਖੇਤੀਬਾੜੀ ਵਿਕਾਸ ਦੇ ਖੇਤਰ ਵਿੱਚ ਸਭ ਤੋਂ ਉੱਨਤ ਸੂਬੇ ਵਜੋਂ ਉੱਭਰਿਆ ਹੈ।ਭਾਵੇਂ ਖੇਤੀਬਾੜੀ ਖੇਤਰ ਦੀ ਕੁੱਲ ਸੂਬਾ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ.) ਅਤੇ ਕਾਰਜ ਸ਼ਕਤੀ ਨੂੰ ਰੁਜ਼ਗਾਰ ਮੁਹੱਈਆਂ ਕਰਵਾਉਣ ਵਿੱਚ ਕਮੀ ਆਈ ਹੈ, ਪਰ ਫਿਰ ਵੀ ਇਹ ਸੂਬੇ ਦੀ ਆਰਥਿਕਤਾ ਦਾ ਸਭ ਤੋਂ ਮਹੱਤਵਪੂਰਨ ਖੇਤਰ ਹੈ (ਗਰੇਵਰ ਅਤੇ ਹੋਰ, 2017)। 'ਹਰੇ ਇਨਕਲਾਬ' ਨੇ ਜਿੱਥੇ ਖੇਤੀਬਾੜੀ ਉਤਪਾਦਨ ਵਿੱਚ ਵਾਧਾ ਕੀਤਾ, ਉੱਥੇ ਮਿੱਟੀ ਅਤੇ ਪਾਣੀ ਦੇ ਪੱਧਰ ਉੱਤੇ ਮਾੜੇ ਪ੍ਰਭਾਵ ਪਾਏ ਅਤੇ ਉਤਪਾਦਨ ਲਾਗਤ ਵਿੱਚ ਵਾਧਾ ਕੀਤਾ, ਨਤੀਜੇ ਵਜੋਂ ਖੇਤੀਬਾੜੀ ਘਾਟੇ ਦਾ ਧੰਦਾ ਬਣ ਗਈ। ਗ਼ੈਰ-ਖੇਤੀਬਾੜੀ ਖੇਤਰ ਦੀ ਰੁਜ਼ਗਾਰ-ਰਹਿਤ ਪ੍ਰਗਤੀ ਕਾਰਨ ਸੂਬੇ ਦੇ ਨੌਜਵਾਨਾਂ ਵਿੱਚ ਆਪਣੇ ਦੇਸ ਅਤੇ ਸੂਬੇ ਲਈ ਬੇਰੁਖੀ ਹੋਣ ਕਰ ਕੇ ਉਹ ਬਾਹਰਲੇ ਦੇਸਾਂ ਵਿੱਚ ਜਾਣ ਲਈ ਤੜਫ਼ ਰਹੇ ਹਨ।

ਦੀ ਟ੍ਰਿਬਿਊਨ ਵਿੱਚ ਛੱਪੀ ਇੱਕ ਰਿਪੋਰਟ (2019) ਅਨੁਸਾਰ, ਕੇਰਲਾ ਸੂਬੇ ਤੋਂ ਬਾਅਦ ਕੌਮਾਂਤਰੀ ਪਰਵਾਸ ਦੇ ਸੰਬੰਧ ਵਿੱਚ ਪੰਜਾਬ ਦੂਜੇ ਨੰਬਰ ਉੱਤੇ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਗਾਤਾਰ ਵਧ ਰਿਹਾ ਹੈ ਅਤੇ ਇਹ ਭਾਰਤ ਦੇ ਚੋਟੀ ਦੇ ਰਾਜਾਂ ਵਿੱਚੋਂ ਇੱਕ ਹੈ ਜਿੱਥੋਂ ਵੱਡੇ ਪੱਧਰ ਉੱਤੇ ਪਰਵਾਸ ਹੋਇਆ ਹੈ। ਵਿਦੇਸ ਮੰਤਰਾਲੇ ਦੀ ਇੱਕ ਸਾਲਾਨਾ ਰਿਪੋਰਟ (2018-19) ਅਨੁਸਾਰ 2018 ਵਿੱਚ ਕੌਮਾਂਤਰੀ ਪਰਵਾਸ ਵਿੱਚ ਪੰਜਾਬ ਦਾ ਹਿੱਸਾ 6 ਪ੍ਰਤਿਸ਼ਤ ਸੀ। ਸੂਬੇ ਦੇ ਪੱਧਰ ਉੱਤੇ, ਸਮਾਜਿਕ-ਆਰਥਿਕ ਅੰਤਰ ਪਰਵਾਸ ਦੀਆਂ ਪ੍ਰਵਿਰਤੀਆਂ ਨੂੰ ਵਧਾਉਂਦੇ ਹਨ ਕਿਉਂਕਿ ਪੇਂਡੂ ਖੇਤਰਾਂ ਵਿੱਚ 13 ਪ੍ਰਤਿਸ਼ਤ ਅਤੇ ਸ਼ਹਿਰੀ ਖੇਤਰਾਂ ਵਿੱਚ ਸਿਰਫ਼ 6 ਪ੍ਰਤਿਸ਼ਤ ਪਰਿਵਾਰਾਂ ਨੇ ਪਰਵਾਸੀਆਂ ਨੂੰ ਕੌਮਾਂਤਰੀ ਸਥਾਨਾਂ ਉੱਤੇ ਭੇਜਣ ਦੀ ਸੰਭਾਵਨਾ ਜਤਾਈ ਸੀ (ਨੰਦਾ ਅਤੇ ਵੇਰੋਨ, 2015)।

ਕੈਨੇਡਾ, ਯੂਰਪ, ਯੂ.ਐੱਸ.ਏ., ਅਤੇ ਯੂ.ਕੇ. ਵੱਡੇ ਪੱਧਰ ਉੱਤੇ ਭਾਰਤੀਆਂ ਲਈ ਪਸੰਦੀ ਦੇ ਟਿਕਾਣੇ ਹਨ। ਇਹਨਾਂ ਦੇਸਾਂ ਵਿੱਚ ਜਾਣ ਲਈ ਪੰਜਾਬੀ ਪਾਗਲ ਹੋਏ ਪਏ ਹਨ। ਜਦੋਂ ਪਰਵਾਸੀ ਭਾਰਤੀ ਪੰਜਾਬ ਆਉਂਦੇ ਹਨ ਅਤੇ ਲੋਕਾਂ ਨੂੰ ਆਪਣੀ ਬਦਲੀ ਹੋਈ ਜੀਵਨ ਸ਼ੈਲੀ ਦਿਖਾਉਂਦੇ ਹਨ ਤਾਂ ਲੋਕ ਇਹਨਾਂ ਦੇਸਾਂ ਵਿੱਚ ਜਾਣ ਦਾ ਮਨ ਬਣਾ ਲੈਂਦੇ ਹਨ। ਹਾਲਾਂ ਕਿ, ਇਹ ਧਿਆਨ ਦੇਣ ਯੋਗ ਹੈ ਕਿ ਯੂ.ਕੇ. ਅਤੇ ਦੁਨੀਆ ਦੇ ਕਈ ਹੋਰ ਹਿੱਸਿਆਂ ਵਿੱਚ ਪੰਜਾਬੀਆਂ ਦਾ ਇੱਕ ਮਹੱਤਵਪੂਰਨ ਭਾਰਤੀ ਪਰਵਾਸੀ ਭਾਈਚਾਰਾ ਹੈ। ਖਾੜੀ ਦੇਸਾਂ ਵਿੱਚ ਭਾਰਤੀ ਪ੍ਰਵਾਸੀਆਂ ਦਾ 33 ਪ੍ਰਤਿਸ਼ਤ ਹਿੱਸਾ ਪੰਜਾਬੀ ਹੈ, ਜਦੋਂ ਕਿ ਕੈਨੇਡਾ ਅਤੇ ਅਮਰੀਕਾ ਵਿੱਚ ਪੰਜਾਬੀਆਂ ਦਾ ਕ੍ਰਮਵਾਰ ਪ੍ਰਤਿਸ਼ਤ ਕੁੱਲ ਭਾਰਤੀ ਪ੍ਰਵਾਸੀਆਂ ਦਾ 20 ਅਤੇ 11 ਹੈ। ਯੂ.ਕੇ. ਵਿੱਚ ਵਿਸ਼ਵ ਭਰ ਵਿੱਚ ਰਹਿੰਦੇ ਸਾਰੇ ਪੰਜਾਬੀਆਂ ਦਾ 0.6 ਪ੍ਰਤਿਸ਼ਤ ਹਿੱਸਾ ਹੈ, ਜੋ ਇਹ ਦਰਸਾਉਂਦਾ ਹੈ ਕਿ ਅਜੋਕੇ ਸਮੇਂ ਵਿੱਚ ਪੰਜਾਬੀ ਵਿਦੇਸਾਂ ਦੇ ਕੋਨੇ ਕੋਨੇ ਵਿੱਚ ਵੱਸੇ ਹੋਏ ਹਨ (ਚੰਦਾ ਅਤੇ ਘੋਸ਼, 2012)। ਇਸ ਮੌਜੂਦਾ ਅਧਿਐਨ ਵਿੱਚ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਵੱਖ ਵੱਖ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਇੱਕ ਯਤਨ ਕੀਤਾ ਗਿਆ ਹੈ।

## ਖੋਜ ਵਿਧੀ

ਮੌਜੂਦਾ ਅਧਿਐਨ ਬਹੁ-ਪੱਧਰੀ ਦਰਜਾਬੰਦੀ ਬੇਤਰਤੀਬੇ ਨਮੂਨਾ (Multi-stage Stratified Random Sampling) ਤਕਨੀਕ ਉੱਤੇ ਅਧਾਰਤ ਹੈ। ਇਸ ਅਧਿਐਨ ਦੇ ਉਦੇਸ਼ ਲਈ, ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ- ਮਾਝਾ, ਦੁਆਬਾ, ਅਤੇ ਮਾਲਵਾ- ਦੇ ਅੱਧੇ ਜ਼ਿਲ੍ਹੇ ਗ਼ੈਰ-ਵਿਵਸਥਾ ਢੰਗ (randomly) ਨਾਲ਼ ਚੁਣੇ ਗਏ ਹਨ। ਮਾਝੇ ਦੇ ਚਾਰ ਜ਼ਿਲ੍ਹਿਆਂ ਵਿੱਚੋਂ ਦੋ ਜ਼ਿਲ੍ਹੇ- ਅੰਮ੍ਰਿਤਸਰ ਅਤੇ ਗੁਰਦਾਸਪੁਰ ਨੂੰ ਚੁਣਿਆ ਗਿਆ। ਦੋਆਬੇ ਦੇ ਚਾਰ ਜ਼ਿਲ੍ਹਿਆਂ ਵਿੱਚੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੀ ਚੋਣ ਕੀਤੀ ਗਈ। ਇਸੇ ਤਰ੍ਹਾਂ ਮਾਲਵੇ ਦੇ 15 ਜ਼ਿਲ੍ਹਿਆਂ ਵਿੱਚੋਂ ਅੱਠ ਜ਼ਿਲ੍ਹੇ- ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ, ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ।

ਅਗਲੇ ਪੜਾਅ ਉੱਤੇ, ਚੁਣੇ ਹੋਏ ਜ਼ਿਲ੍ਹਿਆਂ ਦੇ ਹਰੇਕ ਕਮਿਊਨਿਟੀ ਵਿਕਾਸ ਬਲਾਕ ਵਿੱਚੋਂ ਇਕ ਪਿੰਡ ਨੂੰ ਗ਼ੈਰ-ਵਿਵਸਥਾ ਢੰਗ (randomly) ਚੁਣਿਆ ਗਿਆ।ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ, ਜਿਹਨਾਂ ਵਿੱਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਸਨ। ਚੁਣੇ ਗਏ ਪਿੰਡਾਂ ਵਿੱਚੋਂ, 1951 ਤੋਂ 2021 ਦੇ ਸਮੇਂ ਦੌਰਾਨ ਉਹਨਾਂ ਸਾਰੇ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ ਹੈ ਜਿਹਨਾਂ ਦਾ ਕੋਈ ਨਾ ਕੋਈ ਵਿਅਕਤੀ ਦੂਸਰੇ ਦੇਸਾਂ ਵਿੱਚ ਗਿਆ ਹੈ। ਅਜਿਹੇ ਪਰਿਵਾਰ ਮਾਝੇ ਵਿੱਚ 358, ਦੁਆਬੇ ਵਿੱਚ 947 ਅਤੇ ਮਾਲਵੇ ਵਿੱਚ 1292 ਪਾਏ ਗਏ। ਇਸ ਤਰ੍ਹਾਂ, ਪੇਂਡੂ ਪੰਜਾਬ ਵਿੱਚ ਕੁੱਲ 2597 ਅਜਿਹੇ ਪਰਿਵਾਰਾਂ ਤੋਂ ਅੰਕੜੇ ਇੱਕਠੇ ਕੀਤੇ ਗਏ। ਇੰਟਰਵਿਊ ਵਿਧੀ ਦੁਆਰਾ ਪ੍ਰਸ਼ਨਾਵਲੀ-ਕਮ-ਸ਼ਡਿਊਲ ਰਾਹੀਂ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਤੋਂ ਲੋੜੀਂਦੇ ਮੁੱਢਲੇ ਅੰਕੜੇ ਇੱਕਠੇ ਕੀਤੇ ਗਏ। ਮੌਜੂਦਾ ਅਧਿਐਨ ਲਈ ਪ੍ਰਾਪਤ ਜਾਣਕਾਰੀ ਨੂੰ ਸਾਰਨੀਆਂ ਰਾਹੀਂ ਦਰਸਾਇਆ ਗਿਆ ਹੈ। ਇਹਨਾਂ ਸਾਰਨੀਆਂ ਵਿੱਚ ਸੰਬੰਧਿਤ ਚਰਾਂ ਦੇ ਔਸਤ ਮੁੱਲ ਅਤੇ ਅਨੁਪਾਤਿਕ ਮੁੱਲ ਦਰਸਾਏ ਗਏ ਹਨ। ਅਧਿਐਨ ਦੇ ਨਤੀਜੇ ਖੜ੍ਹਵੀਆਂ ਕਤਾਰਾਂ ਅਤੇ ਰੇਖਾ ਚਿੱਤਰਾਂ ਦੁਆਰਾ ਪ੍ਰਦਰਸ਼ਿਤ ਕੀਤੇ ਗਏ ਹਨ।

## ਨਤੀਜੇ ਅਤੇ ਚਰਚਾ

ਸਾਰਨੀ 1 ਤੋਂ ਪਤਾ ਲੱਗਦਾ ਹੈ ਕਿ ਕੁੱਲ 2597 ਸਰਵੇਖਣ ਕੀਤੇ ਪਰਿਵਾਰਾਂ ਵਿੱਚੋਂ ਪਰਵਾਸ ਕੀਤੇ ਗਏ ਵਿਅਕਤੀਆਂ ਦੀ ਗਿਣਤੀ 2788 ਹੈ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਘਰਾਂ ਤੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਦੋ-ਤਿਹਾਈ ਤੋਂ ਵੱਧ ਪਰਿਵਾਰਾਂ (69.19 ਪ੍ਰਤਿਸ਼ਤ) ਵਿੱਚ ਇੱਕਲੇ ਵਿਅਕਤੀ ਅਤੇ ਬਾਕੀ 30.81 ਪ੍ਰਤਿਸ਼ਤ ਪਰਿਵਾਰਾਂ ਵਿੱਚ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਜਿਹਨਾਂ ਪਰਿਵਾਰਾਂ ਵਿੱਚੋਂ ਦੋ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ, ਉਹਨਾਂ ਦਾ ਪ੍ਰਤਿਸ਼ਤ 13.90 ਪਾਇਆ ਗਿਆ, ਜਦੋਂ ਕਿ 2.89 ਪ੍ਰਤਿਸ਼ਤ ਪਰਿਵਾਰਾਂ ਵਿੱਚ ਤਿੰਨ ਵਿਅਕਤੀ ਕੌਮਾਂਤਰੀ ਪਰਵਾਸੀ ਸਨ ਅਤੇ ਕੁਝ ਪਰਿਵਾਰਾਂ (0.42 ਪ੍ਰਤਿਸ਼ਤ) ਵਿੱਚ ਚਾਰ ਵਿਅਕਤੀ ਕੌਮਾਂਤਰੀ ਪਰਵਾਸੀ ਪਾਏ ਗਏ। ਸਰਵੇਖਣ ਕੀਤੇ ਕੁੱਲ 2597 ਪਰਿਵਾਰਾਂ ਵਿੱਚੋਂ 13.60 ਪ੍ਰਤਿਸ਼ਤ ਪਰਿਵਾਰਾਂ ਦੇ ਸਾਰੇ ਵਿਅਕਤੀ ਹੀ ਦੂਸਰੇ ਦੇਸਾਂ ਵਿੱਚ ਪਰਵਾਸ ਕਰ ਗਏ।

ਸਾਰਨੀ 2 ਦੇ ਅੰਕੜੇ ਇਹਨਾਂ ਪਰਵਾਸੀਆਂ ਦੇ ਸਮਾਜਿਕ-ਆਰਥਿਕ ਪਿਛੋਕੜ ਨੂੰ ਉਜਾਗਰ ਕਰਦੇ ਹਨ। ਭਾਵੇਂ

**(ਬਾਕੀ ਅਗਲੇ ਸਫੇ 'ਤੇ)**

**ਸਾਰਨੀ 1**
**ਪਰਵਾਸੀਆਂ ਅਤੇ ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ**

| | |
|---|---|
| ਸਰਵੇਖਣ ਕੀਤੇ ਪਰਿਵਾਰਾਂ ਦੀ ਗਿਣਤੀ | 2597 |
| ਪਰਵਾਸੀਆਂ ਦੀ ਗਿਣਤੀ | 2788 |
| ਇਕੱਲੇ ਪਰਵਾਸੀ ਵਾਲ਼ੇ ਪਰਿਵਾਰਾਂ ਦੀ ਗਿਣਤੀ | 1797 (69.19) |
| ਦੋ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | 361 (13.90) |
| ਤਿੰਨ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | 75 (2.89) |
| ਚਾਰ ਪਰਵਾਸੀਆਂ ਵਾਲ਼ੇ ਪਰਿਵਾਰਾਂ ਦੀ ਗਿਣਤੀ | 11 (0.42) |
| ਉਹਨਾਂ ਪਰਿਵਾਰਾਂ ਦੀ ਗਿਣਤੀ ਜਿਹਨਾਂ ਦੇ ਸਾਰੇ ਵਿਆਕਤੀ ਪਰਵਾਸ ਕਰ ਗਏ | 353 (13.60) |

**ਸਰੋਤ**: ਫੀਲਡ ਸਰਵੇਖਣ, 2022
**ਨੋਟ**: ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

**ਸਾਰਨੀ 2**
**ਪਰਵਾਸੀਆਂ ਦਾ ਸਮਾਜਿਕ-ਆਰਥਿਕ ਪਿਛੋਕੜ**

| ਵਰਨਣ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| **ਸ਼੍ਰੇਣੀ** | | |
| ਜਨਰਲ | 2078 | 74.53 |
| ਅਨੁਸੂਚਿਤ ਜਾਤੀਆਂ | 431 | 15.46 |
| ਪੱਛੜੀਆਂ ਸ਼੍ਰੇਣੀਆਂ | 279 | 10.01 |
| **ਕੁੱਲ** | **2788** | **100.00** |
| **ਪਰਿਵਾਰਾਂ ਦੀ ਕਿਸਮ** | | |
| ਸਾਂਝੇ ਪਰਿਵਾਰ | 627 | 22.49 |
| ਇੱਕਹਿਰੇ ਪਰਿਵਾਰ | 2161 | 77.51 |
| **ਕੁੱਲ** | **2755** | **100.00** |
| **ਲਿੰਗ ਆਧਾਰਿਤ ਵੰਡ** | | |
| ਮਰਦ | 2157 | 77.37 |
| ਔਰਤ | 631 | 22.63 |
| **ਕੁੱਲ** | **2788** | **100.00** |
| **ਵਿੱਦਿਅਕ ਯੋਗਤਾ** | | |
| ਅਨਪੜ੍ਹ | 22 | 0.79 |
| ਪ੍ਰਾਇਮਰੀ | 50 | 1.79 |
| ਮਡਲ | 61 | 2.19 |
| ਮੈਟ੍ਰਿਕ | 292 | 10.47 |
| ਸੀਨੀਅਰ ਸੈਕੰਡਰੀ | 1786 | 64.06 |
| ਡਿਪਲੋਮਾ | 42 | 1.51 |
| ਗ੍ਰੈਜੂਏਸ਼ਨ | 418 | 14.99 |
| ਪੋਸਟ-ਗ੍ਰੈਜੂਏਸ਼ਨ | 105 | 3.77 |
| ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. | 12 | 0.43 |
| **ਕੁੱਲ** | **2788** | **100.00** |
| **ਉਮਰ (ਸਾਲਾਂ ਵਿੱਚ)** | | |
| 15 ਤੋਂ ਘੱਟ | 7 | 0.25 |
| 15-20 | 1102 | 39.53 |
| 20-25 | 734 | 26.33 |
| 25-30 | 512 | 18.36 |
| 30-35 | 187 | 6.71 |
| 35-40 | 116 | 4.16 |
| 40-45 | 53 | 1.90 |
| 45 ਜਾਂ ਵੱਧ | 77 | 2.76 |
| **ਕੁੱਲ** | **2788** | **100.00** |
| **ਫਾਰਮ ਦਾ ਆਕਾਰ (ਏਕੜਾਂ ਵਿੱਚ)** | | |
| ਭੂਮੀਹੀਣ | 605 | 21.70 |
| 2.50 ਤੱਕ | 502 | 18.01 |
| 2.51-5.00 | 803 | 28.80 |
| 5.01-7.50 | 250 | 8.97 |
| 7.51-10.00 | 306 | 10.98 |
| 10.00 ਤੋਂ ਵੱਧ | 322 | 11.54 |
| **ਕੁੱਲ** | **2788** | **100.00** |

**ਸਰੋਤ**: ਫੀਲਡ ਸਰਵੇਖਣ, 2022

**ਸਾਰਨੀ 3**
**ਕੌਮਾਂਤਰੀ ਪਰਵਾਸ ਵਾਲ਼ੇ ਦੇਸਾਂ ਦਾ ਵੇਰਵਾ**


| ਦੇਸ ਦਾ ਨਾਂ | ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀ | ਪੱਛੜੀਆਂ ਸ਼੍ਰੇਣੀਆਂ | |
| ਕੈਨੇਡਾ | 930 | 71 | 67 | 1068 |
| ਯੂ.ਏ.ਈ. | 109 | 139 | 42 | 290 |
| ਅਸਟਰੇਲੀਆ | 249 | 15 | 17 | 281 |
| ਯੂ.ਕੇ. | 180 | 28 | 21 | 229 |
| ਯੂ.ਐੱਸ.ਏ. | 166 | 21 | 28 | 215 |
| ਇਟਲੀ | 88 | 24 | 19 | 131 |
| ਨਿਊਜ਼ੀਲੈਂਡ | 76 | 2 | 14 | 92 |
| ਕਤਰ | 35 | 25 | 8 | 68 |
| ਬਹਿਰੀਨ | 43 | 22 | 2 | 67 |
| ਜਰਮਨੀ | 45 | 1 | 11 | 57 |
| ਮਲੇਸ਼ੀਆ | 20 | 25 | 8 | 53 |
| ਫਿਲੀਪੀਨਜ਼ | 29 | 13 | 7 | 49 |
| ਸਪੇਨ | 24 | 3 | 9 | 36 |
| ਕੁਵੈਤ | 12 | 16 | 4 | 32 |
| ਪੁਰਤਗਾਲ | 20 | 4 | 6 | 30 |
| ਸਊਦੀ ਅਰਬ | 8 | 9 | 2 | 19 |
| ਫਰਾਂਸ | 7 | 1 | 6 | 14 |
| ਸਾਈਪ੍ਰਸ | 10 | 3 | 0 | 13 |
| ਸਿੰਗਾਪੁਰ | 6 | 3 | 4 | 13 |
| ਗ੍ਰੀਸ | 7 | 2 | 1 | 10 |
| ਲੇਬਨਾਨ | 7 | 0 | 0 | 7 |
| ਮੈਕਸੀਕੋ | 1 | 2 | 1 | 4 |
| ਜਾਰਡਨ | 2 | 0 | 1 | 3 |
| ਸਵੀਡਨ | 1 | 1 | 1 | 3 |
| ਪੋਲੈਂਡ | 1 | 1 | 0 | 2 |
| ਦੱਖਣੀ ਅਫਰੀਕਾ | 2 | 0 | 0 | 2 |

**ਸਰੋਤ**: ਫੀਲਡ ਸਰਵੇਖਣ, 2022

# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ

ਚਿੱਤਰ 1

ਕੌਮਾਂਤਰੀ ਪਰਵਾਸ ਵਾਲੇ ਦੇਸਾਂ ਦਾ ਵੇਰਵਾ




ਸਰੋਤ: ਸਾਰਨੀ 3 ਉੱਤੇ ਆਧਾਰਿਤ।

ਸਾਰਨੀ 7

ਕੌਮਾਂਤਰੀ ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

| ਕ੍ਰਮ ਅੰਕ | ਪ੍ਰਭਾਵਿਤ ਕਰਨ ਵਾਲੇ ਤੱਤ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|---|
| | **ਧੱਕਣ ਵਾਲੇ ਕਾਰਕ** | | |
| 1. | ਬੇਰੁਜ਼ਗਾਰੀ | 2229 | 79.95 |
| 2. | ਸਾਥੀਆਂ ਦਾ ਦਬਾਅ | 586 | 21.02 |
| 3. | ਨਸ਼ਾਖੋਰੀ ਤੋਂ ਬਚਣਾ | 338 | 12.12 |
| 4. | ਵਿਗੜਦੀਆਂ ਸਮਾਜਿਕ-ਆਰਥਿਕ ਸਥਿਤੀਆਂ | 507 | 18.19 |
| 5. | ਵਧ ਰਹੇ ਅਪਰਾਧ | 94 | 3.37 |
| | **ਖਿੱਚਣ ਵਾਲੇ ਕਾਰਕ** | | |
| 1. | ਵਧੇਰੇ ਕਮਾਈ ਕਰਨ ਦੀ ਇੱਛਾ | 1936 | 69.44 |
| 2. | ਦੂਜੇ ਦੇਸਾਂ ਵਿੱਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ | 1954 | 70.09 |
| 3. | ਪਰਿਵਾਰਕ ਪਰਵਾਸ/ਵਿਆਹ | 296 | 10.62 |
| 4. | ਉੱਚ-ਸਿੱਖਿਆ ਪ੍ਰਾਪਤ ਕਰਨਾ | 661 | 23.71 |

ਸਰੋਤ: ਫੀਲਡ ਸਰਵੇਖਣ, 2022

ਸਾਰਨੀ 8

ਪਰਵਾਸ ਲਈ ਕੀਤੇ ਖ਼ਰਚਿਆਂ ਦਾ ਵੇਰਵਾ

| ਖ਼ਰਚ (ਲੱਖ, ਰੁਪਇਆਂ ਵਿੱਚ) | ਵੀਜ਼ੇ ਦੀ ਕਿਸਮ | | | | | ਗ਼ੈਰ-ਕਾਨੂੰਨੀ ਢੰਗ | ਕੁੱਲ |
|---|---|---|---|---|---|---|---|
| | ਪੜ੍ਹਾਈ | ਵਰਕ | ਸਪਾਊਸ | ਵਿਜ਼ਟਰ | ਪਰਿਵਾਰ/ਖ਼ੂਨ ਨਾਲ ਸੰਬੰਧਿਤ | | |
| 5 ਤੋਂ ਘੱਟ | 12 (0.82) | 502 (52.51) | 45 (31.25) | 37 (33.33) | 11 (19.64) | 7 (17.07) | 614 (22.02) |
| 5-10 | 40 (2.70) | 280 (29.29) | 43 (29.86) | 39 (35.14) | 43 (76.79) | 5 (12.20) | 450 (16.14) |
| 10-15 | 194 (13.11) | 93 (9.73) | 15 (10.42) | 10 (9.01) | 2 (3.57) | 6 (14.63) | 320 (11.48) |
| 15-20 | 607 (41.01) | 75 (7.84) | 20 (13.89) | 8 (7.20) | 0 (0.00) | 3 (7.32) | 713 (25.57) |
| 20-25 | 467 (31.55) | 4 (0.42) | 10 (6.94) | 5 (4.50) | 0 (0.00) | 3 (7.32) | 489 (17.54) |
| 25-30 | 99 (6.69) | 2 (0.21) | 2 (1.39) | 6 (5.41) | 0 (0.00) | 7 (17.07) | 116 (4.16) |
| 30 ਜਾਂ ਵੱਧ | 61 (4.12) | 0 (0.00) | 9 (6.25) | 6 (5.41) | 0 (0.00) | 10 (24.39) | 86 (3.09) |
| ਕੁੱਲ | **1480 (100.00)** | **956 (100.00)** | **144 (100.00)** | **111 (100.00)** | **56 (100.00)** | **41 (100.00)** | **2788 (100.00)** |

ਸਰੋਤ: ਫੀਲਡ ਸਰਵੇਖਣ, 2022
ਨੋਟ: ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

**(ਸਫਾ 27 ਦੀ ਬਾਕੀ)**

ਜਾਤੀ ਅਤੇ ਪਰਵਾਸ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ, ਪਰ ਅਸਿੱਧੇ ਤੌਰ ਉੱਤੇ ਇੱਕ ਦੂਜੇ ਨਾਲ਼ ਜੁੜੇ ਹੋਏ ਹਨ। ਪਰਵਾਸ ਉੱਤੇ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਵਿੱਚੋਂ ਪੈਦਾ ਹੁੰਦਾ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸੀਆਂ ਦਾ ਲਗਭਗ ਤਿੰਨ-ਚੌਥਾਈ ਹਿੱਸਾ, ਭਾਵ 74.53 ਪ੍ਰਤਿਸ਼ਤ ਜਨਰਲ ਵਰਗ ਨਾਲ਼ ਸੰਬੰਧਿਤ ਹੈ, ਜਦੋਂ ਕਿ 15.46 ਪ੍ਰਤਿਸ਼ਤ ਅਨੁਸੂਚਿਤ ਜਾਤੀਆਂ ਅਤੇ ਬਾਕੀ 10.01 ਪ੍ਰਤਿਸ਼ਤ ਪੱਛੜੀਆਂ ਸ਼ ਨਾਲ਼ ਸੰਬੰਧਿਤ ਹੈ। ਫੀਲਡ ਸਰਵੇਖਣ ਤੋਂ ਇਹ ਦੇਖਿਆ ਗਿਆ ਕਿ ਪੇਂਡੂ ਪੰਜਾਬ ਤੋਂ ਜ਼ਿਆਦਾਤਰ ਕੌਮਾਂਤਰੀ ਪਰਵਾਸੀ ਜੱਟ ਜਾਤੀ ਨਾਲ਼ ਸੰਬੰਧਿਤ ਪਾਏ ਗਏ। ਕੈਨੇਡਾ ਵਿੱਚ ਪੰਜਾਬੀਆਂ ਬਾਰੇ ਜੱਜ (2012) ਦੁਆਰਾ ਕੀਤੇ ਗਏ ਇੱਕ ਹੋਰ ਅਧਿਐਨ ਦੁਆਰਾ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਸੀ ਕਿ ਇੰਟਰਵਿਊ ਕੀਤੇ ਗਏ 40 ਪੰਜਾਬੀਆਂ ਵਿੱਚੋਂ 31 ਜੱਟ ਸਿੱਖ ਜਾਤੀ ਨਾਲ਼ ਸੰਬੰਧਿਤ ਸਨ।

ਪੰਜਾਬ ਵਿੱਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ ਕਿਉਂਕਿ ਜਿਹੜੀਆਂ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਵਿੱਚ ਉੱਚ ਬੈਂਡ ਪ੍ਰਾਪਤ ਕਰਦੀਆਂ ਹਨ, ਉਹਨਾਂ ਨੂੰ ਕੌਮਾਂਤਰੀ ਪਰਵਾਸ ਲਈ ਪੌੜੀ ਮੰਨਿਆ ਜਾਂਦਾ ਹੈ। ਜਿਹੜੇ ਅਮੀਰ ਪਰਿਵਾਰਾਂ ਦੇ ਲੜਕੇ ਵਿਦੇਸ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ, ਉਹ ਇਹਨਾਂ ਕੁੜੀਆਂ ਦੇ ਪਰਿਵਾਰਾਂ ਨੂੰ ਲੁਭਾਉਂਦੇ ਹਨ ਅਤੇ ਉਹਨਾਂ ਦੇ ਵਿਆਹ ਤੋਂ ਬਾਅਦ, ਉਹ ਆਪਣੀ ਨੂੰਹ ਦੀ ਕੌਮਾਂਤਰੀ ਯਾਤਰਾ, ਖ਼ਰਚੇ ਅਤੇ ਪੜ੍ਹਾਈ ਨੂੰ ਸਪਾਂਸਰ ਕਰਦੇ ਹਨ। ਇਹ ਕੁੜੀਆਂ ਬਾਅਦ ਵਿੱਚ ਸਪਾਊਸ ਵੀਜ਼ੇ ਉੱਤੇ ਆਪਣੇ ਪਤੀਆਂ ਨੂੰ ਬੁਲਾਉਂਦੀਆਂ ਹਨ ਅਤੇ ਸਮਾਂ ਬੀਤਣ ਦੇ ਨਾਲ਼, ਉਹ ਮੰਜ਼ਿਲ ਵਾਲ਼ੇ ਦੇਸ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰਦੇ ਹਨ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਲਈ ਇਮੀਗ੍ਰੇਸ਼ਨ ਦੀ ਟਿਕਟ ਬਣ ਜਾਂਦੀਆਂ ਹਨ।

ਸਿੱਖਿਆ ਅਤੇ ਪਰਵਾਸ ਦਾ ਇੱਕ ਦੂਜੇ ਨਾਲ਼ ਇੱਕ ਪਰਿਪੱਕ ਉਮਰ ਦੇ ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੂਲ ਰੂਪ ਵਿੱਚ ਇਸ ਲਈ ਹੈ ਕਿਉਂਕਿ ਪਰਵਾਸ ਇੱਕ ਜੋਖਮ ਭਰਿਆ ਕਦਮ ਹੈ ਜਿਸ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਕਈਆਂ ਨੂੰ ਚੰਗੇ ਅਵਸਰ ਵੀ ਪ੍ਰਦਾਨ ਕਰਦਾ ਹੈ। ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀ ਇਹਨਾਂ ਚੁਣੌਤੀਆਂ ਨੂੰ ਸਹਿਣ ਕਰਨ ਅਤੇ ਪਰਵਾਸ ਦੀ ਪ੍ਰਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲ਼ੇ ਮੌਕਿਆਂ ਦਾ ਲਾਭ ਲੈਣ ਲਈ ਵਿਦੇਸ ਜਾਣ ਲਈ ਕਾਹਲ਼ੇ ਪਏ ਰਹਿੰਦੇ ਹਨ। ਪਰਵਾਸ ਕਰਨ ਵੇਲ਼ੇ ਬਹੁਤ ਜ਼ਿਆਦਾ ਪਰਵਾਸੀ (96.99 ਪ੍ਰਤਿਸ਼ਤ) 15 ਤੋਂ 45 ਸਾਲ ਦੀ ਉਮਰ ਸਮੂਹ ਨਾਲ਼ ਸੰਬੰਧਿਤ ਸਨ। ਕੁੱਲ ਪਰਵਾਸੀਆਂ ਵਿੱਚੋਂ, 84.22 ਪ੍ਰਤਿਸ਼ਤ ਦੀ ਉਮਰ 15 ਤੋਂ 30 ਸਾਲ ਦੀ ਸੀ। ਜਨਸੰਖਿਕ ਲਾਭਅੰਸ਼ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। 15 ਤੋਂ 30 ਸਾਲ ਦੀ ਉਮਰ ਵਰਗ ਦੇ ਵਿਅਕਤੀਆਂ ਦਾ ਵਿਦੇਸਾਂ ਵਿੱਚ ਪਰਵਾਸ ਇਸ ਤੱਥ ਨੂੰ ਸਪਸ਼ੱਟ ਰੂਪ ਵਿੱਚ ਹਨ ਕਿ ਪੇਂਡੂ ਪੰਜਾਬ ਦੇ ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿੱਚੋਂ, ਸਭ ਤੋਂ ਵੱਧ ਪਰਿਵਾਰਾਂ (28.80 ਪ੍ਰਤਿਸ਼ਤ) ਕੋਲ਼ 2.51 ਤੋਂ 5.00 ਏਕੜ ਤੱਕ ਜ਼ਮੀਨੀ ਜਾਇਦਾਦ ਸੀ। ਲਗਭਗ 18 ਪ੍ਰਤਿਸ਼ਤ ਪਰਿਵਾਰਾਂ ਕੋਲ਼ 2.50 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 11.54, 10.98 ਅਤੇ 8.97 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਾਂ ਦਾ ਨੰਬਰ ਆਉਂਦਾ ਹੈ, ਜਿਹਨਾਂ ਕੋਲ਼ ਕ੍ਰਮਵਾਰ 10 ਏਕੜ ਤੋਂ ਵੱਧ, 7.51 ਤੋਂ 10.00 ਏਕੜ, ਅਤੇ 5.01 ਤੋਂ 7.50 ਏਕੜ ਦੇ ਦਾਇਰੇ ਵਿੱਚ ਜ਼ਮੀਨਾਂ ਸਨ। ਕੁੱਲ ਪਰਿਵਾਰਾਂ ਵਿੱਚੋਂ 21.63 ਪ੍ਰਤਿਸ਼ਤ ਪਰਵਾਸੀਆਂ ਕੋਲ਼ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਸੀ।

ਸਾਰਨੀ 3 ਪੇਂਡੂ ਪੰਜਾਬ ਦੇ ਕੌਮਾਂਤਰੀ ਪਰਵਾਸੀਆਂ ਦੇ ਮੰਜ਼ਿਲ ਵਾਲ਼ੇ ਦੇਸਾਂ ਬਾਰੇ ਜਾਣਕਾਰੀ ਨੂੰ ਦਰਸਾਉਂਦੀ ਹੈ। ਇਸ ਸਾਰਨੀ ਤੋਂ ਪਤਾ ਲੱਗਦਾ ਹੈ ਕਿ ਮੰਜ਼ਿਲ ਵਾਲ਼ੇ ਦੇਸਾਂ ਦੀ ਸੂਚੀ ਭਾਵੇਂ ਲੰਮੀ ਹੈ, ਪਰ ਕੌਮਾਂਤਰੀ ਪਰਵਾਸੀਆਂ ਦੁਆਰਾ ਸਭ ਤੋਂ ਜ਼ਿਆਦਾ ਤਰਜੀਹ ਵਾਲ਼ੇ ਦੇਸ- ਕੈਨੇਡਾ, ਯੂ.ਏ.ਈ.,

ਸਾਰਨੀ 9

ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਲਏ ਔਸਤਨ ਫੰਡ (ਰੁਪਇਆਂ ਵਿੱਚ)

| ਕ੍ਰਮ ਅੰਕ | ਸਰੋਤ | ਵਿਦਿਆਰਥੀ ਸ਼੍ਰੇਣੀ | ਹੋਰ | ਕੁੱਲ |
|---|---|---|---|---|
| 1. | ਜ਼ਮੀਨ/ਪਲਾਟ/ਗਹਿਣੇ/ਵਾਹਨ/ਪਸ਼ੂ/ਖੇਤੀਬਾੜੀ ਮਸ਼ੀਨਰੀ ਦੀ ਵਿਕਰੀ | 396013.51 (21.31) | 103639.14 (15.74) | 258845.05 (19.99) |
| 2. | ਪਰਿਵਾਰਕ ਬੱਚਤ | 694695.95 (37.39) | 331345.57 (50.33) | 524228.84 (40.48) |
| 3. | ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕਰਜ਼ਾ | 330743.24 (17.80) | 72683.49 (11.04) | 209673.60 (16.19) |
| 4. | ਰਿਸ਼ਤੇਦਾਰਾਂ ਤੋਂ ਕਰਜ਼ਾ/ਸਹਾਇਤਾ | 217533.78 (11.71) | 67178.90 (10.21) | 146994.26 (11.35) |
| 5. | ਆੜ੍ਹਤੀਏ | 161756.76 (8.71) | 35703.36 (5.42) | 102618.36 (7.92) |
| 6. | ਹੋਣ ਵਾਲੇ ਸਹੁਰਿਆਂ ਤੋਂ ਸਹਾਇਤਾ | 31756.76 (1.71) | 13646.79 (2.07) | 23260.40 (1.80) |
| 7. | ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜਿਆ ਧਨ | 17432.43 (0.94) | 23394.50 (3.56) | 20229.56 (1.56) |
| 8. | ਵੱਡੇ ਕਿਸਾਨ | 8040.54 (0.43) | 10703.36 (1.63) | 9289.81 (0.71) |
| | **ਕੁੱਲ** | **1857972.97 (100.00** | **658295.11 (100.00)** | **1295139.89 (100.00)** |

ਸਰੋਤ: ਫੀਲਡ ਸਰਵੇਖਣ, 2022
ਨੋਟ: ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਸਾਰਨੀ 10

ਕੌਮਾਂਤਰੀ ਪਰਵਾਸੀਆਂ ਦੁਆਰਾ ਆਪਣੇ ਪਰਿਵਾਰਾਂ ਨੂੰ ਭੇਜੇ ਧਨ ਦਾ ਵੇਰਵਾ

| ੳ) ਕੀ ਪਰਿਵਾਰਾਂ ਨੂੰ ਕੋਈ ਧਨ ਪ੍ਰਾਪਤ ਹੋਇਆ ? | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| ਹਾਂ | 1771 | 63.52 |
| ਨਹੀਂ | 1071 | 36.48 |
| **ਕੁੱਲ** | **2788** | **100.00** |
| **ਅ) ਪਰਵਾਸੀਆਂ ਦੀ ਰਕਮ ਅਨੁਸਾਰ ਵੰਡ (ਰੁਪਇਆਂ ਵਿੱਚ)** | | |
| 1,00,000 ਤੋਂ ਘਟ | 49 | 2.77 |
| 1,00,000 – 2,00,000 | 139 | 7.85 |
| 2,00,000 – 3,00,000 | 362 | 20.44 |
| 3,00,000 - 4,00,000 | 350 | 19.76 |
| 4,00,000 – 5,00,000 | 216 | 12.20 |
| 5,00,000 – 6,00,000 | 255 | 14.40 |
| 6,00,000 – 7,00,000 | 61 | 3.44 |
| 7,00,000 – 8,00,000 | 28 | 1.58 |
| 8,00,000 – 9,00,000 | 26 | 1.47 |
| 9,00,000 – 10,00,000 | 25 | 1.41 |
| 10,00,000 ਅਤੇ ਵੱਧ | 260 | 14.68 |
| **ਕੁੱਲ** | **1771** | **100.00** |

ਸਰੋਤ: ਫੀਲਡ ਸਰਵੇਖਣ, 2022

ਭਾਰਤੀ ਸਮਾਜ ਸਾਂਝੇ ਪਰਿਵਾਰਾਂ ਦਾ ਸਮਾਜ ਹੈ। ਇਹ ਵਿਸ਼ੇਸ਼ਤਾ ਭਾਵੇਂ ਸ਼ਹਿਰੀ ਖੇਤਰਾਂ ਵਿੱਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਬਰਕਰਾਰ ਹਨ। ਪੰਜਾਬ ਆਪਣੀ ਖੇਤੀਬਾੜੀ ਸਦਕਾ ਵਿਆਪਕ ਤੌਰ ਉੱਤੇ ਖੁਸ਼ਹਾਲ ਹੋਇਆ ਜਿਸ ਨੇ ਪੇਂਡੂ ਖੇਤਰਾਂ ਵਿੱਚ ਮੌਜੂਦ ਸਾਂਝੇ ਪਰਿਵਾਰ ਪ੍ਰਣਾਲੀ ਤੋਂ ਆਪਣੀ ਤਾਕਤ ਹਾਸਿਲ ਕੀਤੀ। ਹਾਲਾਂ ਕਿ, ਸਮਾਜਿਕ-ਆਰਥਿਕ ਜ਼ਰੂਰਤਾਂ ਵਿੱਚ ਤਬਦੀਲੀ ਦੇ ਨਾਲ਼ ਜ਼ਮੀਨੀ ਵੰਡ ਹੋਈ ਅਤੇ ਇੱਕਹਿਰੇ ਪਰਿਵਾਰ ਪ੍ਰਣਾਲੀ ਪੇਂਡੂ ਖੇਤਰਾਂ ਵਿੱਚ ਵੀ ਜ਼ੋਰ ਫੜ ਰਹੀ ਹੈ। ਮੌਜੂਦਾ ਅਧਿਐਨ ਵਿੱਚ ਜ਼ਿਆਦਾਤਰ (77.51 ਪ੍ਰਤਿਸ਼ਤ) ਪਰਵਾਸੀ ਇੱਕਹਿਰੇ ਪਰਿਵਾਰਾਂ ਵਿੱਚ ਰਹਿ ਰਹੇ ਸਨ, ਜਦੋਂ ਕਿ ਬਾਕੀ 22.49 ਪ੍ਰਤਿਸ਼ਤ ਸਾਂਝੇ ਪਰਿਵਾਰ ਪ੍ਰਣਾਲੀ ਨਾਲ਼ ਸੰਬੰਧਿਤ ਸਨ।

ਪਰਵਾਸੀਆਂ ਦੀ ਲਿੰਗ-ਅਧਾਰਿਤ ਵੰਡ ਦਰਸਾਉਂਦੀ ਹੈ ਕਿ 2788 ਪਰਵਾਸੀਆਂ ਵਿੱਚੋਂ, 2157 (77.37 ਪ੍ਰਤਿਸ਼ਤ) ਮਰਦ ਅਤੇ ਬਾਕੀ 631 (22.63 ਪ੍ਰਤਿਸ਼ਤ) ਔਰਤਾਂ ਸਨ। ਪਰਵਾਸ ਵਿੱਚ ਪੁਰਸ਼ਾਂ ਦਾ ਉੱਚ ਅਨੁਪਾਤ ਇਸ ਤੱਥ ਨੂੰ ਮਜ਼ਬੂਤ ਕਰਦਾ ਹੈ ਕਿ ਸਮਕਾਲੀ ਸੰਸਾਰ ਵਿੱਚ, ਜਿੱਥੇ ਦੋਨਾਂ ਲਿੰਗਾਂ ਲਈ ਲਗਭਗ ਬਰਾਬਰ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਮਰਦਾਂ ਨੂੰ ਆਪਣੇ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਕੁੱਲ ਸਰਵੇਖਣ ਕੀਤੀ ਪਰਵਾਸੀ ਆਬਾਦੀ ਵਿੱਚ ਔਰਤਾਂ ਦਾ ਵੀ ਮਹੱਤਵਪੂਰਨ ਅਨੁਪਾਤ (22.63 ਪ੍ਰਤਿਸ਼ਤ) ਹੈ। ਪੰਜਾਬ ਤੋਂ ਔਰਤਾਂ ਦਾ ਕੌਮਾਂਤਰੀ ਪਰਵਾਸ ਮੁੱਖ ਤੌਰ ਉੱਤੇ ਵਿਆਹ ਕੇਂਦਰਿਤ ਰਹੀ ਹੈ ਜਿੱਥੇ ਲੜਕੀਆਂ ਇੱਕ ਜੀਵਨ ਸਾਥੀ ਦੇ ਰੂਪ ਵਿੱਚ ਕੌਮਾਂਤਰੀ ਸਥਾਨਾਂ ਉੱਤੇ ਜਾਂਦੀਆਂ ਹਨ। ਉਂਜ, ਅਜੋਕੇ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਬਿਹਤਰ ਪੜ੍ਹੇ-ਲਿਖੇ ਵਿਅਕਤੀਆਂ ਦੇ ਪਰਵਾਸ ਵਾਲ਼ੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਨ ਵਿੱਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ (ਬ੍ਰਾਊਨ, 2017)। ਉੱਚ-ਸਿੱਖਿਆ ਪ੍ਰਾਪਤ ਵਿਅਕਤੀਆਂ ਦੇ ਪਰਵਾਸ ਨੂੰ 'ਬੌਧਿਕ ਹੂੰਝਾ' ਕਿਹਾ ਜਾਂਦਾ ਹੈ ਕਿਉਂਕਿ ਪਰਵਾਸੀ ਉੱਚ-ਸਿੱਖਿਆ ਹਾਸਿਲ ਕਰਨ ਤੋਂ ਬਾਅਦ ਆਪਣੀਆਂ ਸੇਵਾਵਾਂ ਵਿਦੇਸਾਂ ਵਿੱਚ ਦਿੰਦੇ ਹਨ। ਵਿਦੇਸ ਜਾਣ ਤੋਂ ਪਹਿਲਾਂ ਪਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਹੈ ਕਿ ਕੁੱਲ 2788 ਪਰਵਾਸੀਆਂ ਵਿੱਚੋਂ, ਲਗਭਗ ਦੋ-ਤਿਹਾਈ (64.06 ਪ੍ਰਤਿਸ਼ਤ) ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਤਕਰੀਬਨ 15 ਪ੍ਰਤਿਸ਼ਤ ਨੇ ਆਪਣੀ ਗ੍ਰੈਜੂਏਸ਼ਨ, ਜਦੋਂ ਕਿ 10.47 ਪ੍ਰਤਿਸ਼ਤ ਨੇ ਮੈਟ੍ਰਿਕ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਪਰਵਾਸੀਆਂ ਦੇ ਥੋੜ੍ਹੇ ਜਿਹੇ ਅਨੁਪਾਤ (3.77 ਪ੍ਰਤਿਸ਼ਤ) ਕੋਲ਼ ਪਰਵਾਸ ਦੇ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾਲ਼ੇ ਲੋਕ ਵੀ ਵਿਦੇਸਾਂ ਵਿੱਚ ਵੱਸਣ ਨੂੰ ਇੱਕ ਬਿਹਤਰ ਵਿਕਲਪ ਸਮਝਦੇ ਹਨ। ਇਸ ਤੋਂ ਇਲਾਵਾ, ਪਰਵਾਸੀਆਂ ਦੇ ਬਹੁਤ ਥੋੜ੍ਹੇ ਜਿਹੇ ਅਨੁਪਾਤ ਕੋਲ਼ ਪਰਵਾਸ ਦੇ ਸਮੇਂ ਡਿਪਲੋਮਾ ਜਾਂ ਨਰਸਿੰਗ/ ਜੀ.ਐੱਨ.ਐੱਮ./ ਬੀ.ਡੀ.ਐੱਸ. ਦੀ ਡਿਗਰੀ ਸੀ। ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਸਿੱਖਿਆ ਦੇ ਨੀਵੇਂ ਪੱਧਰ ਵਾਲ਼ੇ ਪਰਵਾਸੀ ਜਾਂ ਤਾਂ ਬਜ਼ੁਰਗ ਸਨ ਜਿਹਨਾਂ ਨੇ ਆਪਣੇ ਪਰਿਵਾਰਾਂ ਸਮੇਤ ਪਰਵਾਸ ਕੀਤਾ ਜਾਂ ਉਹ ਵਿਅਕਤੀ ਸਨ ਜਿਹਨਾਂ ਨੇ ਵਰਕ ਵੀਜ਼ੇ ਉੱਤੇ ਏਸ਼ੀਆ ਮਹਾਦੀਪ ਦੇ ਵਿਕਾਸਸ਼ੀਲ ਦੇਸਾਂ ਵਿੱਚ ਪਰਵਾਸ ਕੀਤਾ।

ਉਮਰ ਅਤੇ ਪਰਵਾਸ ਵਿੱਚ ਗੂੜ੍ਹਾ ਸੰਬੰਧ ਹੈ ਕਿਉਂਕਿ ਪਰਵਾਸ ਦਾ ਫ਼ੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਉਜਾਗਰ ਕਰਦਾ ਹੈ ਕਿ ਇਸ ਨਾਲ਼ ਜਨਸੰਖਿਕ ਲਾਭਅੰਸ਼ ਦਾ ਪੰਜਾਬ ਸਮੇਤ ਭਾਰਤ ਨੂੰ ਬਹੁਤ ਵੱਡਾ ਨੁਕਸਾਨ ਹੋਵੇਗਾ। ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿ ਆਮ ਤੌਰ ਉੱਤੇ ਪਰਵਾਸ ਅਤੇ ਖ਼ਾਸ ਤੌਰ ਉੱਤੇ ਕੌਮਾਂਤਰੀ ਪਰਵਾਸ ਇੱਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। ਮੌਜੂਦਾ ਅਧਿਐਨ ਦਾ ਇਹ ਖੋਜ ਨਤੀਜਾ ਸਮਿਤਾ ਬਹਿਲ (2017) ਦੁਆਰਾ ਕਰਵਾਏ ਗਏ ਇੱਕ ਹੋਰ ਖੋਜ ਅਧਿਐਨ ਨਾਲ਼ ਮੇਲ ਖਾਂਦਾ ਹੈ ਜਿਸ ਤੋਂ ਪਤਾ ਲੱਗਿਆ ਹੈ ਕਿ ਪਰਵਾਸ ਦੇ ਸਮੇਂ ਲਗਭਗ 78 ਪ੍ਰਤਿਸ਼ਤ ਪਰਵਾਸੀ 30 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਸਨ। ਛੋਟੀ ਉਮਰ ਵਿੱਚ ਨੌਜਵਾਨਾਂ ਦਾ ਵਿਦੇਸਾਂ ਵਿੱਚ ਪਰਵਾਸ ਕਰਨਾ ਇਹ ਦਰਸਾਉਂਦਾ ਹੈ ਕਿ ਇਹ ਨੌਜਵਾਨ ਕੌਮਾਂਤਰੀ ਬਾਜ਼ਾਰਾਂ ਵਿੱਚ ਲੰਮੇ ਸਮੇਂ ਲਈ ਕੰਮ ਕਰ ਸਕਦੇ ਹਨ। ਕੌਮਾਂਤਰੀ ਬਾਜ਼ਾਰ ਅਕੁਸ਼ਲ ਨੌਜਵਾਨਾਂ ਨੂੰ ਆਸਾਨੀ ਨਾਲ਼ ਨੌਕਰੀ ਦੇ ਮੌਕੇ ਪ੍ਰਦਾਨ ਕਰ ਕੇ ਬਹੁਤ ਵਾਰ ਉਹਨਾਂ ਦਾ ਸ਼ੋਸ਼ਣ ਕਰਦਾ ਹੈ। ਇਹ ਉਮਰ ਵਰਗ ਦੇਸ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾਲ਼ਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਇੱਕ ਹੋਰ ਅਧਿਐਨ ਵੀ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਨੌਜਵਾਨ ਪੀੜ੍ਹੀ ਦਾ ਪਰਵਾਸ ਮਨੁੱਖੀ ਸਰੋਤਾਂ ਦਾ ਇੱਕ ਵੱਡਾ ਨੁਕਸਾਨ ਹੈ, ਜਿਸ ਦਾ ਸਿੱਧਾ ਲਾਭ ਉਹਨਾਂ ਦੇਸਾਂ ਨੂੰ ਹੁੰਦਾ ਹੈ ਜਿਹਨਾਂ ਨੇ ਉਹਨਾਂ ਨੂੰ ਸਿੱਖਿਅਤ ਕਰਨ ਦੀ ਕੀਮਤ ਨਹੀਂ ਦਿੱਤੀ ਹੁੰਦੀ। ਕਿਸੇ ਵੀ ਦੇਸ ਦੇ ਨੌਜਵਾਨ ਸਭ ਤੋਂ ਮੁੱਲਵਾਨ ਸਰੋਤ ਹੁੰਦੇ ਹਨ ਕਿਉਂਕਿ ਉਹਨਾਂ ਦੀ ਪੜ੍ਹਾਈ ਅਤੇ ਸਿਖਲਾਈ ਉੱਤੇ ਸਮਾਂ ਅਤੇ ਹੋਰ ਪਦਾਰਥਕ ਲਾਗਤ ਪੈਂਦੀ ਹੈ, ਪਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਕਾਰਨ ਉਹਨਾਂ ਨੂੰ ਵਿਦੇਸ ਜਾਣਾ ਪੈਂਦਾ ਹੈ (ਦੋਦਾਨੀ ਅਤੇ ਲੈਪੋਰਟੇ, 2005)।

ਸਾਰਨੀ 2 ਵਿੱਚ ਦਿੱਤੇ ਗਏ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਦੱਸਦੇ ਅਸਟਰੇਲੀਆ, ਯੂ.ਕੇ., ਯੂ.ਐੱਸ.ਏ., ਇਟਲੀ, ਅਤੇ ਨਿਊਜ਼ੀਲੈਂਡ ਹਨ, ਜਿੱਥੇ ਪੇਂਡੂ ਪੰਜਾਬ ਦੇ ਸਰਵੇਖਣ ਕੀਤੇ ਗਏ ਪਰਿਵਾਰਾਂ ਵਿੱਚੋਂ 1068, 290, 281, 229, 215, 131, ਅਤੇ 92 ਵਿਅਕਤੀਆਂ ਨੇ ਪਰਵਾਸ ਕੀਤਾ। ਮੌਜੂਦਾ ਖੋਜ ਅਧਿਐਨ ਦਾ ਇਹ ਨਤੀਜਾ ਇੱਕ ਹੋਰ ਖੋਜ ਅਧਿਐਨ (ਕਪੂਰੀਆ ਅਤੇ ਬੀਰਵਾਲ, 2017) ਨਾਲ਼ ਮੇਲ ਖਾਂਦਾ ਹੈ ਜੋ ਦਰਸਾਉਂਦਾ ਹੈ ਕਿ ਪੰਜਾਬ ਤੋਂ ਪਰਵਾਸ ਜ਼ਿਆਦਾਤਰ ਪੱਛਮ ਦੇ ਵਿਕਸਿਤ ਦੇਸਾਂ ਵੱਲ ਹੋ ਰਿਹਾ ਹੈ। ਵਿਕਸਿਤ ਦੇਸਾਂ ਵਿੱਚੋਂ ਕੈਨੇਡੀਅਨ ਸਰਕਾਰ ਪਰਵਾਸੀਆਂ ਨੂੰ ਪੱਕੀ ਨਿਵਾਸਤਾ ਪ੍ਰਦਾਨ ਕਰਨ ਵਿੱਚ ਸਭ ਤੋਂ ਵੱਧ ਉਦਾਰ ਹੈ ਅਤੇ ਉਸ ਨੇ ਕੌਮਾਂਤਰੀ ਵਿਦਿਆਰਥੀਆਂ ਲਈ 200 ਦੇ ਕਰੀਬ ਕਾਲਜ ਖੋਲ੍ਹੇ ਹਨ, ਪੰਜਾਬੀ ਨੌਜਵਾਨ ਇਸ ਮੌਕੇ ਦਾ ਪੂਰਾ ਫ਼ਾਇਦਾ ਉੱਠਾ ਰਹੇ ਹਨ। ਇਸ ਸਾਲ ਸੂਬੇ ਦੇ ਲਗਭਗ 1.25 ਲੱਖ ਵਿਦਿਆਰਥੀਆਂ ਨੇ ਸਿੱਖਿਆ ਲਈ ਕੈਨੇਡਾ ਪਰਵਾਸ ਕੀਤਾ ਅਤੇ ਸਿਰਫ਼ 25 ਹਜ਼ਾਰ ਨੇ ਅਸਟਰੇਲੀਆ ਦੀ ਚੋਣ ਕੀਤੀ, ਜਦੋਂ ਕਿ ਨਿਊਜ਼ੀਲੈਂਡ, ਯੂ.ਐੱਸ.ਏ., ਅਤੇ ਯੂ.ਕੇ. ਨੇ ਇਸ ਸੰਬੰਧੀ ਕਾਨੂੰਨ ਅਤੇ ਨੀਤੀਆਂ ਬਹੁਤ ਸਖ਼ਤ ਕਰ ਲਈਆਂ ਹਨ (ਦਿ ਟ੍ਰਿਬਿਊਨ, 2018)।

ਇਹ ਸਾਰਨੀ ਅੱਗੇ ਦਰਸਾਉਂਦੀ ਹੈ ਕਿ ਜਨਰਲ ਸ਼੍ਰੇਣੀ ਵਿੱਚੋਂ, ਸਭ ਤੋਂ ਵੱਧ ਪੇਂਡੂ ਲੋਕਾਂ ਨੇ ਕੈਨੇਡਾ, ਆਸਟਰੇਲੀਆ, ਯੂ.ਕੇ., ਯੂ.ਐੱਸ.ਏ., ਯੂ.ਏ.ਈ., ਇਟਲੀ, ਅਤੇ ਨਿਊਜ਼ੀਲੈਂਡ ਦੇਸਾਂ ਵਿੱਚ ਪਰਵਾਸ ਕੀਤਾ। ਜਦੋਂ ਕਿ ਅਨੁਸੂਚਿਤ ਜਾਤੀਆਂ ਵਿੱਚ, ਯੂ.ਏ.ਈ., ਅਤੇ ਕੈਨੇਡਾ ਸਭ ਤੋਂ ਵੱਧ ਤਰਜ਼ੀਹ ਵਾਲ਼ੇ ਮੰਜ਼ਿਲ ਦੇਸ ਹਨ ਜਿੱਥੇ ਕ੍ਰਮਵਾਰ 139 ਅਤੇ 71 ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੇ ਪਰਵਾਸ ਕੀਤਾ। ਪੱਛੜੀਆਂ ਸ਼੍ਰੇਣੀਅ ਦੇ ਸਭ ਤੋਂ ਵੱਧ 67 ਵਿਅਕਤੀਆਂ

**(ਬਾਕੀ ਅਗਲੇ ਸਫੇ 'ਤੇ)**

# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ

(ਸਫਾ 28 ਦੀ ਬਾਕੀ)

ਨੇ ਕੈਨੇਡਾ ਵਿਚ ਪਰਵਾਸ ਕੀਤਾ ਅਤੇ ਇਸ ਤੋਂ ਬਾਅਦ ਯੂ.ਏ.ਈ., ਯੂ.ਐੱਸ.ਏ., ਯੂ.ਕੇ., ਇਟਲੀ, ਅਸਟਰੇਲੀਆ, ਅਤੇ ਨਿਊਜ਼ੀਲੈਂਡ ਦੇਸ਼ਾਂ ਦਾ ਕ੍ਰਮ ਆਉਂਦਾ ਹੈ।

ਚਿੱਤਰ 1 ਤੋਂ ਸਪੱਸ਼ਟ ਹੈ ਕਿ ਪੇਂਡੂ ਪੰਜਾਬ ਦੇ ਪਰਵਾਸੀਆਂ ਲਈ ਸਭ ਤੋਂ ਵੱਧ ਤਰਜੀਹੀ ਵਾਲਾ ਦੇਸ ਕੈਨੇਡਾ ਹੈ। ਉਸ ਤੋਂ ਬਾਅਦ ਯੂ.ਏ.ਈ., ਆਸਟ੍ਰੇਲੀਆ, ਯੂ.ਕੇ., ਯੂ.ਐੱਸ.ਏ., ਇਟਲੀ, ਅਤੇ ਨਿਊਜ਼ੀਲੈਂਡ ਆਦਿ ਹਨ।

ਸਾਰਨੀ 4 ਅਤੇ ਚਿੱਤਰ 2 ਤੋਂ ਇਹ ਪਤਾ ਲੱਗਦਾ ਹੈ ਕਿ ਪੇਂਡੂ ਪੰਜਾਬ ਦੇ ਕੁੱਲ 2788 ਪਰਵਾਸੀਆਂ ਵਿੱਚੋਂ, 2019 ਵਿੱਚ 16.61 ਪ੍ਰਤਿਸ਼ਤ, 2018 ਵਿੱਚ 13.95 ਪ੍ਰਤਿਸ਼ਤ, 2021 ਵਿੱਚ 13.45 ਪ੍ਰਤਿਸ਼ਤ, 2017 ਵਿਚ 9.86 ਪ੍ਰਤਿਸ਼ਤ, 2016 ਵਿਚ 6.96 ਪ੍ਰਤਿਸ਼ਤ, 2015 ਵਿਚ 6.10 ਪ੍ਰਤਿਸ਼ਤ, 2020 ਵਿੱਚ 5.34 ਪ੍ਰਤਿਸ਼ਤ ਅਤੇ ਹੋਰ ਸਾਲਾਂ ਵਿੱਚ 5 ਪ੍ਰਤਿਸ਼ਤ ਤੋਂ ਘੱਟ ਵਿਅਕਤੀਆਂ ਨੇ ਦੂਜੇ ਦੇਸਾਂ ਵਿਚ ਪਰਵਾਸ ਕੀਤਾ। ਇਹ ਅੰਕੜੇ ਸਪੱਸ਼ਟ ਤੌਰ ਉੱਤੇ ਇਸ ਤੱਥ ਨੂੰ ਉਜਾਗਰ ਕਰਦੇ ਹਨ ਕਿ ਪਰਵਾਸ ਦੀ ਪ੍ਰਕਿਰਿਆ ਵਿੱਚ 2014 ਤੋਂ ਬਾਅਦ ਤੇਜ਼ੀ ਆਈ ਹੈ। ਵਿਦਿਆਰਥੀਆਂ ਲਈ ਕੈਨੇਡੀਅਨ ਵੀਜ਼ਾ ਦੀ ਸਹੂਲਤ ਦੇਣ ਵਿੱਚ ਲੱਗੇ ਟਰੈਵਲ ਏਜੰਟਾਂ ਨੇ ਖੁਲਾਸਾ ਕੀਤਾ ਕਿ 2016 ਤੋਂ ਬਾਅਦ ਕੌਮਾਂਤਰੀ ਪਰਵਾਸ ਵਿੱਚ ਬਹੁਤ ਤੇਜ਼ੀ ਆਈ ਹੈ, ਜਦੋਂ ਪੰਜਾਬ ਤੋਂ ਲਗਭਗ 75,000 ਵਿਦਿਆਰਥੀ ਕੈਨੇਡਾ ਦੇਸ ਗਏ ਸਨ (ਦਿ ਟ੍ਰਿਬਿਊਨ, 2018)। 2020 ਦੌਰਾਨ ਕੋਰੋਨਾਵਾਇਰਸ ਦੇ ਫੈਲਣ ਨੂੰ ਰੋਕਣ ਲਈ ਵੱਖ ਵੱਖ ਦੇਸਾਂ ਦੁਆਰਾ ਤਾਲਾਬੰਦੀ ਕੀਤੀ ਗਈ ਜਿਸ ਨੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਨੂੰ ਹੌਲੀ ਕੀਤਾ ਜੋ ਮੁੜ ਤੇਜ਼ੀ ਫੜ ਰਹੀ ਹੈ।

ਵਿਦੇਸਾਂ ਵਿੱਚ ਪਰਵਾਸ ਦੀ ਕੋਸ਼ਿਸ਼ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦੋਵਾਂ ਢੰਗਾਂ ਦੁਆਰਾ ਕੀਤੀ ਜਾਂਦੀ ਹੈ। ਜਿੱਥੇ ਕਾਨੂੰਨੀ ਢੰਗ ਵਿੱਚ ਵਧੇਰੇ ਸਮਾਂ ਲੱਗਦਾ ਹੈ ਪਰ ਇਸ ਵਿੱਚ ਘੱਟ ਜੋਖਮ ਹੁੰਦਾ ਹੈ, ਉੱਥੇ ਦੂਜੇ ਪਾਸੇ ਗ਼ੈਰ-ਕਨੂੰਨੀ ਪਰਵਾਸ ਦੂਜੇ ਦੇਸ ਦੀ ਪ੍ਰਬੰਧਕੀ ਅਤੇ ਕਾਨੂੰਨੀ ਵਿਵਸਥਾ ਨੂੰ ਤੋੜ ਕੇ ਦੇਸ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਹੈ, ਜੋ ਇੱਕ ਬਹੁਤ ਹੀ ਜੋਖਮ ਭਰਪੂਰ ਮਾਮਲਾ ਹੈ। ਸਾਰਨੀ 5 ਅਨੁਸਾਰ ਮੌਜੂਦਾ ਖੋਜ ਅਧਿਐਨ ਦਾ ਇੱਕ ਸਕਾਰਾਤਮਕ ਪਹਿਲੂ ਇਹ ਹੈ ਕਿ 98.53 ਪ੍ਰਤਿਸ਼ਤ ਮਾਮਲਿਆਂ ਵਿੱਚ ਪਰਵਾਸ ਦਾ ਢੰਗ ਕਾਨੂੰਨੀ ਹੈ, ਜਦੋਂ ਕਿ ਸਿਰਫ਼ 1.47 ਪ੍ਰਤਿਸ਼ਤ ਮਾਮਲਿਆਂ ਵਿੱਚ ਇਹ ਗ਼ੈਰ-ਕਾਨੂੰਨੀ ਹੈ। ਯੂ.ਐੱਨ.ਓ.ਡੀ.ਸੀ. (2009) ਦੀ ਇੱਕ ਰਿਪੋਰਟ ਵੀ ਇਹ ਖੁਲਾਸਾ ਕਰਦੀ ਹੈ ਕਿ ਦਲਾਲ-ਤਸਕਰ ਦੇ ਚੁੰਗਲ ਵਿੱਚ ਫਸ ਕੇ ਜ਼ਿਆਦਾਤਰ ਪੰਜਾਬੀ ਨੌਜਵਾਨ ਵਿਦੇਸਾਂ ਦੀ ਸਾਨੋ-ਸ਼ੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗੌੜ ਅਤੇ ਸਕਸੈਨਾ (2005) ਨੇ ਆਪਣੇ ਇੱਕ ਖੋਜ ਅਧਿਐਨ ਵਿੱਚ ਵੀ ਇਸੇ ਤਰ੍ਹਾਂ ਦਾ ਨਤੀਜਾ ਸਾਹਮਣੇ ਲਿਆਂਦਾ ਹੈ ਕਿ ਜਿੱਥੇ ਭਰਤੀ ਏਜੰਟਾਂ ਜਾਂ ਰੁਜ਼ਗਾਰਦਾਤਾਵਾਂ ਨੇ ਪਰਵਾਸੀਆਂ ਨੂੰ ਗ਼ੈਰ-ਕਾਨੂੰਨੀ ਤੌਰ ਉੱਤੇ ਪਾਇਆ ਹੈ, ਉੱਥੇ ਪਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ।

ਇਸ ਸਾਰਨੀ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਅਨੁਸੂਚਿਤ ਜਾਤੀ ਸ਼੍ਰੇਣੀ ਦੇ 99.54 ਪ੍ਰਤਿਸ਼ਤ, ਜਨਰਲ ਸ਼੍ਰੇਣੀ ਦੇ 98.75 ਪ੍ਰਤਿਸ਼ਤ ਅਤੇ ਪੱਛੜੀਆਂ ਸ਼੍ਰੇਣੀਆਂ ਦੇ 95.34 ਪ੍ਰਤਿਸ਼ਤ ਵਿਅਕਤੀਆਂ ਨੇ ਕਾਨੂੰਨੀ ਤੌਰ ਉੱਤੇ ਪਰਵਾਸ ਕੀਤਾ, ਜਦੋਂ ਕਿ ਅਨੁਸੂਚਿਤ ਜਾਤੀ, ਜਨਰਲ, ਅਤੇ ਪਛੜੀਆਂ ਸ਼੍ਰੇਣੀਆਂ ਦੇ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲੇ ਵਿਅਕਤੀਆਂ ਦੀ ਪ੍ਰਤਿਸ਼ਤਤਾ ਕ੍ਰਮਵਾਰ 0.46, 1.25 ਅਤੇ 4.66 ਸੀ।

ਸਾਰਨੀ 6 ਦਰਸਾਉਂਦੀ ਹੈ ਕਿ ਪੇਂਡੂ ਪੰਜਾਬ ਵਿੱਚੋਂ ਕਾਨੂੰਨੀ ਢੰਗ ਨਾਲ ਕੌਮਾਂਤਰੀ ਪਰਵਾਸ ਕਰਨ ਵਾਲੇ ਵਿਅਕਤੀਆਂ ਵਿੱਚੋਂ, ਅੱਧੇ ਤੋਂ ਵੱਧ (53.88 ਪ੍ਰਤਿਸ਼ਤ) ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ, ਜਦੋਂ ਕਿ ਇੱਕ-ਤਿਹਾਈ ਤੋਂ ਥੋੜ੍ਹਾ ਵੱਧ (34.80 ਪ੍ਰਤਿਸ਼ਤ) ਵਿਅਕਤੀਆਂ ਵਰਕ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ। ਇਸ ਤੋਂ ਇਲਾਵਾ, 5.24 ਪ੍ਰਤਿਸ਼ਤ ਵਿਅਕਤੀ ਸਪਾਊਸ ਵੀਜ਼ੇ ਉੱਤੇ, ਜਦੋਂ ਕਿ 4.04 ਪ੍ਰਤਿਸ਼ਤ ਵਿਅਕਤੀਆਂ ਨੇ ਵਿਜ਼ਟਰ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ। ਸਿਰਫ਼ 2.04 ਪ੍ਰਤਿਸ਼ਤ ਵਿਅਕਤੀਆਂ ਦੇ ਕੋਲ ਵਿਦੇਸ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ।

ਇਹ ਸਾਰਨੀ ਅੱਗੇ ਇਹ ਦਰਸਾਉਂਦੀ ਹੈ ਕਿ ਅਨੁਸੂਚਿਤ ਜਾਤੀਆਂ ਵਿੱਚੋਂ, ਕੰਮ ਦੇ ਮਕਸਦ ਲਈ ਵਿਦੇਸਾਂ ਵਿੱਚ ਜਾਣ ਵਾਲੇ ਵਿਅਕਤੀਆਂ ਦੀ ਵਧੇਰੇ ਗਿਣਤੀ ਸੀ ਕਿਉਂਕਿ ਜ਼ਿਆਦਾਤਰ ਅਨੁਸੂਚਿਤ ਜਾਤੀ ਦੇ ਪਰਿਵਾਰ ਬੇਜ਼ਮੀਨੇ ਹਨ ਅਤੇ ਉਹਨਾਂ ਕੋਲ ਉਤਪਾਦਨ ਦੇ ਹੋਰ ਸਾਧਨ ਨਹੀਂ ਹਨ। ਹਾਲਾਂਕਿ, ਜਨਰਲ ਅਤੇ ਪਛੜੀਆਂ ਸ਼੍ਰੇਣੀਆਂ ਦੇ ਮਾਮਲੇ ਵਿੱਚ, ਜ਼ਿਆਦਾਤਰ ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ।

ਚਿੱਤਰ 3 ਤੋਂ ਸਪੱਸ਼ਟ ਹੁੰਦਾ ਹੈ ਕਿ ਪੇਂਡੂ ਪੰਜਾਬ ਵਿੱਚੋਂ ਜ਼ਿਆਦਾਤਰ ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ ਜਿਸ ਤੋਂ ਬਾਅਦ ਵਰਕ, ਸਪਾਊਸ, ਵਿਜ਼ਟਰ, ਅਤੇ ਪਰਿਵਾਰ/ਖ਼ੂਨ ਨਾਲ ਸੰਬੰਧਿਤ ਵੀਜ਼ੇ ਦੀ ਕਿਸਮ ਦਾ ਕ੍ਰਮ ਆਉਂਦਾ ਹੈ।

ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਤੱਤ ਹੁੰਦੇ ਹਨ ਕਿਉਂਕਿ ਪਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਇੱਕ ਤੱਤ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ। ਕੌਮਾਂਤਰੀ ਪਰਵਾਸ ਕਰਨ ਦਾ ਫ਼ੈਸਲਾ ਇੱਕ ਸਖ਼ਤ ਕਦਮ ਹੈ ਕਿਉਂਕਿ ਇਸ ਕਿਸਮ ਦੇ ਪਰਵਾਸ ਵਿੱਚ ਬਹੁਤ ਜ਼ਿਆਦਾ ਜੋਖਮ ਦੇ ਨਾਲ ਨਾਲ ਵੱਧ ਲਾਭ ਵੀ ਸ਼ਾਮਿਲ ਹੁੰਦੇ ਹਨ। ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਨੂੰ ਧੱਕਣ ਵਾਲੇ ਅਤੇ ਖਿੱਚਣ ਵਾਲੇ ਤੱਤਾਂ ਵਿੱਚ ਵੰਡਿਆ ਜਾ ਸਕਦਾ ਹੈ। ਧੱਕਣ ਵਾਲੇ ਕਾਰਕਾਂ ਵਿੱਚ ਵਧਦੀ ਬੇਰੁਜ਼ਗਾਰੀ, ਸਾਥੀਆਂ ਦਾ ਦਬਾਅ, ਸਮਾਜਿਕ-ਆਰਥਿਕ ਸਥਿਤੀਆਂ ਦਾ ਵਿਗੜਨਾ, ਅਤੇ ਸਮਾਜਿਕ ਮੁੱਦੇ ਜਿਵੇਂ ਕਿ ਨਸ਼ਾਖੋਰੀ ਜਾਂ ਵਧ ਰਹੇ ਅਪਰਾਧ ਆਦਿ ਸ਼ਾਮਿਲ ਹਨ। ਦੂਜੇ ਦੇਸ ਵੀ ਕਈ ਖਿੱਚ ਦੇ ਕਾਰਕ ਪੈਦਾ ਕਰਦੇ ਹਨ ਜਿਵੇਂ ਕਿ ਵਧੇਰੇ ਕਮਾਈ ਕਰਨ ਦੀ ਇੱਛਾ, ਬਿਹਤਰ ਵਿੱਦਿਅਕ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ, ਵਿਦੇਸਾਂ ਦੀਆਂ ਵਧੀਆ ਪ੍ਰਸ਼ਾਸਕੀ ਸਹੂਲਤਾਂ, ਪਰਿਵਾਰਕ ਪਰਵਾਸ/ਵਿਆਹ ਆਦਿ। ਜਦੋਂ ਪਰਵਾਸੀਆਂ ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਪਰਵਾਸ ਦੇ ਕਾਰਨਾਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਹੇਠਾਂ ਦਿੱਤੇ ਕਾਰਨਾਂ ਬਾਰੇ ਦੱਸਿਆ (ਸਾਰਨੀ 7):

ਸਾਰਨੀ 11
ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜੇ ਧਨ ਦੀ ਵੱਖ ਵੱਖ ਉਦੇਸ਼ਾ ਲਈ ਵਰਤੋਂ (ਬਹੁ-ਪੱਖੀ ਜਵਾਬ)

| ਉਦੇਸ਼ | ਪਰਵਾਸੀਆਂ ਦੀ ਗਿਣਤੀ | ਪ੍ਰਤਿਸ਼ਤ |
|---|---|---|
| ਕਰਜ਼ਾ ਚੁਕਾਉਣ ਲਈ | 1099 | 39.42 |
| ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ | 1428 | 51.22 |
| ਘਰ ਬਣਾਉਣ ਜਾਂ ਮੁਰੰਮਤ ਕਰਨ ਲਈ | 882 | 31.64 |
| ਸਮਾਜਿਕ-ਧਾਰਮਿਕ ਰਸਮਾਂ ਨਿਭਾਉਣ ਲਈ | 366 | 13.13 |
| ਡਾਕਟਰੀ ਖ਼ਰਚਿਆਂ ਦਾ ਭੁਗਤਾਨ ਕਰਨ ਲਈ | 321 | 11.51 |
| ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਚੁੱਕਣ ਲਈ | 117 | 4.20 |
| ਖੇਤੀਬਾੜੀ ਜ਼ਮੀਨ ਖ਼ਰੀਦਣ/ਸੰਭਾਲ ਕਰਨ ਲਈ | 80 | 2.87 |
| ਕਾਰੋਬਾਰ ਸ਼ੁਰੂ/ਵਧਾਉਣ ਲਈ | 22 | 0.79 |
| ਵਾਹਨ ਖ਼ਰੀਦਣ ਲਈ | 99 | 3.55 |
| ਹੋਰ ਮੈਂਬਰਾਂ ਦੇ ਪਰਵਾਸ ਲਈ | 43 | 1.54 |
| ਮੁਕੱਦਮੇਬਾਜ਼ੀ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ | 4 | 0.14 |

ਸਰੋਤ: ਫੀਲਡ ਸਰਵੇਖਣ, 2022

* 79.95 ਪ੍ਰਤਿਸ਼ਤ ਪਰਵਾਸੀਆਂ ਦੇ ਸੰਬੰਧ ਵਿੱਚ, ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ।

* ਵਿਦੇਸਾਂ ਵਿੱਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ 70.09 ਪ੍ਰਤਿਸ਼ਤ ਪੇਂਡੂ ਪੰਜਾਬੀਆਂ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ।

* 69.44 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੀ ਵਧੇਰੇ ਕਮਾਈ ਕਰਨ ਦੀ ਇੱਛਾ ਨੇ ਉਹਨਾਂ ਨੂੰ ਵਿਦੇਸਾਂ ਵਿੱਚ ਪਰਵਾਸ ਲਈ ਪ੍ਰੇਰਿਤ ਕੀਤਾ।

* ਇਕ-ਚੌਥਾਈ ਤੋਂ ਥੋੜ੍ਹਾ ਘੱਟ (23.71 ਪ੍ਰਤਿਸ਼ਤ) ਵਿਅਕਤੀਆਂ ਨੇ ਉੱਚ-ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸਾਂ ਵਿੱਚ ਪਰਵਾਸ ਕੀਤਾ।

* ਪਰਿਵਾਰਕ ਮੈਂਬਰਾਂ ਦੇ ਦੱਸਣ ਅਨੁਸਾਰ 21.02 ਪ੍ਰਤਿਸ਼ਤ ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ ਗਏ।

* ਸੂਬੇ ਦੀਆਂ ਵਿਗੜਦੀਆਂ ਹੋਈਆਂ ਸਮਾਜਿਕ-ਆਰਥਿਕ ਹਾਲਤਾਂ ਨੇ 18.19 ਪ੍ਰਤਿਸ਼ਤ ਵਿਅਕਤੀਆਂ ਨੂੰ ਵਿਦੇਸਾਂ ਵਿੱਚ ਪਰਵਾਸ ਕਰਨ ਲਈ ਮਜਬੂਰ ਕੀਤਾ।

* 12.12 ਪ੍ਰਤਿਸ਼ਤ ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿੱਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ ਚਲੇ ਗਏ।

* ਪੇਂਡੂ ਪੰਜਾਬ ਦੇ ਲੋਕਾਂ ਦੇ ਇੱਕ ਹਿੱਸੇ (10.62 ਪ੍ਰਤਿਸ਼ਤ) ਦੇ ਵਿਦੇਸਾਂ ਵਿੱਚ ਪਰਵਾਸ ਕਰਨ ਦਾ ਕਾਰਨ ਉਹਨਾਂ ਦੇ ਪਰਿਵਾਰਾਂ ਦਾ ਵਿਦੇਸਾਂ ਵਿੱਚ ਵੱਸ ਜਾਣਾ ਸੀ।

* ਸੂਬੇ ਵਿੱਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ 3.37 ਪ੍ਰਤਿਸ਼ਤ ਵਿਅਕਤੀ ਵਿਦੇਸਾਂ ਵਿੱਚ ਗਏ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਦਰਸਾਉਂਦਾ ਹੈ ਕਿ ਬੇਰੁਜ਼ਗਾਰੀ, ਵਿਦੇਸਾਂ ਵਿੱਚ ਬਿਹਤਰ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ, ਵਧੇਰੇ ਕਮਾਈ ਕਰਨ ਦੀ ਇੱਛਾ, ਉੱਚ ਸਿੱਖਿਆ ਪ੍ਰਾਪਤ ਕਰਨਾ, ਅਤੇ ਸਾਥੀਆਂ ਦਾ ਦਬਾਅ ਆਦਿ ਪੇਂਡੂ ਪੰਜਾਬ ਤੋਂ ਪਰਵਾਸ ਦੇ ਮੁੱਖ ਕਾਰਨ ਹਨ। ਅਧਿਐਨ ਦੀ ਇਹ ਖੋਜ ਇੱਕ ਹੋਰ ਖੋਜ ਅਧਿਐਨ (ਕੌਰ ਅਤੇ ਬਰਾੜ, 2020) ਦੀ ਪੁਸ਼ਟੀ ਕਰਦੀ ਹੈ ਜੋ ਦਰਸਾਉਂਦੀ ਹੈ ਕਿ ਰਾਜ ਤੋਂ ਪਰਵਾਸ, ਖ਼ਾਸ ਕਰ ਕੇ ਕਿਸਾਨੀ ਪਰਿਵਾਰਾਂ ਤੋਂ ਵਧ ਰਿਹਾ ਹੈ। ਇਸ ਲਈ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਈ ਵਿਦੇਸਾਂ ਵਿੱਚ ਉੱਚ ਸਿੱਖਿਆ ਦੀ ਪ੍ਰਾਪਤੀ, ਰਾਜ ਵਿੱਚ ਰੁਜ਼ਗਾਰ ਦੇ ਸੀਮਤ ਮੌਕੇ, ਨੌਜਵਾਨਾਂ ਦੀਆਂ ਵਧਦੀਆਂ ਆਸ਼ਾਵਾਂ, ਉਦਾਰ ਜੀਵਨ ਸ਼ੈਲੀ ਦੀ ਵਧੇਰੇ ਸਵੀਕਾਰਤਾ, ਆਰਥਿਕ ਗਤੀਵਿਧੀਆਂ ਦਾ ਆਧੁਨਿਕੀਕਰਨ, ਅਤੇ ਇਮੀਗ੍ਰੇਸ਼ਨ ਨੈੱਟਵਰਕ ਦੀ ਤੀਬਰਤਾ ਆਦਿ ਵਰਗੇ ਮਹੱਤਵਪੂਰਨ ਕਾਰਕ ਜ਼ੁੰਮੇਵਾਰ ਹਨ।

ਵਿਦੇਸਾਂ ਵਿਚ ਪਰਵਾਸ ਕਰਨ ਲਈ ਪੇਂਡੂ ਪੰਜਾਬ ਦੇ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚਿਆਂ ਦੇ ਅੰਕੜੇ ਸਾਰਨੀ 8 ਵਿੱਚ ਪੇਸ਼ ਕੀਤੇ ਗਏ ਹਨ। ਇਹ ਸਾਰਨੀ ਦਰਸਾਉਂਦੀ ਹੈ ਕਿ ਪਰਵਾਸੀਆਂ ਦੇ ਵਧੇਰੇ ਹਿੱਸੇ ਅਰਥਾਤ 27.57 ਪ੍ਰਤਿਸ਼ਤ ਨੇ ਵਿਦੇਸ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਤਕਰੀਬਨ 22 ਪ੍ਰਤਿਸ਼ਤ ਪਰਵਾਸੀਆਂ ਨੇ ਪਰਵਾਸ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਬਾਅਦ 17.54, 16.14, 11.48, ਅਤੇ 4.16 ਪ੍ਰਤਿਸ਼ਤ ਪਰਵਾਸੀਆਂ ਦਾ ਕ੍ਰਮ ਆਉਂਦਾ ਹੈ ਜਿਹਨਾਂ ਨੇ ਵਿਦੇਸਾਂ ਵਿੱਚ ਜਾਣ ਲਈ ਕ੍ਰਮਵਾਰ 20 ਤੋਂ 25; 5 ਤੋਂ 10; 10 ਤੋਂ 15; ਅਤੇ 25 ਤੋਂ 30 ਲੱਖ ਰੁਪਏ ਖ਼ਰਚੇ। ਲਗਭਗ 3 ਪ੍ਰਤਿਸ਼ਤ ਪਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ ਗਏ।

ਪੜ੍ਹਾਈ ਵੀਜ਼ਾ ਦੇ ਸੰਬੰਧ ਵਿੱਚ, ਪਰਵਾਸੀਆਂ ਦੇ ਵਧੇਰੇ ਹਿੱਸੇ (41.01 ਪ੍ਰਤਿਸ਼ਤ) ਨੇ ਕੌਮਾਂਤਰੀ ਪਰਵਾਸ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਦਿ ਟ੍ਰਿਬਿਊਨ (2018) ਵਿੱਚ ਪ੍ਰਕਾਸ਼ਤ ਇੱਕ ਰਿਪੋਰਟ ਅਨੁਸਾਰ ਪੜ੍ਹਾਈ ਵੀਜ਼ਾ ਉੱਤੇ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਵਿੱਚ ਪੜ੍ਹਾਈ ਦੇ ਪਹਿਲੇ ਸਾਲ ਲਈ ਔਸਤਨ 15 ਤੋਂ 22 ਲੱਖ ਰੁਪਏ ਦੀ ਲਾਗਤ ਆਉਂਦੀ ਹੈ। ਬਾਹਰ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨਾਲ ਗੁਣਾ ਕਰਨ ਉੱਤੇ ਇਹ ਤਕਰੀਬਨ 27,000 ਕਰੋੜ ਰੁਪਏ ਬਣਦੀ ਹੈ ਜੋ ਹਰ ਸਾਲ ਪੰਜਾਬ ਤੋਂ ਬਾਹਰ ਜਾ ਰਹੇ ਹਨ। ਵਰਕ ਅਤੇ ਸਪਾਊਸ ਕਿਸਮ ਦੇ ਵੀਜ਼ਿਆਂ ਦੇ ਸੰਬੰਧ ਵਿੱਚ,

ਸਾਰਨੀ 12
ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਸਿਰ ਕਰਜ਼ੇ ਦਾ ਭਾਰ

| ਰਕਮ (ਲੱਖ ਰੁਪਇਆਂ ਵਿੱਚ) | ਜਾਤੀ ਸ਼੍ਰੇਣੀ | | | ਕੁੱਲ |
|---|---|---|---|---|
| | ਜਨਰਲ | ਅਨੁਸੂਚਿਤ ਜਾਤੀ | ਪੱਛੜੀਆਂ ਸ਼੍ਰੇਣੀਆਂ | |
| ਸਿਫ਼ਰ | 806 (38.79) | 57 (13.23) | 89 (31.90) | 952 (34.15) |
| 5 ਤੋਂ ਘੱਟ | 344 (16.55) | 260 (60.32) | 93 (33.33) | 697 (25.00) |
| 5-10 | 402 (19.35) | 71 (16.47) | 57 (20.43) | 530 (19.01) |
| 10-15 | 356 (17.13) | 29 (6.73) | 25 (8.96) | 410 (14.71) |
| 15-20 | 134 (6.45) | 11 (2.55) | 14 (5.02) | 159 (5.70) |
| 20 ਜਾਂ ਵੱਧ | 36 (1.73) | 3 (0.70) | 1 (0.36) | 40 (1.43) |
| **ਕੁੱਲ** | **2078 (100.00)** | **431 (100.00)** | **279 (100.00)** | **2788 (100.00)** |

ਸਰੋਤ: ਫੀਲਡ ਸਰਵੇਖਣ, 2022
ਨੋਟ: ਬਰੈਕਟਾਂ ਵਿੱਚ ਦਿੱਤੇ ਗਏ ਅੰਕੜੇ ਪ੍ਰਤਿਸ਼ਤਤਾ ਨੂੰ ਦਰਸਾਉਂਦੇ ਹਨ।

ਪਰਵਾਸੀਆਂ ਦਾ ਵਧੇਰੇ ਹਿੱਸਾ 5 ਲੱਖ ਰੁਪਏ ਤੋਂ ਘੱਟ ਖ਼ਰਚ ਕੇ ਵਿਦੇਸ ਗਿਆ, ਜਦੋਂ ਕਿ ਜਿਹਨਾਂ ਪਰਵਾਸੀਆਂ ਕੋਲ ਵਿਜ਼ਟਰ ਜਾਂ ਪਰਿਵਾਰ/ਖ਼ੂਨ ਨਾਲ ਸੰਬੰਧਿਤ ਵੀਜ਼ਾ ਸੀ, ਉਹਨਾਂ ਨੂੰ ਕੌਮਾਂਤਰੀ ਪਰਵਾਸ ਲਈ 5 ਤੋਂ 10 ਲੱਖ ਰੁਪਏ ਖ਼ਰਚਣੇ ਪਏ। ਇਸ ਤੋਂ ਇਲਾਵਾ, ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸਾਂ ਵਿੱਚ ਦਾਖ਼ਲ ਹੋਣ ਵਾਲੇ ਜ਼ਿਆਦਾਤਰ ਪਰਵਾਸੀਆਂ (24.39 ਪ੍ਰਤਿਸ਼ਤ) ਨੇ 30 ਲੱਖ ਰੁਪਏ ਜਾਂ ਇਸ ਤੋਂ ਵੱਧ ਖ਼ਰਚ ਕੀਤੇ। ਵਿਦੇਸਾਂ ਵਿੱਚ ਪਰਵਾਸ ਕਰਨ ਲਈ ਪੇਂਡੂ ਪੰਜਾਬ ਦੇ ਪਰਵਾਸੀਆਂ ਦੁਆਰਾ ਵੱਖ ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦੀ ਜਾਣਕਾਰੀ ਸਾਰਨੀ 9 ਵਿੱਚ ਦਿੱਤੀ ਗਈ ਹੈ। ਇਹ ਸਾਰਨੀ ਦਰਸਾਉਂਦੀ ਹੈ ਕਿ ਇਹਨਾਂ ਪਰਵਾਸੀਆਂ ਨੇ ਆਪਣੇ ਪਰਵਾਸ ਲਈ ਔਸਤਨ 1295139.89 ਰੁਪਏ ਖ਼ਰਚੇ। ਇਹ ਰਕਮ ਵਿਦਿਆਰਥੀ ਵਰਗ ਦੇ ਸੰਬੰਧ ਵਿੱਚ 1857972.97 ਰੁਪਏ ਅਤੇ ਗ਼ੈਰ-ਵਿਦਿਆਰਥੀ ਵਰਗ ਲਈ 658295.11 ਰੁਪਏ ਆਂਕੀ ਗਈ।

ਜਿੱਥੋਂ ਤੱਕ ਵੱਖ ਵੱਖ ਸਰੋਤਾਂ ਤੋਂ ਮੁਹੱਈਆ ਕਰਵਾਈ ਗਈ ਰਕਮ ਦਾ ਸੰਬੰਧ ਹੈ, ਕੁੱਲ ਖ਼ਰਚੇ ਦਾ 40.48 ਪ੍ਰਤਿਸ਼ਤ ਅਰਥਾਤ 524228.84 ਰੁਪਏ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਏ। ਕਦੇ ਕਦਾਈਂ ਪਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ਪਲਾਟ/ ਗਹਿਣੇ/ ਵਾਹਨ/ ਜਾਨਵਰ/ ਖੇਤੀਬਾੜੀ ਮਸ਼ੀਨਰੀ ਵੇਚਣੀ ਪਈ। ਇਸ ਸਰੋਤ ਨੇ 258845.05 ਰੁਪਏ ਦਾ ਯੋਗਦਾਨ ਪਾਇਆ ਜੋ ਕੁੱਲ ਰਕਮ ਦਾ 19.99 ਪ੍ਰਤਿਸ਼ਤ ਬਣਦਾ ਹੈ। ਮੌਜੂਦਾ ਖੋਜ ਅਧਿਐਨ ਦਾ ਇੱਕ ਮਹੱਤਵਪੂਰਨ ਨਤੀਜਾ ਇਹ ਹੈ ਕਿ ਕੌਮਾਂਤਰੀ ਪਰਵਾਸ ਲਈ ਪੰਜਾਬੀ ਆਪਣੇ ਬੱਚੇ ਵੀ ਗੁਆ ਰਹੇ ਹਨ ਅਤੇ ਆਪਣੀਆਂ ਜ਼ਮੀਨਾਂ ਵੀ। ਇਹਨਾਂ ਪਰਵਾਸੀਆਂ ਨੇ ਕੁੱਲ ਖ਼ਰਚੇ ਦੇ 16.19 ਪ੍ਰਤਿਸ਼ਤ (ਅਰਥਾਤ 209673.60 ਰੁਪਏ) ਦਾ ਪ੍ਰਬੰਧ ਬੈਂਕਾਂ ਤੋਂ ਉਧਾਰ ਲੈ ਕੇ ਕੀਤਾ। ਮੌਜੂਦਾ ਖੋਜ ਅਧਿਐਨ ਤੋਂ ਇਹ ਵੀ ਸਾਹਮਣੇ ਆਇਆ ਕਿ ਪਰਵਾਸੀਆਂ ਨੇ ਆੜ੍ਹਤੀਆਂ ਤੋਂ ਔਸਤਨ 102618.36 ਰੁਪਏ ਦਾ ਕਰਜ਼ ਇਸ ਮੰਤਵ ਲਈ ਲਿਆ ਜੋ ਕੁੱਲ ਰਕਮ ਦਾ 7.92 ਪ੍ਰਤਿਸ਼ਤ ਹਿੱਸਾ ਬਣਦਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਪਰਵਾਸੀਆਂ ਦੇ ਰਿਸ਼ਤੇਦਾਰ ਅਤੇ ਇੱਥੋਂ ਤੱਕ ਕਿ ਹੋਣ ਵਾਲੇ ਸਹੁਰੇ ਪਰਿਵਾਰ ਵੀ ਉਹਨਾਂ ਦੇ ਪਰਵਾਸ ਦੀ ਕੁਝ ਕੀਮਤ ਚੁੱਕਦੇ ਹਨ। ਅੰਕੜੇ ਦਰਸਾਉਂਦੇ ਹਨ ਕਿ ਪਰਵਾਸ ਦੀ ਕੁੱਲ ਲਾਗਤ ਵਿੱਚ ਰਿਸ਼ਤੇਦਾਰਾਂ ਦਾ ਯੋਗਦਾਨ 11.35 ਪ੍ਰਤਿਸ਼ਤ (146994.26 ਰੁਪਏ) ਹੈ। ਜਿੱਥੋਂ ਤੱਕ ਹੋਣ ਵਾਲੇ ਸਹੁਰੇ ਪਰਿਵਾਰਾਂ ਦੁਆਰਾ ਦਿੱਤੀ ਵਿੱਤੀ ਸਹਾਇਤਾ ਦਾ ਸੰਬੰਧ ਹੈ, ਪਰਵਾਸੀਆਂ ਨੇ ਇਹਨਾਂ ਪਰਿਵਾਰਾਂ ਤੋਂ ਔਸਤਨ 23260.40 ਰੁਪਏ (1.80 ਪ੍ਰਤਿਸ਼ਤ) ਫੜੇ। ਪਰਵਾਸੀਆਂ ਨੇ ਆਪਣੇ ਪਿੰਡ ਦੇ ਵੱਡੇ ਕਿਸਾਨਾਂ ਤੋਂ ਔਸਤਨ 9289.81 ਰੁਪਏ ਕਰਜ਼ ਲਿਆ, ਜੋ ਪਰਵਾਸ ਲਈ ਕੀਤੇ ਕੁੱਲ ਖ਼ਰਚੇ ਦਾ 0.71 ਪ੍ਰਤਿਸ਼ਤ ਬਣਦਾ ਹੈ। ਜਿੱਥੋਂ ਤੱਕ ਵਿਦਿਆਰਥੀ ਅਤੇ ਗ਼ੈਰ-ਵਿਦਿਆਰਥੀ ਸ਼੍ਰੇਣੀਆਂ ਵਿੱਚ ਫੰਡਾਂ ਦੇ ਵੱਖ ਵੱਖ ਸਰੋਤਾਂ ਦਾ ਸਬੰਧ ਹੈ, ਲਗਭਗ ਇੱਕੋ ਜਿਹਾ ਪੈਟਰਨ ਦੇਖਿਆ ਗਿਆ ਹੈ।

ਅਸੀਂ ਸਾਰੇ ਇਸ ਤੱਤ ਤੋਂ ਭਲੀ-ਭਾਂਤੀ ਜਾਣੂ ਹਾਂ ਕਿ ਪਰਵਾਸੀ ਕਾਮੇ ਆਪਣੇ ਮੇਜ਼ਬਾਨ ਅਤੇ ਘਰੇਲੂ ਦੇਸਾਂ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ (ਸਸੀਕੁਮਾਰ ਅਤੇ ਹੁਸੈਨ, 2008)। ਇਹਨਾਂ ਮਨੁੱਖੀ ਵਸੀਲਿਆਂ ਦੇ ਕੌਮਾਂਤਰੀ ਪਰਵਾਸ ਦਾ ਫੌਰੀ ਲਾਭ ਪੇਂਡੂ ਪਰਿਵਾਰਾਂ ਨੂੰ ਪ੍ਰਾਪਤ ਹੋਣ ਵਾਲਾ ਕੌਮਾਂਤਰੀ ਪੈਸਾ (ਰੈਮਿਟੈਂਸ) ਹੈ। ਇਹ ਵੱਡੀ ਰਕਮ ਘਰੇਲੂ ਆਰਥਿਕਤਾ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕਰਦੀ ਹੈ (ਬਹਿਲ, 2017)। ਕੌਮਾਂਤਰੀ ਪਰਵਾਸੀ ਆਪਣੇ ਬਚੇ ਹੋਏ ਪੈਸੇ ਨੂੰ ਪਰਿਵਾਰਾਂ ਦੀ ਸਮੁੱਚੀ ਬਿਹਤਰੀ ਲਈ ਆਪਣੇ ਜੱਦੀ ਸਥਾਨਾਂ ਨੂੰ ਭੇਜਦੇ ਹਨ। ਪ੍ਰਾਪਤ ਕੀਤੇ ਗਏ ਅਜਿਹੇ ਪੈਸੇ ਅਕਸਰ ਗ਼ਰੀਬੀ, ਆਰਥਿਕ ਤੰਗੀਆਂ ਨੂੰ ਦੂਰ ਕਰਨ ਜਾਂ ਪਰਿਵਾਰ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਰਤੇ ਜਾਂਦੇ ਹਨ (ਕੌਰ, 2020)। ਪਰਵਾਸ ਉਹਨਾਂ ਪਰਿਵਾਰਾਂ ਲਈ ਸੁਖਾਵਾਂ ਹੁੰਦਾ ਹੈ ਜਿਹਨਾਂ ਦੇ ਪਰਵਾਸੀ ਮੈਂਬਰ ਵਿਦੇਸਾਂ ਵਿੱਚ ਕੰਮ ਕਰ ਕੇ ਇਕੱਠੇ ਕੀਤੇ ਧਨ ਵਿੱਚੋਂ ਕੁੱਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ। ਇਸ ਵਿੱਚ ਮੂਲ ਦੇਸ ਵਿੱਚ ਪਰਵਾਸੀਆਂ ਦੁਆਰਾ ਕੀਤੇ ਗਏ ਨਿਵੇਸ਼, ਜਮ੍ਹਾਂ ਰਾਸ਼ੀ, ਅਤੇ ਦਾਨ ਵੀ ਸ਼ਾਮਲ ਹੋ ਸਕਦੇ ਹਨ (ਓ. ਐੱਸ. ਸੀ. ਈ., ਆਈ. ਓ. ਐੱਮ., ਆਈ. ਐੱਲ. ਓ., 2006)।

ਸਾਰਨੀ 10 ਦਰਸਾਉਂਦੀ ਹੈ ਕਿ ਪਰਵਾਸੀਆਂ ਵਿੱਚੋਂ ਸਿਰਫ਼ ਦੋ-ਤਿਹਾਈ (63.52 ਪ੍ਰਤਿਸ਼ਤ) ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ ਹਨ, ਜਦੋਂ ਕਿ ਇਕ-ਤਿਹਾਈ ਪਰਵਾਸੀਆਂ (36.48 ਪ੍ਰਤਿਸ਼ਤ) ਨੇ ਆਪਣੇ ਪਰਿਵਾਰਾਂ ਨੂੰ ਕੋਈ ਰਕਮ ਨਹੀਂ ਭੇਜੀ।

ਇਹ ਸਾਰਨੀ ਅੱਗੇ ਇਹ ਦਰਸਾਉਂਦੀ ਹੈ ਕਿ ਕੁੱਲ ਪਰਵਾਸੀਆਂ ਵਿੱਚੋਂ, ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜੇ ਹਨ, ਤਿੰਨ-ਚੌਥਾਈ ਤੋਂ ਵੱਧ (77.42 ਪ੍ਰਤਿਸ਼ਤ) ਪਰਵਾਸੀਆਂ ਨੇ 6 ਲੱਖ ਰੁਪਏ ਤੋਂ ਘੱਟ ਦੀ ਰਕਮ ਭੇਜੀ ਹੈ। ਪਰਵਾਸੀਆਂ ਵਿੱਚੋਂ ਸਿਰਫ਼ 14.68 ਪ੍ਰਤਿਸ਼ਤ ਨੇ 10 ਲੱਖ ਰੁਪਏ ਜਾਂ ਇਸ ਤੋਂ ਵੱਧ ਆਪਣੇ ਪਰਿਵਾਰਾਂ ਨੂੰ ਭੇਜੇ। ਇਹ ਪਰਵਾਸੀ ਮੁੱਖ ਤੌਰ ਉੱਤੇ ਉਹ ਹਨ ਜੋ ਇਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਵਿਦੇਸਾਂ ਵਿੱਚ ਪਰਵਾਸ ਕਰ ਗਏ ਸਨ ਅਤੇ ਵਿਦੇਸਾਂ ਵਿੱਚ ਚੰਗੀ ਤਰ੍ਹਾਂ ਵੱਸੇ ਹੋਏ ਹਨ।

ਸਾਰਨੀਆਂ 9 ਅਤੇ 10 ਇੱਕ ਪਰੇਸ਼ਾਨ ਕਰਨ ਵਾਲੇ ਤੱਥ ਨੂੰ ਉਜਾਗਰ ਕਰਦੀਆਂ ਹਨ ਕਿ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚੇ ਅਤੇ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿੱਚਕਾਰ ਇੱਕ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ ਉੱਤੇ ਭਾਰਤ ਅਤੇ ਪੰਜਾਬ ਤੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ।

ਸਾਰਨੀ 11 ਦੇ ਅੰਕੜੇ ਦਰਸਾਉਂਦੇ ਹਨ ਕਿ ਪਰਵਾਸੀਆਂ ਦੇ ਬਹੁਤੇ ਪਰਿਵਾਰਾਂ (51.22 ਪ੍ਰਤਿਸ਼ਤ) ਨੇ ਆਪਣੀਆਂ ਪਰਿਵਾਰਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਹਨਾਂ ਦੁਆਰਾ ਭੇਜੇ ਪੈਸਿਆਂ ਦੀ ਵਰਤੋਂ ਕੀਤੀ। ਇਸ ਤੋਂ ਬਾਅਦ ਕਰਜ਼ੇ ਦੀ ਅਦਾਇਗੀ (39.42 ਪ੍ਰਤਿਸ਼ਤ), ਮਕਾਨ ਬਣਾਉਣ ਜਾਂ ਮੁਰੰਮਤ (31.64 ਪ੍ਰਤਿਸ਼ਤ), ਸਮਾਜਿਕ-ਧਾਰਮਿਕ ਰਸਮਾਂ ਨਿਭਾਉਣ (13.13 ਪ੍ਰਤਿਸ਼ਤ) ਅਤੇ ਡਾਕਟਰੀ ਖ਼ਰਚੇ (11.51 ਪ੍ਰਤਿਸ਼ਤ) ਦਾ ਭੁਗਤਾਨ ਕਰਨ ਲਈ ਭੇਜੇ ਪੈਸਿਆਂ ਦੀ ਵਰਤੋਂ ਕੀਤੀ। ਇਸ ਤੋਂ ਇਲਾਵਾ, ਬੱਚਿਆਂ ਦੀ ਸਿੱਖਿਆ (4.20 ਪ੍ਰਤਿਸ਼ਤ), ਵਾਹਨਾਂ ਦੀ ਖ਼ਰੀਦ (3.55 ਪ੍ਰਤਿਸ਼ਤ), ਖੇਤੀਬਾੜੀ ਜ਼ਮੀਨ ਦੀ ਖ਼ਰੀਦ ਜਾਂ ਸਾਂਭ-ਸੰਭਾਲ (2.87 ਪ੍ਰਤਿਸ਼ਤ), ਹੋਰ ਮੈਂਬਰਾਂ ਦੇ ਪਰਵਾਸ (1.54 ਪ੍ਰਤਿਸ਼ਤ), ਕਾਰੋਬਾਰ ਸ਼ੁਰੂ ਕਰਨ/ਵਧਾਉਣ (0.79 ਪ੍ਰਤਿਸ਼ਤ) ਅਤੇ ਮੁਕੱਦਮੇਬਾਜ਼ੀ (0.14 ਪ੍ਰਤਿਸ਼ਤ) ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜੇ ਪੈਸਿਆਂ ਦੀ ਵਰਤੋਂ ਕੀਤੀ ਗਈ।

ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਪੈਸੇ ਭੇਜਣ ਕਰ ਕੇ, ਦੋ-ਤਿਹਾਈ ਪਰਿਵਾਰਾਂ (65.85 ਪ੍ਰਤਿਸ਼ਤ) ਨੇ ਦੱਸਿਆ ਕਿ ਉਹ ਕਰਜ਼ੇ ਹੇਠ ਹਨ (ਸਾਰਨੀ 12)। ਕਰਜ਼ਈ ਪਰਿਵਾਰਾਂ ਵਿੱਚੋਂ 44.01 ਪ੍ਰਤਿਸ਼ਤ ਪਰਿਵਾਰਾਂ ਉੱਤੇ 10 ਲੱਖ ਰੁਪਏ ਤੱਕ ਦਾ ਕਰਜ਼ਾ ਹੈ। ਜਿਹੜੇ ਪਰਿਵਾਰਾਂ ਉੱਤੇ 10 ਤੋਂ 15 ਅਤੇ 15 ਤੋਂ 20 ਲੱਖ ਰੁਪਏ ਦਾ ਕਰਜ਼ਾ ਹੈ ਉਹਨਾਂ ਦਾ ਕ੍ਰਮਵਾਰ ਪ੍ਰਤਿਸ਼ਤ 14.71 ਅਤੇ 5.70 ਹੈ। ਇਸ ਤੋਂ ਇਲਾਵਾ, 1.43 ਪ੍ਰਤਿਸ਼ਤ ਅਜਿਹੇ ਪਰਿਵਾਰ ਹਨ ਜੋ 20 ਲੱਖ ਅਤੇ ਵੱਧ ਰੁਪਏ ਦੇ ਕਰਜ਼ੇ ਹੇਠ ਹਨ।

ਇਸ ਮੁੱਦੇ ਦਾ ਜਾਤੀ-ਆਧਾਰਿਤ ਵਿਸ਼ਲੇਸ਼ਣ ਇਹ ਉਜਾਗਰ ਕਰਦਾ ਹੈ ਕਿ ਜ਼ਿਆਦਾਤਰ ਕਰਜ਼ਈ ਪਰਿਵਾਰ (86.77 ਪ੍ਰਤਿਸ਼ਤ) ਅਨੁਸੂਚਿਤ ਜਾਤੀ ਅਤੇ ਇਸ ਤੋਂ ਬਾਅਦ ਪੱਛੜੀਆਂ ਸ਼੍ਰੇਣੀਆਂ (68.10 ਪ੍ਰਤਿਸ਼ਤ) ਅਤੇ ਮੁਕਾਬਲਤਨ ਘੱਟ ਪਰਿਵਾਰ (61.21 ਪ੍ਰਤਿਸ਼ਤ) ਜਨਰਲ ਸ਼੍ਰੇਣੀ ਨਾਲ ਸੰਬੰਧਿਤ ਹਨ।

(ਬਾਕੀ ਅਗਲੇ ਸਫੇ 'ਤੇ)

# ਪ੍ਰੈਸ ਵੈਲਫੇਅਰ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਹਰਪਾਲ ਸਿੰਘ ਭੰਗੂ ਦੀ ਅਗਵਾਈ ਹੇਠ ਵਿਸ਼ਾਲ ਸਨਮਾਨ ਸਮਾਰੋਹ ਕਰਵਾਇਆ ਗਿਆ





**ਅੰਮ੍ਰਿਤਸਰ 27 ਮਾਰਚ (ਜਸਪਾਲ ਕੁਮਾਰ ਆਜ਼ਾਦ)–** ਛੇਹਰਟਾ ਪ੍ਰੈਸ ਵੈਲਫੇਅਰ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਹਰਪਾਲ ਸਿੰਘ ਭੰਗੂ ਦੀ ਅਗਵਾਈ ਹੇਠ ਸਥਾਨਕ ਅਰੋੜਾ ਪੈਲੇਸ ਛੇਹਰਟਾ ਵਿਖੇ ਵਿਸ਼ਾਲ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਅੰਮ੍ਰਿਤਸਰ ਦੇ ਸਮੂਹ ਪੱਤਰਕਾਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਸਨਮਾਨ ਸਮਾਰੋਹ ਵਿੱਚ ਪੱਤਰਕਾਰੀ ਦੇ ਬਾਬਾ ਬੋਹੜ ਜਸਬੀਰ ਸਿੰਘ ਪੱਟੀ ਦੀ ਸਮੁੱਚੀ ਟੀਮ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਅਜੀਤ ਅਖਬਾਰ ਦੇ ਜ਼ਿਲ੍ਹਾ ਇੰਚਾਰਜ ਜਸਵੰਤ ਸਿੰਘ ਜੱਸ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸ ਜਸਬੀਰ ਸਿੰਘ ਪੱਟੀ, ਛੇਹਰਟਾ ਪ੍ਰੈਸ ਵੈਲਫੇਅਰ ਸੁਸਾਇਟੀ ਤੋਂ ਜਸਵੰਤ ਸਿੰਘ ਜੱਸ। ਮਨਿੰਦਰ ਸਿੰਘ ਮਾਂਗਾ, ਮੈਡਮ ਮਮਤਾ ਦੇਵਗਨ, ਰਾਜੀਵ ਸ਼ਰਮਾ, ਹਰੀਸ਼ ਸ਼ਰਮਾ, ਵਿਕਰਾਂਤ ਸ਼ਰਮਾ ਨੂੰ ਯਾਦਗਾਰੀ ਚਿੰਨ੍ਹ ਅਤੇ ਗੁਰੂ ਸਾਹਿਬ ਦਾ ਬਖ਼ਸ਼ਿਸ਼ ਸਿਰੋਪਾਓ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਉਕਤ ਆਗੂਆਂ ਨੇ ਛੇਹਰਟਾ ਪ੍ਰੈਸ ਵੈਲਫੇਅਰ ਸੁਸਾਇਟੀ ਅਤੇ ਅੰਮ੍ਰਿਤਸਰ ਦੇ ਸਮੂਹ ਪੱਤਰਕਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪੱਤਰਕਾਰਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ ਅਤੇ ਕਿਸੇ ਵੀ, ਇੱਥੋਂ ਤੱਕ ਕਿ ਪੱਤਰਕਾਰ ਨੂੰ ਵੀ ਫੀਲਡ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਸ: ਪੱਟੀ ਨੇ ਕਿਹਾ ਕਿ ਪੱਤਰਕਾਰ ਸਮਾਜ ਦਾ ਚੌਥਾ ਥੰਮ ਹਨ ਅਤੇ ਉਹ ਲੰਮੇ ਸਮੇਂ ਤੋਂ ਆਪਣੇ ਹੱਕਾਂ ਲਈ ਸਰਕਾਰਾਂ ਨਾਲ ਲੜਦੇ ਆ ਰਹੇ ਹਨ ਅਤੇ ਲੜਦੇ ਰਹਿਣਗੇ। ਉਨ੍ਹਾਂ ਅੱਗੇ ਕਿਹਾ ਕਿ ਉਹ ਪੱਤਰਕਾਰਾਂ ਦੇ ਹੱਕਾਂ ਲਈ ਹਮੇਸ਼ਾ ਚਟਾਨ ਵਾਂਗ ਖੜ੍ਹੇ ਰਹਿਣਗੇ। ਕਿਸੇ ਵੀ ਪੱਤਰਕਾਰ ਨੂੰ ਕਿਸੇ ਵੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਮੇਰੇ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ।

ਦੇਖੋ ਇਸ ਸ਼ਾਨਦਾਰ ਸਮਾਰੋਹ 'ਚ ਵਿਆਹ ਵਰਗਾ ਮਾਹੌਲ ਨੂੰ ਮਿਲਿਆ ਅਤੇ ਇਹ ਸਨਮਾਨ ਸਮਾਰੋਹ ਆਪਣੀਆਂ ਅਮਿੱਟ ਯਾਦਾਂ ਛੱਡ ਕੇ ਜੈਕਾਰਿਆ ਦੀ ਗੂੰਜ ਨਾਲ ਸਮਾਪਤ ਹੋਇਆ। ਸਟੇਜ ਸਕੱਤਰ ਦੀ ਭੂਮਿਕਾ ਪੱਤਰਕਾਰ ਗੁਰਮੀਤ ਸੰਧੂ ਨੇ ਬਾਖੂਬੀ ਨਿਭਾਈ। ਇਸ ਮੌਕੇ ਪ੍ਰਧਾਨ ਹਰਪਾਲ ਸਿੰਘ ਭੰਗੂ, ਚੇਅਰਮੈਨ ਜਤਿੰਦਰ ਸਿੰਘ ਬੇਦੀ, ਜਰਨਲ ਸਕੱਤਰ ਸਰਵਣ ਸਿੰਘ ਰੰਧਾਵਾ ਨੇ ਆਏ ਮਹਿਮਾਨਾਂ ਅਤੇ ਪੱਤਰਕਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਿਨੇਮਾ: ਪੱਤਰਕਾਰ ਅੰਮ੍ਰਿਤਪਾਲ ਸਿੰਘ, ਰੇਸ਼ਮ ਸਿੰਘ, ਜਤਿੰਦਰ ਸਿੰਘ ਬੇਦੀ, ਸਰਵਣ ਸਿੰਘ ਰੰਧਾਵਾ, ਜਗਜੀਤ ਸਿੰਘ ਖਾਲਸਾ, ਸੁਰਿੰਦਰ ਸਿੰਘ ਵਿਰਦੀ, ਵਰਿੰਦਰ ਸਿੰਘ ਮਿੰਟੂ ਅਰੋੜਾ, ਮੈਡਮ ਸਿਮਰਨ ਰਾਜਪੂਤ, ਮੈਡਮ ਖੁਸ਼ਬੂ ਸ਼ਰਮਾ, ਡਾ: ਸਵਰਨ ਸਿੰਘ, ਦੀਪਕ, ਮੇਜਰ ਸਿੰਘ, ਸੰਦੀਪ ਸਿੰਘ ਵਿੱਕੀ, ਗੁਰਮੀਤ ਸੰਧੂ, ਸਤਬੀਰ ਸਿੰਘ ਭੀਲ, ਕ੍ਰਿਸ਼ਨ ਸਿੰਘ ਦੁਸਾਂਝ, ਸਤਬੀਰ ਸਿੰਘ ਰਾਜੂ, ਮਨਜਿੰਦਰ ਸਿੰਘ ਸੋਨੂੰ, ਗਗਨ ਜੋਬੀ, ਰਜਿੰਦਰ ਸਿੰਘ। ਸੁਖਵਿੰਦਰ ਸਿੰਘ, ਕੁਲਦੀਪ ਕੁਮਾਰ, ਗੁਰਪ੍ਰੀਤ ਸਿੰਘ, ਰਸ਼ਨੀਸ਼ ਸ਼ਰਮਾ, ਅਜ਼ਮੇਰ ਸਿੰਘ ਬਾਸਰਕੇ, ਕਸ਼ਮੀਰ ਸਿੰਘ ਗਿੱਲ, ਸੁਖਜਿੰਦਰ ਸਿੰਘ, ਗੁਰਜੰਟ ਸਿੰਘ ਅਜਨਾਲਾ, ਸੰਨੀ ਗਿੱਲ, ਦਲਜੀਤ ਸਿੰਘ, ਸੁਸ਼ੀਲ ਪਦਮ, ਅਜੈ ਸੰਗਰੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੱਤਰਕਾਰ ਹਾਜ਼ਰ ਸਨ।

# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਵੱਖ-ਵੱਖ ਪਹਿਲੂਆਂ ਦਾ ਵਿਸ਼ਲੇਸ਼ਣ

**(ਸਫਾ 29 ਦੀ ਬਾਕੀ)**

**ਸਿੱਟੇ ਅਤੇ ਨੀਤੀਗਤ ਸੁਝਾਅ**

ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਕੀਤੇ ਗਏ ਫੀਲਡ ਸਰਵੇਖਣ ਦੇ ਮਹੱਤਵਪੂਰਨ ਨਤੀਜੇ ਅਤੇ ਉਹਨਾਂ ਨਾ਼ਲ ਸੰਬੰਧਿਤ ਨੀਤੀਗਤ ਸੁਝਾਅ ਹੇਠ ਲਿਖੇ ਲਿਖੇ ਅਨੁਸਾਰ ਹਨ:

ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਕੌਮਾਂਤਰੀ ਪਰਵਾਸ ਕਰਨ ਵਾ਼ਲੇ ਲਗਭਗ 97 ਪ੍ਰਤਿਸ਼ਤ ਵਿਅਕਤੀਆਂ ਦੀ ਉਮਰ 15 ਤੋਂ 45 ਸਾਲ ਦੇ ਦਰਮਿਆਨ ਸੀ । ਇਹ ਉਮਰ ਵਰਗ ਦੇਸ ਦੇ ਵਿਕਾਸ ਲਈ ਨਵੇਂ ਵਿਚਾਰਾਂ ਵਾ਼ਲਾ ਸਭ ਤੋਂ ਵੱਧ ਜੋਸ਼ੀਲਾ ਅਤੇ ਪ੍ਰਤਿਭਾਵਾਨ ਮੰਨਿਆ ਜਾਂਦਾ ਹੈ। ਬਹੁਤੇ ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਉੱਚ-ਸਿੱਖਿਆ ਗ੍ਰਹਿਣ ਕਰਨ ਲਈ ਪਰਵਾਸ ਕਰ ਰਹੇ ਹਨ। ਇੱਥੋਂ ਤੱਕ ਕਿ ਉੱਚ-ਵਿੱਦਿਅਕ ਪੱਧਰ ਵਾ਼ਲੇ ਵਿਅਕਤੀ ਵੀ ਵਿਦੇਸਾਂ ਵਿੱਚ ਵੱਸਣ ਨੂੰ ਇੱਕ ਬਿਹਤਰ ਵਿਕਲਪ ਸਮਝਦੇ ਹਨ। ਪਰਵਾਸੀਆਂ ਦੇ 80 ਪ੍ਰਤਿਸ਼ਤ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਬੇਰੁਜ਼ਗਾਰੀ ਉਹਨਾਂ ਦੇ ਬੱਚਿਆਂ ਦੇ ਪਰਵਾਸ ਦਾ ਮੁੱਖ ਕਾਰਨ ਹੈ। ਮੌਜੂਦਾ ਖੋਜ ਅਧਿਐਨ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਪਰਵਾਸੀਆਂ ਨੇ ਆਪਣੇ ਕੌਮਾਂਤਰੀ ਪਰਵਾਸ ਲਈ ਔਸਤਨ 1295139.89 ਰੁਪਏ ਖ਼ਰਚ ਕੀਤੇ। ਇਹ ਰਕਮ ਵਿਦਿਆਰਥੀ ਵਰਗ ਦੇ ਮਾਮਲੇ ਵਿੱਚ 1857972.97 ਰੁਪਏ, ਜਦੋਂ ਕਿ ਗ਼ੈਰ-ਵਿਦਿਆਰਥੀ ਸ਼੍ਰੇਣੀ ਲਈ 658295.11 ਰੁਪਏ ਆਂਕੀ ਗਈ। ਇਸ ਤੋਂ ਇਲਾਵਾ, ਪਰਵਾਸ ਦੇ ਕੁੱਲ ਖ਼ਰਚਿਆਂ ਦਾ 40 ਪ੍ਰਤਿਸ਼ਤ ਤੋਂ ਜ਼ਿਆਦਾ ਹਿੱਸਾ ਪਰਵਾਸੀਆਂ ਦੀ ਪਰਿਵਾਰਕ ਬੱਚਤ ਤੋਂ ਆਇਆ ਹੈ। ਮੌਜੂਦਾ ਖੋਜ ਅਧਿਐਨ ਇਹ ਵੀ ਦਰਸਾਉਂਦਾ ਹੈ ਕਿ ਇੱਕ-ਤਿਹਾਈ ਤੋਂ ਵੱਧ ਪਰਵਾ-ਸੀਆਂ (36.48 ਪ੍ਰਤਿਸ਼ਤ) ਨੇ ਆਪਣੇ ਪਰਿਵਾਰਾਂ ਨੂੰ ਕੋਈ ਰਕਮ ਨਹੀਂ ਭੇਜੀ ਹੈ। ਕੁੱਲ ਪਰਵਾਸੀਆਂ ਵਿੱਚੋਂ, ਜਿਹਨਾਂ ਨੇ ਆਪਣੇ ਪਰਿਵਾਰਾਂ ਨੂੰ ਪੇਸੈ ਭੇਜੇ ਹਨ, ਤਿੰਨ-ਚੌਥਾਈ ਤੋਂ ਵੱਧ (77.42 ਪ੍ਰਤਿਸ਼ਤ) ਨੇ 6 ਲੱਖ ਰੁਪਏ ਤੋਂ ਘੱਟ ਦੀ ਰਕਮ ਭੇਜੀ ਹੈ। ਇਸ ਤਰ੍ਹਾਂ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚੇ ਅਤੇ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿੱਚਕਾਰ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ ਉੱਤੇ ਭਾਰਤ ਅਤੇ ਪੰਜਾਬ ਤੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ। ਪੇਂਡੂ ਪੰਜਾਬ ਤੋਂ ਹੋ ਰਿਹਾ ਕੌਮਾਂਤਰੀ ਪਰਵਾਸ ਵਿੱਚ ਸਿਰਫ਼ 'ਪੂੰਜੀ ਹੂੰਝਾ' (Capital Drain) ਹੀ ਨਹੀਂ, ਸਗੋਂ ਇਸ ਵਿੱਚ 'ਬੌਧਿਕ ਹੂੰਝਾ' (Brain Drain) ਅਤੇ 'ਜਨਸੰਖਿਅਕ ਲਾਭਅੰਸ਼ ਦਾ ਨੁਕਸਾਨ' (Loss of Demographic Dividend) ਵੀ ਸ਼ਾਮਿਲ ਹਨ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਹਨਾਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨੇ ਚਾਹੀਦੇ ਹਨ ਤਾਂ ਜੋ ਪੰਜਾਬੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਜਬੂਰੀਵੱਸ ਵਿਦੇਸ ਨਾ ਭੇਜਣਾ ਪਵੇ।

* ਪਰਵਾਸੀਆਂ ਦੇ 12.12 ਪ੍ਰਤਿਸ਼ਤ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿੱਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ ਚਲੇ ਗਏ। ਇਸ ਲਈ, ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸੂਬੇ ਵਿੱਚ ਨਸ਼ਿਆਂ ਦੇ ਸੰਕਟ ਨੂੰ ਕੰਟਰੋਲ ਕਰਨ ਲਈ ਸਖ਼ਤ ਕਦਮ ਚੁੱਕਣ।

* ਮੌਜੂਦਾ ਖੋਜ ਅਧਿਐਨ ਇੱਕ ਸੁਝਾਅ ਉਹਨਾਂ ਹੁਸ਼ਿਆਰ ਵਿਦਿਆਰਥੀਆਂ ਨੂੰ ਦਿੰਦਾ ਹੈ ਜੋ ਆਪਣੀ ਸੈਕੰਡਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਹੀ ਵਿਦੇਸਾਂ ਵਿੱਚ ਚਲੇ ਜਾਂਦੇ ਹਨ, ਜੇਕਰ ਉਹ ਵਿਦੇਸੀ ਯੂਨੀਵਰਸਿਟੀਆਂ ਵਿੱਚ ਆਪਣੀ ਉੱਚ ਸਿੱਖਿਆ ਦੀ ਡਿਗਰੀ ਪ੍ਰਾਪਤ ਕਰਨ ਦੇ ਚਾਹਵਾਨ ਹਨ, ਤਾਂ ਉਹਨਾਂ ਨੂੰ ਕੁਝ ਵਿਦੇਸੀ ਯੂਨੀਵਰਸਿਟੀਆਂ ਦੁਆਰਾ ਪ੍ਰਦਾਨ ਕੀਤੀ ਜਾਣ ਵਾ਼ਲੀ ਸਕਾਲਰਸ਼ਿਪ ਲਈ ਆਪਣੇ ਆਪ ਨੂੰ ਤਿਆਰ ਕਰ ਕੇ ਵਿਦੇਸ ਜਾਣਾ ਚਾਹਿਦਾ ਹੈ।

* ਲੋਕ ਵਿਦੇਸ ਜਾਣ ਲਈ ਇੰਨੇ ਉਤਸੁਕ ਹਨ ਕਿ ਉਹ ਗ਼ੈਰ-ਕਾਨੂੰਨੀ ਢੰਗ ਨਾ਼ਲ ਜਾਣ ਤੋਂ ਵੀ ਸੰਕੋਚ ਨਹੀਂ ਕਰਦੇ। ਮੌਜੂਦਾ ਖੋਜ ਅਧਿਐਨ ਅਨੁਸਾਰ 1.47 ਪ੍ਰਤਿਸ਼ਤ ਪਰਿਵਾਸੀਆਂ ਦੁਆਰਾ ਅਜਿਹੇ ਤਰੀਕੇ ਵਰਤੇ ਗਏ। ਕੁਝ ਦਲਾਲ-ਤਸਕਰ ਦੇ ਚੁੰਗਲ ਵਿੱਚ ਫਸ ਕੇ ਕੁਝ ਪੰਜਾਬੀ ਨੌਜਵਾਨ ਵਿਦੇਸਾਂ ਦੀ ਸਾਨੋ-ਸੌਕਤ ਦੇ ਪ੍ਰਭਾਵ ਹੇਠ ਗ਼ੈਰ-ਕਾਨੂੰਨੀ ਢੰਗ ਨਾ਼ਲ ਪਰਵਾਸ ਕਰ ਜਾਂਦੇ ਹਨ ਜਿਸ ਕਾਰਨ ਉਹਨਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਗ਼ੈਰ-ਕਾਨੂੰਨੀ ਪਰਵਾਸ ਦੀ ਸਮੱਸਿਆ ਦੇ ਹੱਲ ਲਈ ਨੌਜਵਾਨਾਂ ਵਿੱਚ ਪਰਵਾਸ ਦੇ ਗ਼ੈਰ-ਕਾਨੂੰਨੀ ਢੰਗਾਂ ਵਿਰੁੱਧ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਹੁਨਰ ਅਤੇ ਵਿਵਹਾਰਿਕ ਵਿੱਦਿਆ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਦੇਸ ਅਤੇ ਵਿਦੇਸਾਂ ਵਿੱਚ ਸਤਿਕਾਰਯੋਗ ਰੁਜ਼ਗਾਰ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ, ਸਰਕਾਰ ਨੂੰ ਦਲਾਲ-ਤਸਕਰ ਗਠਜੋੜ ਨੂੰ ਤੋੜਨ ਲਈ ਕਾਨੂੰਨ ਬਣਾਉਣ ਅਤੇ ਸਖ਼ਤੀ ਨਾ਼ਲ ਲਾਗੂ ਕਰਨ ਦੀ ਜ਼ਰੂਰਤ ਹੈ।

* ਮੌਜੂਦਾ ਖੋਜ ਅਧਿਐਨ ਤੋਂ ਪਤਾ ਲੱਗਿਆ ਕਿ ਵਿਦੇਸਾਂ ਵਿੱਚ ਵਧੀਆ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ 70.09 ਪ੍ਰਤਿਸ਼ਤ ਪੇਂਡੂ ਪੰਜਾਬੀਆਂ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸੂਬੇ ਅਤੇ ਦੇਸ ਵਿੱਚ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਨ ਵਿੱਚ ਕਾਫ਼ੀ ਸੁਧਾਰ ਕਰਨਾ ਚਾਹੀਦਾ ਹੈ।

**ਹਵਾਲੇ**

Behl, S. (2017). International migration and extent of remittances: A case study of rural Punjab. International Journal of Economic and Business Review, 5(3), 136-146.

Browne E. (2017). Evidence on education as a driver for migration, Retrieved from https://assets.publishing.service.gov.uk/media/598086a0ed915d022b00003c/K4D_HDR__Migration_and_Education.pdf

Chanda, R. and Ghosh, S. (2012) The Punjabi diaspora in the UK: An overview of characteristics and contributions to India. Working paper, No 380, Indian Institute of Management Bangalore. Retrieve from: https://papers.ssrn.com/sol3/papers.cfm?abstract_id=2179734

Dodani. S. and Laporte, R.E. (2005). Brain drain from developing countries: how can brain drain be converted into wisdom gain? *Journal of the Royal Society of Medicine*, 98 (11), 487-491.

Gaur, S. and Saxena, P. C. (2005). Networks perpetuating labour migration from India to Lebanon: A comparative study from the states of Punjab and Tamil Nadu. Retrieve from https://ipc2005.popconf.org/papers/52510

Government of India. (2011). *Census of India*. Director of Census Operations, Punjab. Retrieved from http://censusindia.gov.in/.

Grover, D.K., Singh, J.K., Kaur, A. and Kumar, S. (2017). State Agricultural Profile-Punjab. Agro-Economic Research Centre, Department of Economics and Sociology, Punjab Agricultural University, Ludhiana.

Gupta, R., Kaur, G., Thakur, P.A., Dadhwal, A., and Pandey, A.K. (2023). Flight from Punjab to Foreign: A case study on international migration of residents of Punjab. European Chemical Bulletin, 12(5): 575-581.

Jacobsen, K.A. and Myrvold, K. (eds.) (2011). *Sikhs in Europe*: Migration, Identities and Representations. Ashgate, U.K.,

Judge, P.S. (2012). Mapping the Social Background of Punjabi Diaspora. in Sahai, P.S.; Chand, K. and Kumar, P. (eds.). *Indian Diaspora: Migration and Development with focus on the State of Punjab*. Centre for Research in Rural and Industrial Development (CRRID), Chandigarh, 33-59.

Kapuria, S. (2018). International migration from Punjab and challenges for governance. *Panjab University: Research Journal (Arts)*, XLV (1), 1-19 Kapuria, S. and Birwal, D. (2017). International migration from Punjab: Trends and challenges. Researchpaedia, 4(1), 27-36.

Kaur, A.P. (2020). Impact of migration on gender roles: Study of left behind wives in rural Punjab. Indian Journal of Health and Well-being. 11(7-9): 407-411.

Kaur, G. and Brar, J.S. (2020). Emigration from Farm Households of Punjab: Nature, Extent and Incidence. Journal of Sikh & Punjab Studies. 27 (1/2): 95-114.

Kumar, S. and Hussain, Z. (2008). Managing International Labour Migration from India: Policies and Perspectives. ILO, Sub Regional Office for South Asia, New Delhi.

Ministry of External Affairs (2019). Annual report 2018-2019. Retrieved from http://www.mea.gov.in/Uploads/PublicationDocs/31719_MEA_AR18_19.pdf

Nanda, A.K & Veron J. (2015). Dynamics of International Out-migration from Punjab, Report on PIMS. INED, Paris and CRRID, Chandigarh, 1,38.

Organization for Security and Cooperation in Europe (OSCE), International Organization for Migration (IOM), International Labour Office (ILO). (2006). Handbook on Establishing Effective Labour Migration Policies in Countries of Origin and Destination. OSCE, IOM, ILO; Geneva

Sasikumar, S.K. and Hussain, Z. (2008), Managing International labour Migration from India: Policies and Perspectives, ILO Asia-Pacific Working Paper Series.

The Tribune (2018). Cost of foreign dreams for patients in Punjab. July 29. Retrieved from https://www.tribuneindia.com/news/punjab/cost-of-foreign-dreams-forparents-in-punjab-rs-27-000-cr/628584.html

The Tribune (2019). Unsettling migration's underbelly, March 03. Retrieved from https://www.tribuneindia.com/news/archive/features/unsettling-migrations-underbelly-737217

United Nations Office on Drugs and Crime (UNODC). (2009). *Smuggling of Migrants from India to Europe and in particular to U.K.: A Study on Punjab and Haryana*. UNODC; New Delhi. Available at

# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

## ਪੰਜਾਬ ਚੋਣਾਂ ਤੇ ਬਿਲਕੁਲ ਢੁੱਕਵੀਂ ਫ਼ਿਲਮ, ਸੱਚਾਈ ਦੇ ਪਰਦੇ ਫਾਸ਼ ਕਰਨ ਆ ਰਹੀ ਹੈ "ਤਬਾਹੀ ਰੇਲੋਦੀਡ"

ਚੰਗੀ ਚੀਜ਼ ਮਿੰਟ ਵਿੱਚ ਧੂਮ ਧਾਮ ਮਚਾ ਦਿੰਦੀ ਹੈ ਤੇ ਅਜਿਹਾ "ਤਬਾਹੀ ਰੀਲੋਡੋਡ" ਦੇ ਟ੍ਰੇਲਰ ਨਾਲ ਹੋਇਆ ਹੈ। ਪੰਜਾਬ ਦੇ ਹਲਾਤਾਂ ਨੂੰ ਬਰੀਕੀ ਨਾਲ ਪੇਸ਼ ਕਰਨ ਵਾਲੀ ਇਸ ਆ ਰਹੀ ਫਿਲਮ ਦਾ ਯੂਟਿਊਬ ਤੇ ਟ੍ਰੇਲਰ ਖੂਬ ਚਰਚਿਤ ਹੈ। ਅਜੇ ਇੱਕ ਟ੍ਰੇਲਰ ਤੇ ਓਹ ਵੀ ਗਾਣੇ ਦਾ ਆਇਆ ਕਿ ਲੋਕ ਅਪ੍ਰੈਲ ਦਾ ਪਹਿਲਾ ਹਫ਼ਤਾ ਉਡੀਕ ਰਹੇ ਨੇ ਕਿ ਕਦ ਸਾਡੇ ਸਿਸਟਮ ਦਾ ਪਰਦਾ ਫਾਸ਼ ਕਰਦੀ ਇਹ ਫਿਲਮ ਰਲੀਜ਼ ਹੋਏ ਯੂਟਿਊਬ ਤੇ ਫੇਸਬੁੱਕ ਤੇ ਕੂਮੈਂਟ ਆ ਰਹੇ ਨੇ ਪੰਜਾਬ ਲੁੱਟਿਆ ਇੰਜ ਜਾਂਦਾ ਸੀ, ਹਕੂਮਤ ਵਿਦੇਸ਼ਣ ਚਲਵਾ ਰਹੀ ਹੋਏ ਤਾਂ ਬੱਚਿਆਂ ਦੇ ਭਵਿੱਖ ਨੂੰ ਕੌਣ ਪੁੱਛੇਗਾ।ਸਾਧ ਡੇਰਿਆਂ ਤੇ ਅਯਾਸ਼ੀ ਕਰਨ, ਤੇ ਜਸਪਿੰਦਰ ਨਰੂਲਾ ਦਾ ਨਵੇਂ ਰੂਪ ਵਿਚ ਗਾਣਾ ਸਾਰਾ ਕੁਝ ਫਿਲਮ ਪ੍ਰਤੀਂ ਬੇਤਾਬੀ ਪੈਦਾ ਕਰ ਰਿਹਾ ਹੈ । "ਰਲ ਕਿ ਗੁਜਾਰੰਗੇ ਰਾਤ" ਗਾਣਾ ਤੇ ਪਾਰਟੀ ਦੇ ਦ੍ਰਿਸ਼ ਨੇ ਰਾਜਨੀਤਕ ਲੋਕਾਂ ਦੇ ਬੁਰੇ ਚਿਹਰੇ ਨੰਗੇ ਕਰਨੇ ਹਨ। ਅਪ੍ਰੈਲ ਦੇ ਪਹਿਲੇ ਹਫਤੇ ਆ ਰਹੀ ਬਲਬੀਰ ਟਾਂਡਾ ਦੀ ਇਹ ਫਿਲਮ ਇਕਬਾਲ ਢਿੱਲੋਂ ਨੇ ਬਣਾਈ ਹੈ।ਪੂਜਾ ਸ਼ਾਰਦਾ ਗਾਬਾ, ਸਵਰਨ ਸਿੰਘ, ਜਰਮਨਜੀਤ ਸਿੰਘ ਤੇ ਦਲੇਰ ਮਹਿਤਾ ਫਿਲਮ ਦੇ ਮੁੱਖ ਸਿਤਾਰੇ ਹਨ।ਫਿਲਮ ਦੇ ਗੀਤ ਖਵਾਜ਼ਾ ਪਰਵੇਜ਼ ਨੇ ਲਿਖੇ ਹਨ ਤੇ ਸੁਰਜੀਤ ਮੂਵੀਜ਼ ਇਸ ਨੂੰ ਦਰਸ਼ਕਾਂ ਤੱਕ ਪਹੁੰਚਦਾ ਕਰ ਰਹੀ ਹੈ। ਫ਼ਿਲਮ ਦੇ ਪੋਸਟਰ ਨੇ ਅਜੇ ਪੂਰੀ ਚਰਚਾ ਲੈਣੀ ਹੈ ਜਿਸ ਤੇ ਸਾਧਾਂ ਦੇ ਰੂਪ ਅੱਯਾਸ਼ ਰਾਜਨੇਤਾ ਦੇ ਰੂਪ ਤੇ ਅੱਜ ਦੇ ਯੁਵਾ ਦਾ ਰੂਪ ਦਿਖਾਇਆ ਗਿਆ ਹੈ। "ਤਬਾਹੀ ਰੀਲੋਡਡ ' ਦੀ ਆਲੋਚਕ ਵੀ ਬੇਸਬਰੀ ਨਾਲ ਉਡੀਕ ਕਰ ਰਹੇ ਨੇ ਪਰਦਾ ਓਹਨਾਂ ਦਾ ਵੀ ਫਾਸ਼ ਹੋਣਾ ਹੈ। ਹਰ ਪੰਜਾਬੀ ਨੂੰ ਬੇਸਬਰੀ ਨਾਲ ਇੰਤਜਾਰ ਇਸ ਫ਼ਿਲਮ ਦਾ ਤੇ ਅਪ੍ਰੈਲ 5 ਨੂੰ ਇਹ ਫ਼ਿਲਮ ਸ਼ਾਨ ਨਾਲ ਰਲੀਜ਼ ਹੋਏਗੀ।




## ਯਾਰ ਪੰਜਾਬੀ ਏ, ਮੇਰਾ ਪਿਆਰ ਪੰਜਾਬੀ ਏ, ਜ਼ੁਬਾਂ ਗਾਏ ਜਿਹੜੇ ਗੀਤ, ਦਿਲ ਦੇਵੇ ਸੰਗੀਤ ਓਹ ਹੋਣਹਾਰ ਪੰਜਾਬੀ ਏ- ਸੁਖਸ਼ਿੰਦਰ ਸ਼ਿੰਦਾ



ਦਿੱਗਜ ਸੰਗੀਤਕਾਰ ਹੈ ਸੁਖਸ਼ਿੰਦਰ ਸ਼ਿੰਦਾ ਤੇ ਕਮਾਲ ਦੇਖੋ ਜੰਮਪਲ ਵਿਦੇਸ਼ ਦਾ ਪਰ ਬੋਲੀ ਪੰਜਾਬੀ ਤੇ ਗਾਇਕੀ ਸੰਗੀਤਕਾਰ ਵੀ ਪੰਜਾਬੀ ਇਹ ਸੱਚੀਂ ਹੱਕਦਾਰ ਦੁਆਵਾਂ ਦਾ ਜਿਹੜਾ ਗਾਂਵਦਾ ਪੰਜਾਬੀ ਤੇ ਗੋਰੇ ਵੀ ਨਚਾ ਦਿੰਦਾ ਹੈ।ਅਨੇਕਾਂ ਹਿੱਟ ਗਾਣੇ ਓਸ ਦੇ ਸੰਗੀਤ ਵਿੱਚ ਆਏ ਨੇ ਅਮਰਿੰਦਰ ਗਿੱਲ ਤੋਂ ਮਨਜੀਤ ਪੱਪੂ ਤੱਕ ਮੰਨਦੇ ਨੇ ਕਿ ਜਿਹੜਾ ਗਾਣਾ ਸ਼ਿੰਦਾ ਬਾਈ ਦੇ ਸੰਗੀਤ ਵਿੱਚ ਆਇਆ ਓਹ ਸਦਾਬਹਾਰ ਬਣ ਗਿਆ। ਗੱਲ ਗਾਇਕੀ ਦੀ ਤਾਂ ਬੁੱਲਾਂ ਤੇ ਚੜ੍ਹੇ ਓਸ ਦੇ ਗਾਏ ਗੀਤ ਤੇ ਧਾਰਮਿਕ ਗੀਤ ਆਪਣਾ ਹੀ ਚੰਗਾ ਸਥਾਨ ਰੱਖਦੇ ਹਨ।ਸੁਖਸ਼ਿੰਦਰ ਸ਼ਿੰਦਾ ਅੱਜ ਵੀ ਗਾਇਕ ਤੇ ਸੰਗੀਤਕਾਰ ਵੱਜੋਂ ਸਰਗਰਮ ਹਨ। ਸ਼ਿੰਦਾ ਨਾਲ ਕਾਫੀ ਦੇਰ ਤੋਂ ਕੰਮ ਕਰ ਰਹੇ ਓਹਨਾਂ ਦੀ ਪੰਜਾਬ ਟੀਮ ਦੇ ਖਾਸ ਪ੍ਰਸਿੱਧ ਗੀਤਕਾਰ ਬੱਲੀ ਜੇਠੂਵਾਲ ਆਖਦੇ ਨੇ ਕਿ ਸੁੱਖ ਨਾਲ ਗਾਇਕੀ ਦਾ ਸ਼ਿੰਦਾ ਪੁੱਤ ਅਰਥਾਤ ਲਾਡਲਾ ਸੁਖਸ਼ਿੰਦਰ ਸ਼ਿੰਦਾ ਫ਼ਿਲਮੀ ਸੰਗੀਤਕਾਰ ਵੀ ਨੇ ਤੇ ਓਹਨਾਂ ਦੇ ਪ੍ਰਸੰਸਕ ਚਾਹੁੰਦੇ ਨੇ ਕਿ ਸ਼ਿੰਦਾ ਵੀ ਪੰਜਾਬੀ ਫ਼ਿਲਮਾਂ ਵਿੱਚ ਕੰਮ ਕਰੇ ਤੇ ਬਤੌਰ ਨਾਇਕ ਆ ਕਿ ਆਪਣੀ ਲੋਕਪ੍ਰਿਯਤਾ ਹੋਰ ਜਿਆਦਾ ਬਣਾਏ।ਵਿਦੇਸ਼ੀਂ ਧਰਤੀ ਪਰ ਜਿਸਮ ਵਿੱਚ ਵਾਸ ਪੰਜਾਬੀਅਤ ਦਾ, ਸੁਰ ਰਾਜਾ ਤੇ ਸੰਗੀਤ ਦਾ ਧਨੀ ਸੁਖਸ਼ਿੰਦਰ ਸ਼ਿੰਦਾ ਹੋਰ ਤਰੱਕੀ ਕਰੇ ਸ਼ੁਭ ਕਾਮਨਾਵਾਂ ਆਫ਼ਰੀਨ।

**– ਅੰਮ੍ਰਿਤ ਪਵਾਰ**

## ਹੱਥ ਨਾ ਅੱਪੜੇ ਥੂਹ ਕੌੜੀ!

ਗੱਠ-ਜੋੜ ਲਈ ਜੋਰ ਤਾਂ ਬੜਾ ਲਾਇਆ
'ਪਤੀ' ਸਾਬਕਾ ਅੜ ਗਿਆ ਅੜੀ ਉੱਤੇ।

ਮੰਨੀਂ ਗਈ ਨਾ ਕੋਈ ਮੰਗ 'ਤੱਕੜੀ' ਦੀ
ਚੁੱਪ ਕਰ ਗਈ ਕਮਲ ਦੀ ਤੜੀ ਉੱਤੇ।

'ਢਕੀ ਰਿੱਝੀ' ਸੀ ਬਾਹਰ ਨਾ ਭਾਫ ਕੱਢੀ
ਪਾਲਸ਼ 'ਕੋਰ ਕਮੇਟੀ' ਦੀ ਚੜ੍ਹੀ ਉੱਤੇ।

ਗੁੱਸੇ ਵਿੱਚ ਪੰਜਾਬ ਪਿਆ ਘੂਰਦਾ ਐ
ਰਿਪੋਰਟ 'ਝੂੰਦਾ ਕਮੇਟੀ' ਦੀ ਖੜ੍ਹੀ ਉੱਤੇ।

ਇਨ੍ਹਾਂ ਉੱਪਰ 'ਅਖਾਣ' ਜੋ ਢੁੱਕਦਾ ਐ
ਵਾਰਾਂ ਭਾਈ ਗੁਰਦਾਸ ਵਿੱਚ ਸਜਦਾ ਏ।

ਹੱਥ ਗਿੱਦੜ ਦਾ 'ਦਾਖਾਂ' ਤੱਕ ਅੱਪੜੇ ਨਾ
'ਥੂਹ ਕੌੜੀ' ਕਹਿ ਘੁਰਨੇ ਵੱਲ੍ਹ ਭੱਜਦਾ ਏ!

**–ਤਰਲੋਚਨ ਸਿੰਘ 'ਦੁਪਾਲ ਪੁਰ'**
**78146-92724**



## ਸਾਮਰਾਜਵਾਦ ਵਿਰੋਧੀ ਕਾਨਫਰੰਸਾਂ ਕਰਕੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ

**ਬਰਨਾਲਾ, (ਦਲਜੀਤ ਕੌਰ)-** ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਜ਼ਿਲ੍ਹਾ ਬਰਨਾਲਾ ਵੱਲੋਂ 23 ਮਾਰਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਹਿਲਕਲਾਂ, ਖੁੱਡੀ ਕਲਾਂ ਅਤੇ ਭਦੌੜ ਵਿਖੇ ਸਾਮਰਾਜ ਵਿਰੋਧੀ ਸ਼ਹੀਦੀ ਕਾਨਫਰੰਸਾਂ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਭਦੌੜ ਦੀ ਅਗਵਾਈ ਹੇਠ ਕਰਕੇ ਮਨਾਇਆ ਗਿਆ। ਇਨ੍ਹਾਂ ਸ਼ਹੀਦੀ ਕਾਨਫਰੰਸਾਂ ਵਿੱਚ ਸੈਂਕੜਿਆਂ ਦੀ ਤਾਦਾਦ ਵਿੱਚ ਮਰਦ-ਔਰਤਾਂ ਦੇ ਕਾਫ਼ਲਿਆਂ ਨੇ ਪੂਰੇ ਇਨਕਲਾਬੀ ਜੋਸ਼ ਨਾਲ ਭਾਗ ਲਿਆ। ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਜਨਰਲ ਸਕੱਤਰ ਸਾਹਿਬ ਸਿੰਘ ਬਡਬਰ ਨੇ ਦੱਸਿਆ ਕਿ ਸ਼ਹੀਦਾਂ ਵੱਲੋਂ ਲਾਇਆ 'ਇਨਕਲਾਬ- ਜਿੰਦਾਬਾਦ', 'ਸਾਮਰਾਜਵਾਦ- ਮੁਰਦਾਬਾਦ' ਦਾ ਨਾਹਰਾ ਅੱਜ ਵੀ ਉਸ ਸਮੇਂ ਜਿੰਨੀ ਹੀ ਮਹੱਤਤਾ ਰੱਖਦਾ ਹੈ। ਸਾਮਰਾਜ ਅਤੇ ਭਾਰਤੀ ਦਲਾਲ ਹਾਕਮ ਜਮਾਤਾਂ, ਸੰਸਾਰ ਵਪਾਰ ਸੰਸਥਾ ਅਤੇ ਹੋਰ ਸਾਮਰਾਜੀ ਸੰਸਥਾਵਾਂ ਰਾਹੀਂ ਭਾਰਤ ਦੇ ਖੇਤੀ/ਪੇਂਡੂ ਖੇਤਰ ਨੂੰ ਸਾਮਰਾਜੀ ਬਹੁ ਕੰਪਨੀਆਂ ਦੇ ਹਵਾਲੇ ਕਰਨਾ ਚਾਹੁੰਦੀਆਂ ਹਨ। ਇਸ ਮੌਕੇ ਆਪਣੇ ਸੰਬੋਧਨ ਕਰਦਿਆਂ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਬਾਬੂ ਸਿੰਘ ਖੁੱਡੀਕਲਾਂ, ਭੋਲਾ ਸਿੰਘ ਛੰਨਾਂ, ਅਮਰਜੀਤ ਕੌਰ, ਡਾ ਰਜਿੰਦਰ ਪਾਲ, ਗੁਰਮੇਲ ਸਿੰਘ ਠੁੱਲੀਵਾਲ ਨੇ ਕਿਹਾ ਕਿ ਕਿਸਾਨਾਂ-ਮਜ਼ਦੂਰਾਂ ਅਤੇ ਹੋਰ ਕਿਰਤੀ ਲੋਕਾਂ ਨੂੰ ਆਪਣੇ ਘੋਲ ਲੁਟੇਰੀਆਂ ਸਾਮਰਾਜੀ ਸੰਸਥਾਵਾਂ ਖ਼ਿਲਾਫ਼ ਸੇਧਤ ਕਰਨ ਦੀ ਲੋੜ ਹੈ।



ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਵਿਚਾਰ ਭਾਰਤ ਦੀ ਕਿਸਾਨੀ ਲਹਿਰ ਵਾਸਤੇ ਚਾਨਣ ਮੁਨਾਰਾ ਹਨ। ਮਹਿਲਕਲਾਂ ਵਿਖੇ ਕਰਵਾਈ ਗਈ ਸਾਮਰਾਜ ਵਿਰੋਧੀ ਕਾਨਫਰੰਸ ਸਮੇਂ ਆਜ਼ਾਦ ਰੰਗ ਮੰਚ (ਨਿਰਦੇਸ਼ਕ ਰਣਜੀਤ ਚੌਹਾਨ) ਵੱਲੋਂ ਇਨਕਲਾਬੀ ਨਾਟਕ ਅਤੇ ਕੋਰਿਓਗਰਾਫੀਆਂ ਪੇਸ਼ ਕੀਤੀਆਂ ਗਈਆਂ।

ਹੋਰਨਾਂ ਬੁਲਾਰਿਆਂ ਹਰਮੰਡਲ ਸਿੰਘ ਜੋਧਪੁਰ, ਰਾਮ ਸਿੰਘ ਸ਼ਹਿਣਾ, ਕਾਲਾ ਸਿੰਘ ਜੈਦ, ਅਮਰਜੀਤ ਸਿੰਘ ਠੁੱਲੀਵਾਲ, ਰਾਣਾ ਸਿੰਘ ਉੱਪਲੀ, ਸਤਨਾਮ ਸਿੰਘ ਮੂੰਮ, ਕੁਲਵੰਤ ਸਿੰਘ ਹੰਢਿਆਇਆ, ਜਗਮੀਤ ਸਿੰਘ, ਸੁਖਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਦਾ ਮਕਸਦ ਉਨ੍ਹਾਂ ਦੀ ਵਿਗਿਆਨਕ ਵਿਚਾਰਧਾਰਾ ਨੂੰ ਲੋਕ ਮਨਾਂ ਦਾ ਹਿੱਸਾ ਬਨਾਉਣਾ ਹੈ। ਵੱਖ ਵੱਖ ਥਾਵਾਂ 'ਤੇ ਹੋਈਆਂ ਸ਼ਹੀਦੀ ਕਾਨਫ਼ਰੰਸਾਂ ਵਿੱਚ ਜੱਗਾ ਸਿੰਘ ਮਹਿਲਕਲਾਂ, ਅਮਨਦੀਪ ਸਿੰਘ ਟਿੰਕੂ, ਜਰਨੈਲ ਸਿੰਘ ਖੁੱਡੀ ਕਲਾਂ, ਚਮਕੌਰ ਸਿੰਘ ਮਹਿਲਕਲਾਂ, ਧੀਰਜ ਸਿੰਘ ਭਦੌੜ, ਅਮਨਦੀਪ ਸਿੰਘ ਮਹਿਲਕਲਾਂ, ਭਿੰਦਰ ਸਿੰਘ ਮੂੰਮ, ਬੇਅੰਤ ਕੌਰ, ਹਰਬੰਸ ਕੌਰ, ਅਮਰਜੀਤ ਕੌਰ, ਬੰਤ ਕੌਰ, ਸਵਰਨਜੀਤ ਕੌਰ, ਸਤਨਾਮ ਸਿੰਘ ਬਰਨਾਲਾ, ਬਲਵੰਤ ਸਿੰਘ ਠੀਕਰੀਵਾਲਾ, ਜਸਵੰਤ ਸਿੰਘ ਹੰਡਿਆਇਆ, ਜਨਕ ਸਿੰਘ ਉੱਪਲੀ, ਮਨਜੀਤ ਕੌਰ ਖੁੱਡੀ ਕਲਾਂ, ਬਲਦੇਵ ਕੌਰ ਖੁੱਡੀ ਕਲਾਂ, ਨਿਆਮਤ ਕੌਰ ਖੁੱਡੀ ਕਲਾਂ, ਅਜੈਬ ਕੌਰ ਖੁੱਡੀ ਕਲਾਂ, ਮਲਕੀਤ ਕੌਰ ਖੁੱਡੀ ਕਲਾਂ, ਗੁਰਮੇਲ ਕੌਰ, ਬੇਅੰਤ ਕੌਰ, ਮਲਕੀਤ ਸਿੰਘ ਬੱਲੋਕੇ, ਸੁਖਚੈਨ ਸਿੰਘ ਜੰਗੀਆਣਾ, ਗੁਰਮੀਤ ਸਿੰਘ ਚੀਮਾ, ਦਲਜੀਤ ਸਿੰਘ ਗਿੱਲ ਕੋਠੇ, ਭੈਣ ਮਨਜੀਤ ਕੌਰ ਸੰਧੂ ਕਲਾਂ, ਕੁਲਵਿੰਦਰ ਕੌਰ,ਮਲਕੀਤ ਕੌਰ, ਚਰਨਜੀਤ ਕੌਰ ਸੰਧੂ ਕਲਾਂ, ਇੰਦਰਜੀਤ ਸਿੰਘ ਸੰਧੂ ਕਲਾਂ, ਹਰਦੀਪ ਸਿੰਘ ਠੀਕਰੀਵਾਲਾ, ਅਮਨ ਸਿੰਘ ਠੀਕਰੀਵਾਲਾ ਆਦਿ ਆਗੂ ਵੀ ਹਾਜ਼ਰ ਸਨ।

***

## ਦਲਵਿੰਦਰ ਦਿਆਲਪੁਰੀ ਨੂੰ ਉਸਤਾਦ ਸੁਰਿੰਦਰ ਛਿੰਦਾ ਐਵਾਰਡ ਨਾਲ ਸਨਮਾਨਿਤ ਕੀਤਾ



**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)-** ਸਰਬ ਕਲਾਂ ਮੰਚ ਫਿਲੌਰ ਵਲੋ ਕਰਤਾਰ ਪੈਲੇਸ ਨਕੋਦਰ ਵਿਖੇ ਗਿੱਧਾ, ਲੁੱਡੀ, ਭੰਗੜਾ, ਲੋਕਗੀਤ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਬਹੁਤ ਸਾਰੀਆਂ ਟੀਮਾਂ ਨੇ ਭਾਗ ਲਿਆ। ਅਤੇ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਮੌਕੇ ਪ੍ਰਸਿੱਧ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੂੰ ਉਸਤਾਦ ਸੁਰਿੰਦਰ ਛਿੰਦਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਰਾਜਵੀਰ ਮੱਲੀ, ਕਰਮਪਾਲ ਸਿੰਘ ਢਿੱਲੋਂ, ਹਰੀਸ਼ ਕੁਮਾਰ, ਥਾਣਾ ਮੁਖੀ ਪੂਰਨ ਸਿੰਘ, ਪ੍ਰਿੰਸੀਪਲ ਪ੍ਰਬਲ ਜੋਸ਼ੀ, ਰਣਜੀਤ ਮਣੀ, ਹਰਦੇਵ ਮਾਹੀਨੰਗਲ, ਰਮੇਸ਼ ਨੂੰਸੀਵਾਲ, ਭਿੰਦਰ ਡੱਬਵਾਲੀ, ਸੂਰਜ ਹੁਸੈਨ ਪੁਰੀ, ਗੁਰਮੁਖ ਭੱਲਾ, ਕਰਮਜੀਤ ਕਾਕੂ ਆਦਿ ਪਤਵੰਤੇ ਸੱਜਣ ਹਾਜਰ ਸਨ।

## ਲੇਖਕ ਜਗਦੀਸ਼ ਪਾਪੜਾ ਦੀ ਕਿਤਾਬ "ਸੁਪਨਿਆਂ ਦੀ ਸੈਰ" ਅਤੇ ਰਣਜੀਤ ਲਹਿਰਾ ਦੀ ਕਿਤਾਬ "ਜੈਤੋ ਦਾ ਇਤਿਹਾਸਕ ਮੋਰਚਾ" ਲੋਕ ਅਰਪਣ

### 23 ਮਾਰਚ ਦੇ ਦਿਹਾੜੇ 'ਤੇ ਬੀਬੀ ਮਨਜੀਤ ਕੌਰ ਔਲਖ ਨੇ ਰੀਲੀਜ਼ ਕੀਤੀਆਂ ਕਿਤਾਬਾਂ

**ਲਹਿਰਾਗਾਗਾ, (ਦਲਜੀਤ ਕੌਰ)** ਪ੍ਰਸਿੱਧ ਨਾਟਕਕਾਰ ਪ੍ਰੋ: ਅਜਮੇਰ ਔਲਖ ਦੀ ਜੀਵਨ ਸਾਥੀ ਅਤੇ ਪੰਜਾਬੀ ਰੰਗਮੰਚ ਤੇ ਸਿਨੇਮਾ ਦੀ ਮਾਣਮੱਤੀ ਅਦਾਕਾਰਾ ਮਨਜੀਤ ਕੌਰ ਔਲਖ ਨੇ ਲੋਕ ਚੇਤਨਾ ਮੰਚ ਦੇ ਆਗੂ ਜਗਦੀਸ਼ ਪਾਪੜਾ ਦੀ ਪੁਸਤਕ "ਸੁਪਨਿਆਂ ਦੀ ਸੈਰ" ਅਤੇ ਰਣਜੀਤ ਲਹਿਰਾ ਦੀ ਪੁਸਤਕ "ਜੈਤੋ ਦਾ ਇਤਿਹਾਸਕ ਮੋਰਚਾ" ਲੋਕ ਅਰਪਨ ਕੀਤੀਆਂ।

ਜਗਦੀਸ਼ ਪਾਪੜਾ ਦੀ ਪੁਸਤਕ "ਸੁਪਨਿਆਂ ਦੀ ਸੈਰ" ਲੇਖਕ ਦੇ ਦੋ ਸਫ਼ਰਨਾਮਿਆਂ ਦੀ ਇੱਕ ਰੌਚਕ ਤੇ ਜਾਣਕਾਰੀ ਭਰਪੂਰ ਪੁਸਤਕ ਹੈ। ਇਹ ਸਿਰਫ਼ ਸਫ਼ਰਨਾਮਾ ਨਹੀਂ ਸਗੋਂ ਸੰਸਾਰੀਕਰਨ ਵਿਰੋਧੀ ਕਿਸਾਨਾਂ ਦੇ ਅੰਤਰ-ਮਹਾਂਦੀਪੀ ਕਾਰਵਾਂ ਦੀ ਰਿਪੋਰਟਿੰਗ ਵੀ ਹੈ। ਇਹ ਕਾਰਵਾਂ ਵੱਖ-ਵੱਖ ਦੇਸ਼ਾਂ ਦੇ ਕਿਸਾਨ ਸੰਗਠਨਾਂ ਵੱਲੋਂ ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਖਿਲਾਫ਼ ਕਿਸਾਨਾਂ-ਮਜ਼ਦੂਰਾਂ ਨੂੰ ਜਾਗਰੂਕ ਕਰਨ ਲਈ ਯੂਰਪ ਦੇ ਡੇਢ ਦਰਜ਼ਨ ਤੋਂ ਵੱਧ ਮੁਲਕਾਂ ਵਿੱਚ ਕੱਢਿਆ ਗਿਆ ਸੀ। ਦੂਜਾ ਸਫ਼ਰਨਾਮਾ "ਕੈਨੇਡਾ ਵਾਇਆ ਤੁਰਕੀ" ਤੁਰਕੀ ਦੇ ਪ੍ਰਸਿੱਧ ਸ਼ਹਿਰ ਇੰਸਤਾਬੁਲ ਦੀ ਇਤਿਹਾਸਕ, ਭੂਗੋਲਿਕ, ਰਾਜਸੀ ਤੇ ਧਾਰਮਿਕ ਮਹੱਤਤਾ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਪੁਸਤਕ ਆਟਮ ਪ੍ਰਕਾਸ਼ਨ, ਪਟਿਆਲਾ ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ।

ਰਣਜੀਤ ਲਹਿਰਾ ਦੀ ਪੁਸਤਕ "ਜੈਤੋ ਦਾ ਇਤਿਹਾਸਕ ਮੋਰਚਾ" ਇੱਕ ਹੋਰ ਵਿਚਾਰ ਉਤੇਜਕ ਪੁਸਤਕ ਹੈ ਜਿਹੜੀ ਸੌ ਸਾਲ ਪਹਿਲਾਂ ਅੰਗਰੇਜ਼ੀ ਹਕੂਮਤ ਖਿਲਾਫ਼ ਲੱਗੇ ਜੈਤੋ ਦੇ ਮੋਰਚੇ ਦੀ ਇਤਿਹਾਸਕ ਵਿਰਾਸਤ ਨੂੰ ਬੁਲੰਦ ਕਰਦੀ ਹੈ ਅਤੇ ਢਾਈ ਸਾਲ ਤੋਂ ਵੱਧ ਲੰਮੇ ਚੱਲੇ ਸ਼ਾਂਤਮਈ ਮੋਰਚੇ ਵਿੱਚ ਅੰਗਰੇਜ਼ੀ ਹਕੂਮਤ ਦਾ ਬੇਰਹਿਮ ਜਬਰ ਸਹਿੰਦੇ ਹੋਏ ਕੀਤੀਆਂ ਬੇਮਿਸਾਲ ਕੁਰਬਾਨੀਆਂ ਦੀ ਅਦੁੱਤੀ ਗਾਥਾ ਨੂੰ ਬਿਆਨ ਕਰਦੀ ਹੈ। ਪੁਸਤਕ ਜੈਤੋ ਦੇ ਮੋਰਚੇ ਸਮੇਤ ਕਈ ਹੋਰਨਾਂ ਮੋਰਚਿਆਂ ਦੀ ਇੱਕ ਗੁੰਮਨਾਮ ਵੀਰਾਂਗਣਾ ਮਾਤਾ ਸੋਧਾਂ ਦੇ ਜੁਝਾਰੂ ਜੀਵਨ 'ਤੇ ਝਾਤ ਪਵਾਉਂਦੀ ਹੈ। ਇਹ ਪੁਸਤਕ ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ।




ਇਸ ਮੌਕੇ ਮੰਚ ਦੀ ਸਮੁੱਚੀ ਆਗੂ ਟੀਮ ਅਤੇ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਦੋਵਾਂ ਲੇਖਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਲੋਕ ਚੇਤਨਾ ਮੰਚ, ਲਹਿਰਾਗਾਗਾ ਨੂੰ ਮਾਣ ਹੈ ਕਿ ਉਸਦੇ ਦੋ ਮੈਂਬਰਾਂ ਨੇ ਪੁਸਤਕਾਂ ਲਿਖ ਕੇ ਮੰਚ ਦਾ ਨਾਮ ਉਚਾ ਕੀਤਾ ਹੈ ਅਤੇ ਪੰਜਾਬੀ ਸਾਹਿਤ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ।


NSB
Insurance
NIRMAL SINGH
BADHAN
for Insurance Call:
NIRMAL SINGH BADHAN
707-228-2020
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928


RE/MAX
RE/MAX®
Gold
Each Office
Independently
Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138